ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

12-18 ਜੁਲਾਈ 2023

ਸਾਲ 14ਵਾਂ - ਅੰਕ 29
email : info@sadelok.com

Ph. : 510-706-1300
Fax : 925-373-1300

## ਪੰਜਾਬ ਲਈ ਰਾਹਤ ਵਾਲੀ ਖਬਰ

### ਪਾਕਿਸਤਾਨ ਨੇ ਪੰਜਾਬ ਤੇ ਪੰਜਾਬੀਆਂ ਦੀ ਮਦਦ ਲਈ ਪਾਕਿਸਤਾਨ ਨੇ ਸੁਲੇਮਾਨ ਹੈੱਡ ਵਰਕਸ ਤੋਂ 10 ਫਲੱਡ ਗੇਟ ਖੋਲ੍ਹੇ



(ਦੇਖੋ ਸਫ਼ਾ 32 'ਤੇ)

# ਪੰਜਾਬ ਸਮੇਤ ਉੱਤਰੀ ਭਾਰਤ 'ਚ ਤਬਾਹੀ ਦਾ ਮੰਜ਼ਰ

- ਐੱਨਡੀਆਰਐੱਫ, ਫੌਜ, ਪੁਲਿਸ ਅਤੇ ਪ੍ਰਸ਼ਾਸਨ ਦੇ ਨਾਲ ਲੋਕ ਨੁਮਾਇੰਦੇ ਰਾਹਤ ਕਾਰਜਾਂ 'ਚ ਜੁਟੇ
- ਕੁਦਰਤੀ ਆਫ਼ਤ ਅੱਗੇ ਬੇਵੱਸ ਹੋਏ ਲੋਕ; ਕਈ ਜ਼ਿਲ੍ਹਿਆਂ 'ਚ ਹਾਲਾਤ ਕਾਬੂ ਤੋਂ ਬਾਹਰ
- ਪੰਜਾਬ 'ਚ ਹੜ੍ਹਾਂ ਕਾਰਨ ਹੁਣ ਤੱਕ 11 ਮੌਤਾਂ



ਚੰਡੀਗੜ੍ਹ : ਪੰਜਾਬ 'ਚ ਪੈ ਰਹੇ ਮੀਂਹ ਕਾਰਨ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ ਅਤੇ ਕਰੀਬ ਅੱਧੇ ਪੰਜਾਬ 'ਚ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਗਏ ਹਨ। ਤੇਜ਼ ਮੀਂਹ ਅਤੇ ਪਾਣੀ ਦੇ ਵਹਾਅ ਨੇ ਛੇ ਜਾਨਾਂ ਲੈ ਲਈਆਂ ਹਨ ਅਤੇ ਦਰਜਨਾਂ ਪਸ਼ੂ ਵੀ ਲਪੇਟ ਵਿਚ ਆ ਗਏ ਹਨ। ਘੱਗਰ ਅਤੇ ਸਤਲੁਜ ਦਰਿਆਵਾਂ ਤੋਂ ਇਲਾਵਾ ਸਰਹਿੰਦ ਨਹਿਰ 'ਚ ਪਾਣੀ ਦਾ ਪੱਧਰ ਇਕਦਮ ਵਧਣ ਕਾਰਨ ਕਈ ਜ਼ਿਲ੍ਹਿਆਂ ਵਿਚ ਹਾਲਾਤ ਬੇਕਾਬੂ ਹੋ ਗਏ ਹਨ। ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ਵਿਚ ਡੁੱਬ ਗਿਆ ਹੈ। ਮੌਸਮ ਵਿਭਾਗ ਨੇ ਪਟਿਆਲਾ, ਰੋਪੜ, ਮੁਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਵੇਰਵਿਆਂ ਅਨੁਸਾਰ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਕਰੀਬ 100 ਤੋਂ ਜ਼ਿਆਦਾ ਪਿੰਡ ਖ਼ਾਲੀ ਕਰਵਾਏ ਜਾ ਰਹੇ ਹਨ। ਕੌਮੀ ਆਫ਼ਤ ਪ੍ਰਬੰਧਨ ਬਲ ਦੀਆਂ 14 ਟੀਮਾਂ

(ਦੇਖੋ ਸਫ਼ਾ 22-27 'ਤੇ)

## ਕਮਿਉਨਟੀ ਦੇ ਨੌਜਵਾਨ ਨਿਸ਼ਕਾਮ ਸੇਵਕ, ਇੰਜੀਨੀਅਰ ਟਰੇਸੀ ਕੈਲੀਫੋਰਨੀਆ ਦੇ ਦੋ ਸਕੇ ਭਰਾਵਾਂ ਵਰਗੇ ਭਿਆਨਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਏ



ਟਰੇਸੀ/ਕੈਲੀਫੋਰਨੀਆਂ : ਕੈਲੀਫੋਰਨੀਆਂ ਕਮਿਉਨਟੀ ਦੇ ਨੌਜਵਾਨ ਨਿਸ਼ਕਾਮ ਸੇਵਕ ਟਰੇਸੀ ਕੈਲੀਫੋਰਨੀਆ ਦੇ ਦੋ ਸਕੇ ਭਰਾਵਾਂ ਵਰਗੇ ਦੋਸਤ ਭਿਆਨਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਏ। ਇਸ ਮੰਦਭਾਗੀ ਖ਼ਬਰ ਨੇ ਪੰਜਾਬੀ ਭਾਈਚਾਰੇ ਨੂੰ ਗਹਿਰੇ ਸਦਮੇ ਵਿੱਚ ਪਾ ਦਿੱਤਾ ਹੈ। ਸ਼ੁੱਕਰਵਾਰ ਰਾਤੀ 9.45 ਵਜੇ ਟਰੇਸੀ ਦੇ ਮਕਾਰਥਰ ਬੁਲੇਵਾਰਡ ਅਤੇ ਗਰੈਂਟ ਲਈਨ ਰੋਡ ਤੇ ਤੇਜ਼ ਰਫ਼ਤਾਰ ਟੈਸਲਾ ਕਾਰ ਫਾਇਰ ਹਾਈਡਰਿੰਟ ਨਾਲ ਟਕਰਾ ਗਈ, ਬਾਅਦ ਵਿੱਚ ਦਰਖ਼ਤ ਨਾਲ ਜਾ ਵੱਜੀ 'ਤੇ ਕਾਰ ਨੂੰ ਅੱਗ ਲੱਗ ਗਈ। ਮਿੰਟਾ ਸਕਿੰਟਾਂ ਵਿੱਚ ਕਾਰ ਅੱਗ ਦੀਆਂ ਲਪਟਾਂ ਵਿੱਚ ਆ ਗਈ ਅਤੇ ਕਾਰ ਵਿੱਚ ਸਵਾਰ ਦੋ ਭਾਰਤੀ ਨੌਜਵਾਨ ਅਰਵਿੰਦ ਰਾਮ (37) (ਮਹਾਰਾਸ਼ਟਰ) ਅਤੇ ਅਮਰੀਕ ਸਿੰਘ ਵਾਂਦਰ (34) ਪਿੰਡ ਵਾਂਦਰ (ਕੋਟਕਪੂਰਾ) ਪੰਜਾਬ, ਮੱਚਦੀ ਕਾਰ ਵਿੱਚ ਜਿਉਂਦੇ ਝੁਲਸਕੇ ਮੌਤ ਦੇ ਮੂੰਹ ਜਾ ਪਏ। ਇਨ੍ਹਾਂ ਦੀ ਕਾਰ ਦੇ ਪਿੱਛੇ ਇਹਨਾਂ ਦੇ ਹੋਰ ਦੋਸਤ ਦੂਸਰੀ ਕਾਰ ਵਿੱਚ ਆ ਰਹੇ ਸਨ, ਜਿਨ੍ਹਾਂ ਨੇ ਆਪਣੇ ਦੋਸਤਾਂ ਨੂੰ ਬਚਾਉਣ ਲਈ ਬਹੁਤ ਵਾਹ ਲਾਈ, ਪਰ ਕਾਰ ਲਾਕ ਹੋ ਗਈ ਅਤੇ ਅੱਗ ਦੀਆਂ ਲਪਟਾਂ ਕਾਰਨ ਉਹ ਵੀ ਕੁਝ ਨਹੀਂ ਕਰ ਸਕੇ ਤੇ ਦੇਖਦੇ ਹੀ ਦੇਖਦੇ ਸਭ ਕੁਝ ਖਤਮ ਹੋ ਗਿਆ। ਗੱਡੀ ਅਰਵਿੰਦ ਰਾਮ ਚਲਾ ਰਿਹਾ ਸੀ। ਮਰਨ ਵਾਲੇ ਨੌਜਵਾਨ ਕਿੱਤੇ ਦੇ ਤੌਰ 'ਤੇ ਇੰਜੀਨੀਅਰ

(ਦੇਖੋ ਸਫ਼ਾ 30-31 'ਤੇ)

# ਅਮਰੀਕਾ 'ਚ ਵੀ ਹੜ੍ਹ ਨੇ ਮਚਾਈ ਤਬਾਹੀ, ਰਾਸ਼ਟਰਪਤੀ ਨੇ ਕੀਤਾ ਐਮਰਜੈਂਸੀ ਦਾ ਐਲਾਨ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਸੂਬੇ ਵਿੱਚ ਵਿਨਾਸ਼ਕਾਰੀ ਹੜ੍ਹ ਦੇ ਮੱਦੇਨਜ਼ਰ ਵਰਮੌਂਟ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਮੰਗਲਵਾਰ ਦੇਰ ਰਾਤ ਵ੍ਹਾਈਟ ਹਾਊਸ ਨੇ ਇਕ ਬਿਆਨ ਵਿਚ ਕਿਹਾ ਕਿ ਬਾਈਡੇਨ ਨੇ ਐਤਵਾਰ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਸੰਕਟਕਾਲੀਨ ਸਥਿਤੀਆਂ ਕਾਰਨ ਉੱਤਰ-ਪੂਰਬੀ ਰਾਜ ਅਤੇ ਸਥਾਨਕ ਪ੍ਰਤੀਕਿਰਿਆ ਦੇ ਯਤਨਾਂ ਨੂੰ ਪੂਰਕ ਕਰਨ ਲਈ ਸੰਘੀ ਸਹਾਇਤਾ ਦਾ ਆਦੇਸ਼ ਦਿੱਤਾ। ਸੂਬੇ ਦੇ ਗਵਰਨਰ ਫਿਲ ਸਕਾਟ ਨੇ ਇੱਕ ਟਵੀਟ ਵਿੱਚ ਕਿਹਾ ਕਿ 'ਵਰਮੌਂਟ ਦੀ ਰਾਜਧਾਨੀ ਅਤੇ ਰਾਜ ਭਰ ਵਿੱਚ ਕਈ ਹੋਰ ਭਾਈਚਾਰੇ ਪਾਣੀ ਦੇ ਹੇਠਾਂ ਹਨ। ਵਰਮੌਂਟ ਵਿੱਚ ਅਸੀਂ ਜਿਸ ਤਬਾਹੀ ਅਤੇ ਹੜ੍ਹ ਦਾ ਸਾਹਮਣਾ ਕਰ ਰਹੇ ਹਾਂ, ਉਹ ਇਤਿਹਾਸਕ ਅਤੇ ਵਿਨਾਸ਼ਕਾਰੀ ਹੈ।' ਭਾਰੀ ਮੀਂਹ ਨੇ ਸੂਬੇ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਸੜਕਾਂ ਬੰਦ ਹੋ ਗਈਆਂ ਹਨ, ਲੋਕਾਂ ਨੂੰ ਕੱਢਣਾ ਅਤੇ ਬਚਾਅ ਕਾਰਜ ਸ਼ੁਰੂ ਹੋ ਗਏ ਹਨ। ਯੂ. ਨੈਸ਼ਨਲ ਵੈਦਰ ਸਰਵਿਸ ਅਨੁਸਾਰ 'ਇਤਿਹਾਸਕ ਦੋ ਦਿਨਾਂ ਦੇ ਮੀਂਹ ਵਾਲੇ ਤੂਫ਼ਾਨ'

(ਦੇਖੋ ਸਫ਼ਾ 27 'ਤੇ)



Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases

44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com


ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੋਲੀਟੀਕਲ ਅਸਾਈਲਮ
- ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ
- 9 Circuit ਅਪੀਲ
- ਸਿਟੀਜਨਸ਼ਿਪ
- ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750

Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919

Anthony Nwosu
Attorney at Law
510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH


VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਦੀ 'ਰਾਸ਼ਟਰੀ ਅਜ਼ਾਦੀ ਪਰੇਡ' 'ਚ ਸ਼ਾਮਲ ਸਿੱਖਸ ਆਫ ਅਮੈਰਿਕਾ ਦੇ 'ਸਿੱਖ ਫਲੋਟ' ਨੇ ਲੱਖਾਂ ਲੋਕਾਂ ਦਾ ਜਿੱਤਿਆ ਦਿਲ

## • ਸਿੱਖ ਫਲੋਟ 'ਚ ਸ਼ਾਮਿਲ ਹੋਣ ਲਈ ਵਾਸ਼ਿੰਗਟਨ, ਮੈਰੀਲੈਂਡ ਤੇ ਵਰਜ਼ੀਨੀਆਂ ਤੋਂ ਪਹੁੰਚੀਆਂ ਸਿੱਖ ਸੰਗਤਾਂ

## • ਸਿੱਖੀ ਦੀ ਪਛਾਣ ਅਤੇ ਸੰਕਲਪ ਦਾ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰ ਹੀ ਸਾਡਾ ਮਕਸਦ : ਜਸਦੀਪ ਸਿੰਘ ਜੱਸੀ





ਵਾਸ਼ਿੰਗਟਨ, (ਰਾਜ ਗੋਗਨਾ) : ਅਮੈਰਿਕਾ ਵਿਚ ਵਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਭਾਵ ਅਮਰੀਕਾ ਦੀ ਅਜ਼ਾਦੀ ਦਾ ਦਿਨ ਬਹੁਤ ਹੀ ਖੁਸ਼ੀਆਂ ਵਾਲਾ ਹੁੰਦਾ ਹੈ ਅਤੇ ਇਸ ਦਿਨ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਰਾਸ਼ਟਰੀ ਪੱਧਰ ਦੀ ਇਕ ਅਜ਼ਾਦੀ ਪਰੇਡ ਕੱਢੀ ਜਾਂਦੀ ਹੈ। ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿਚ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ। ਸਿੱਖਸ ਆਫ ਅਮੈਰਿਕਾ ਵਲੋਂ ਪਿਛਲੇ ਕਈ ਸਾਲਾਂ ਤੋਂ ਆਪਣਾ ਫਲੋਟ ਇਸ ਪਰੇਡ ਵਿਚ ਸ਼ਾਮਲ ਕੀਤਾ ਜਾਂਦਾ ਰਿਹਾ ਹੈ। ਇਸ ਸਾਲ ਵੀ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਸਿੱਖਸ ਆਫ ਅਮੈਰਿਕਾ ਨੂੰ ਅਜ਼ਾਦੀ ਦੀ ਰਾਸ਼ਟਰੀ ਪਰੇਡ ਵਿਚ ਸਿੱਖ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲੀ ਤੇ ਸਿੱਖਸ ਆਫ ਅਮੈਰਿਕਾ ਨੇ ਇਸ ਪਰੇਡ ਵਿਚ ਸਿੱਖ ਫਲੋਟ ਸ਼ਾਮਿਲ ਕਰ ਕੇ ਸਭ ਭਾਈਚਾਰਿਆਂ ਦੇ ਲੱਖਾਂ ਲੋਕਾਂ ਦਾ ਦਿਲ ਜਿੱਤ ਲਿਆ। ਅਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ ਸੀ। ਫਲੋਟ ਦੇ ਅੱਗੇ ਅੱਗੇ ਭੰਗੜਾ ਟੀਮ ਸੱਭਿਆਚਾਰਕ ਰੰਗ ਪੇਸ਼ ਕਰ ਰਹੀ ਸੀ। ਇਕ ਅੰਦਾਜ਼ੇ ਮੁਤਾਬਿਕ ਸੜਕ ਦੇ ਦੋਵੇਂ ਪਾਸੇ ਬੈਠੇ ਇਕ ਲੱਖ ਤੋਂ ਵੱਧ ਨੇ ਨੇੜਿਓਂ ਅਤੇ ਟੈਲੀਵੀਜ਼ਨ 'ਤੇ ਕਈ ਮਿਲੀਅਨ ਲੋਕਾਂ ਨੇ ਸਿੱਖ ਫਲੋਟ ਨੂੰ ਦੇਖਿਆ। ਚੇਅਰਮੈਨ ਸ੍ਰ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ ਅਮੈਰਿਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ 'ਚ ਫੌਜ, ਪੁਲਿਸ, ਅਕਾਦਮਿਕ, ਆਰਥਿਕ ਖੇਤਰ, ਬਿਜ਼ਨਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਸਿੱਖ ਫਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮੈਰਿਕਨ ਫਲੈਗ ਦੀ ਟਾਈ ਪਹਿਨੇ ਮਰਦ ਅਤੇ ਅਮੈਰਿਕਨ ਝੰਡੇ ਦੇ ਸਕਾਰਫ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫਲੋਟ ਵਿਚ ਸਿੱਖਸ ਆਫ ਅਮੈਰਿਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਦੇ ਚੇਅਰਮੈਨ ਚਰਨਜੀਤ ਸਿੰਘ ਸਰਪੰਚ, ਦਿਲਵੀਰ ਸਿੰਘ, ਸਾਜਿਦ ਤਰਾਰ, ਵਰਿੰਦਰ ਸਿੰਘ, ਸੁਖਪਾਲ



ਧਨੋਆ, ਸਰਬਜੀਤ ਸਿੰਘ ਬਖਸ਼ੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਮਾਸਟਰ ਧਰਮਪਾਲ ਸਿੰਘ, ਜਸਵਿੰਦਰ ਸਿੰਘ ਰੌਇਲ ਤਾਜ, ਜੋਗਿੰਦਰ ਸਿੰਘ ਸਮਰਾ, ਜਰਨੈਲ ਸਿੰਘ ਟੀਟੂ, ਸੁਖਵਿੰਦਰ ਸਿੰਘ ਘੋਗਾ, ਜਸਵੰਤ ਸਿੰਘ ਜੱਸੀ, ਸੁਰਮੁਖ ਸਿੰਘ ਮਣਕੂ, ਬੀਬੀ ਅਮਨ ਸ਼ੇਰਗਿੱਲ ਵਿਸ਼ੇਸ਼, ਪ੍ਰਭਜੋਤ ਬਤਰਾ, ਰਤਨ ਸਿੰਘ, ਰਾਜ ਰਠੌਰ ਤੌਰ 'ਤੇ ਸ਼ਾਮਿਲ ਹੋਏ। ਸਿੱਖਸ ਆਫ਼ ਅਮੈਰਿਕਾ ਦੇ ਸੱਦੇ 'ਤੇ ਪੀ.ਜ਼ੀ. ਕਾਉਂਟੀ ਦੇ ਸਿੱਖ ਪੁਲਿਸਮੈਨ ਕੈਪਟਨ ਸੰਧੂ, ਕੈਪਟਨ ਬਾਠ ਅਤੇ ਕੈਪਟਨ ਸਿੰਘ ਵੀ ਸ਼ਾਮਿਲ ਹੋਏ। ਇਸ ਮੌਕੇ ਪਰੌਂਠਿਆਂ ਦੇ ਲੰਗਰ ਦੀ ਸੇਵਾ ਸਿੱਖਸ ਆਫ ਅਮੈਰਿਕਾ ਦੇ ਡਾਇਰੈਕਟਰ ਸਿੰਘ ਅਤੇ ਕਈ ਸਬਵੇਆਂ ਦੇ ਮਾਲਕ ਸਿੱਖਸ ਆਫ ਅਮੈਰਿਕਾ ਦੇ ਡਾਇਰੈਕਟਰ ਵਰਿੰਦਰ ਸਿੰਘ ਅਤੇ ਕਈ ਸਬਵੇਆਂ ਦੇ ਮਾਲਕ ਪਿਤਪਾਲ ਸਿੰਘ ਲੱਕੀ ਨੇ ਕੀਤੀ।

# ਅਮਰੀਕਾ ਦੀ ਰਾਜਧਾਨੀ 'ਚ ਪੜ੍ਹਾਇਆ ਜਾਵੇਗਾ ਸਿੱਖ ਧਰਮ

ਵਾਸ਼ਿੰਗਟਨ/ਡੀ.ਸੀ. : ਸਿੱਖ ਧਰਮ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ। ਇਸ ਭਾਈਚਾਰੇ ਦੇ ਨਾਗਰਿਕਾਂ ਨੇ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਡਾਕਟਰੀ ਦੇ ਖੇਤਰਾਂ ਵਿੱਚ 125 ਸਾਲਾਂ ਤੋਂ ਅਮਰੀਕੀ ਸਮਾਜ ਵਿੱਚ ਬਹੁਤ ਯੋਗਦਾਨ ਪਾਇਆ ਹੈ। ਸਿੱਖਾਂ ਲਈ ਬੜੇ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ ਕਿ ਹੁਣ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿੱਚ ਵੀ ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ, ਜਿਸ ਵਿੱਚ ਡਿਸਟ੍ਰਿਕਟ ਆਫ਼ ਕੋਲੰਬੀਆ ਸਟੇਟ ਬੋਰਡ ਆਫ਼ ਐਜੂਕੇਸ਼ਨ ਨੇ ਸਕੂਲ ਵਿੱਚ ਸਿੱਖੀ ਅਤੇ ਸਿੱਖ ਧਰਮ ਨੂੰ ਸ਼ਾਮਲ ਕਰਨ ਵਾਲੇ ਨਵੇਂ ਸਮਾਜਿਕ ਅਧਿਐਨ ਮਿਆਰਾਂ ਦੇ ਹੱਕ ਵਿੱਚ ਵੋਟਿੰਗ ਕੀਤੀ ਹੈ।



ਇਸ ਪਾਠਕ੍ਰਮ ਦੇ ਵਿਕਾਸ ਨਾਲ ਵਾਸ਼ਿੰਗਟਨ ਡੀਸੀ ਹੁਣ ਅਮਰੀਕਾ ਦੇ 17 ਰਾਜਾਂ ਵਿੱਚ ਸ਼ਾਮਲ ਹੋ ਜਾਵੇਗਾ। ਪਬਲਿਕ ਸਕੂਲਾਂ ਲਈ ਉਨ੍ਹਾਂ ਦੇ ਸਮਾਜਿਕ ਅਧਿਐਨ ਦੇ ਮਿਆਰਾਂ ਵਿੱਚ ਸਿੱਖਾਂ ਬਾਰੇ ਸਹੀ ਜਾਣਕਾਰੀ ਸ਼ਾਮਲ ਕੀਤੀ ਜਾਵੇਗੀ। ਇਸ ਨਵੇਂ ਮਾਪਦੰਡਾਂ ਨਾਲ ਸੂਬੇ ਦੇ ਲਗਭਗ 49,800 ਦੇ ਕਰੀਬ ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ। ਇਸ ਬਾਰੇ ਸਿੱਖ ਕੁਲੀਸ਼ਨ ਦੀ ਇੱਕ ਰੀਲੀਜ਼ ਵਿੱਚ ਜਾਣਕਾਰੀ ਦਿੱਤੀ ਗਈ। ਸਿੱਖਾਂ ਨੇ ਇਸ ਘੋਸ਼ਣਾ ਦਾ ਭਰਵਾਂ ਸਵਾਗਤ ਕੀਤਾ ਹੈ। ਇਸ ਸਬੰਧ ਵਿੱਚ ਸਿੱਖ ਕੁਲੀਸ਼ਨ ਐਜੂਕੇਸ਼ਨ ਡਾਇਰੈਕਟਰ ਹਰਮਨ ਸਿੰਘ ਨੇ ਕਿਹਾ ਕਿ "ਸਮੂਹਿਕ ਅਤੇ ਸਹੀ ਮਾਪਦੰਡ ਕੱਟੜਤਾ ਦਾ ਮੁਕਾਬਲਾ ਕਰਨ ਅਤੇ ਧੱਕੇਸ਼ਾਹੀ ਨੂੰ ਘਟਾਉਣ ਲਈ ਇਹ ਇੱਕ ਮਹੱਤਵਪੂਰਨ ਅਤੇ ਸ਼ਲਾਘਾਯੋਗ ਕਦਮ ਹੈ। ਇਹ ਬੇਸਲਾਈਨ ਸੱਭਿਆਚਾਰਕ ਯੋਗਤਾ ਨੂੰ ਵਧਾ ਕੇ ਅਤੇ ਅਗਿਆਨਤਾ ਨੂੰ ਘਟਾ ਕੇ ਸਾਰੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਏਗਾ।

ਉਹਨਾਂ ਕਿਹਾ ਕਿ ਯੂ.ਐੱਸ ਸਿੱਖਿਜ਼ਮ ਯੂਟਾਹ ਅਤੇ ਮਿਸੀਸਿਪੀ ਰਾਜ ਤੋਂ ਬਾਅਦ ਵਰਜੀਨੀਆ ਦੇ ਸਕੂਲ ਪਾਠਕ੍ਰਮ ਸਾਮਿਲ ਕੀਤਾ ਗਿਆ ਸੀ ਅਤੇ ਹੁਣ ਸਟੇਟ ਬੋਰਡ ਆਫ਼ ਐਜੂਕੇਸ਼ਨ ਨੇ ਸਿੱਖਿਜ਼ਮ ਦੇ ਨਵੇਂ ਹਿਸਟਰੀ ਐਂਡ ਸੋਸ਼ਲ ਸਾਇੰਸ ਸਟੈਂਡਰਡਜ਼ ਵਿੱਚ ਸਿੱਖ ਧਰਮ ਵੀ ਸ਼ਾਮਲ ਹੈ, ਜਿੰਨਾਂ ਦੇ ਹੱਕ ਵਿੱਚ ਵੋਟ ਪਾਈ ਗਈ। ਸਿੱਖ ਭਾਈਚਾਰੇ ਦੇ ਪ੍ਰਮੁੱਖ ਮੈਂਬਰ ਦਲਜੀਤ ਸਿੰਘ ਸਾਹਨੀ ਨੇ ਕਿਹਾ ਕਿ "ਇਹ ਨਵੇਂ ਮਾਪਦੰਡ ਅਮਰੀਕਾ ਦੀ ਰਾਜਧਾਨੀ ਵਿੱਚ ਵਿਦਿਆਰਥੀਆਂ ਨੂੰ ਸਿੱਖੀ ਅਤੇ ਸਿੱਖ ਅਮਰੀਕਨਾਂ ਦੇ ਤਜ਼ਰਬਿਆਂ ਬਾਰੇ ਸਿੱਖਣ ਦਾ ਮੌਕਾ ਪ੍ਰਦਾਨ ਕਰਨਗੇ। ਅਮਰੀਕੀ ਸਕੂਲਾਂ ਵਿੱਚ ਹਿੰਦੀ ਨੂੰ ਸੈਕੰਡਰੀ ਭਾਸ਼ਾ ਵਜੋਂ ਪੇਸ਼ ਕੀਤੇ ਜਾਣ ਦੀ ਵੀ ਸੰਭਾਵਨਾ ਹੈ

ਸਾਹਨੀ ਨੇ ਕਿਹਾ ਕਿ "ਸਮੂਹਿਕ ਮਾਪਦੰਡ ਇਸ ਨੂੰ ਯਕੀਨੀ ਬਣਾਉਣ ਲਈ ਅਟੁੱਟ ਹਨ। ਉਹਨਾਂ ਕਿਹਾ ਕਿ ਸਿੱਖਾਂ ਨੂੰ ਦੇਖਿਆ ਅਤੇ ਸੁਣਿਆ ਜਾਵੇ। ਸਾਹਨੀ ਨੇ ਦੱਸਿਆ ਕਿ ਸਿੱਖ ਕੁਲੀਸ਼ਨ ਨੇ ਕਿਹਾ ਹੈ ਕਿ ਇਹਨਾਂ ਯਤਨਾਂ ਦਾ ਮਤਲਬ ਹੈ ਕਿ 25 ਮਿਲੀਅਨ ਤੋਂ ਵੱਧ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਵਧੇਰੇ ਜਾਣਕਾਰੀ ਦੇ ਨਾਲ ਸੰਪੂਰਨ ਸਿੱਖਿਆ ਦਾ ਅਨੁਭਵ ਕਰਨ ਦਾ ਵੀ ਮੌਕਾ ਮਿਲੇਗਾ।"

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration

3073 W Ashlan Ave <> Fresno, CA 93722

Ph. (559) 243-9200,
Fax (559) 549-6211

or visit
www.rakhrataxservice.com
or avtar06@gmail.com

# ਅਮਰੀਕਾ ਦੇ ਵਰਮੌਂਟ ਰਾਜ ਵਿਚ ਸ਼ੱਕੀ ਚੋਰ ਨੇ ਪੁਲਿਸ ਅਫਸਰਾਂ ਵਿਚ ਮਾਰਿਆ ਟਰੱਕ, ਇਕ ਦੀ ਮੌਤ ਤੇ 2 ਜ਼ਖ਼ਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਰਮੌਂਟ ਰਾਜ ਦੇ ਸ਼ਹਿਰ ਰੂਟਲੈਂਡ ਵਿਚ ਇਕ ਪੁਲਿਸ ਅਫਸਰ ਉਸ ਵੇਲੇ ਮਾਰਿਆ ਗਿਆ ਤੇ 2 ਹੋਰ ਜਖਮੀ ਹੋ ਗਏ ਜਦੋਂ ਸ਼ੱਕੀ ਚੋਰ ਜਿਸ ਦਾ ਪੁਲਿਸ ਅਫਸਰ ਪਿੱਛਾ ਕਰ ਰਹੇ ਸਨ, ਨੇ ਆਪਣਾ ਟਰੱਕ ਕਰੂਜਰ ਬਾਈਕਾਂ 'ਤੇ ਸਵਾਰ ਪੁਲਿਸ ਅਫਸਰਾਂ ਉਪਰ ਚੜਾ ਦਿੱਤਾ। ਵਰਮੌਂਟ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਉਸ ਸਮੇ ਹੋਈ ਜਦੋਂ ਪੁਲਿਸ ਅਫਸਰ ਟੇਟ ਰੀਯੂਮ (20) ਨਾਮੀ ਸ਼ੱਕੀ ਚੋਰ ਦੇ ਟਰੱਕ ਦਾ ਪਿੱਛਾ ਕਰ ਰਹੇ ਸਨ। ਪੁਲਿਸ ਅਨੁਸਾਰ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਰੀਯੂਮ ਦਾ ਟਰੱਕ ਸੈਂਟਰ ਲਾਈਨ ਪਾਰ ਕਰਕੇ ਰੂਟਲੈਂਡ ਸਿਟੀ ਪੁਲਿਸ ਅਫਸਰਾਂ ਦੀਆਂ ਕਰੂਜਰ ਬਾਈਕਾਂ ਨਾਲ ਟਕਰਾ ਗਿਆ ਜਿਸ ਨਾਲ ਪੁਲਿਸ ਅਫਸਰ ਜੈਸੀਕਾ ਐਬੀਘੌਸਨ (19) ਦੀ ਮੌਤ ਹੋ ਗਈ ਤੇ 2 ਹੋਰ ਪੁਲਿਸ ਅਫਸਰ ਜਖਮੀ ਹੋ ਗਏ। ਜੈਸੀਕਾ ਐਬੀਘੌਸਨ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਜਖਮੀ



ਪੁਲਿਸ ਅਫਸਰਾਂ ਨੂੰ ਰੂਟਲੈਂਡ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨਾਂ ਦੀ ਹਾਲਤ ਸਥਿੱਰ ਦੱਸੀ ਜਾਂਦੀ ਹੈ। ਜਖਮੀ ਰੀਯੂਮ ਜਿਸ ਉਪਰ ਸ਼ੱਕ ਹੈ ਕਿ ਉਸ ਨੇ ਇਕ ਘਰ ਵਿਚ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਘਟਨਾ ਦੀ ਜਾਂਚ ਕਰ ਰਹੀ ਹੈ ਤੇ ਸੰਭਾਵੀ ਦੋਸ਼ ਆਇਦ ਕਰਨ ਲਈ ਰੂਟਲੈਂਡ ਕਾਊਂਟੀ ਸਟੇਟ ਦੇ ਅਟਾਰਨੀ ਜਨਰਲ ਨਾਲ ਮਿਲ ਕੇ ਕੰਮ ਕਰ ਰਹੀ ਹੈ।

# ਅਮਰੀਕਾ ਜਾਣ ਲਈ ਭਾਰਤੀਆਂ ਨੂੰ ਹੀ ਨਹੀਂ ਸਗੋਂ ਦੁਨੀਆ ਭਰ ਦੇ ਨਾਗਰਿਕਾਂ ਨੂੰ ਕਰਨਾ ਪੈ ਰਿਹਾ ਲੰਬਾ ਇੰਤਜ਼ਾਰ

ਨਿਊਯਾਰਕ : ਦੁਨੀਆ ਭਰ ਦੇ ਲੋਕਾਂ ਵਿਚ ਅਮਰੀਕਾ ਵਿਚ ਜਾਣ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਅਮਰੀਕਾ ਜਾਣ ਦੇ ਇੱਛੁਕ ਵੱਖ-ਵੱਖ ਦੇਸ਼ਾਂ ਦੇ ਲੋਕਾਂ ਲਈ ਵੀਜ਼ਾ ਇੰਟਰਵਿਊ ਲਈ ਇੰਤਜ਼ਾਰ ਵੀ ਲੰਬਾ ਹੁੰਦਾ ਜਾ ਰਿਹਾ ਹੈ। ਅਮਰੀਕਾ ਪ੍ਰਤੀ ਦੁਨੀਆ ਭਰ ਦੇ ਲੋਕਾਂ ਦੀ ਦੀਵਾਨਗੀ ਦਾ ਇਹ ਆਲਮ ਹੈ ਕਿ ਕੈਨੇਡਾ ਦੇ ਲੋਕਾਂ ਨੂੰ ਅਮਰੀਕਾ ਦਾ ਵਿਜ਼ੀਟਰ ਵੀਜ਼ਾ ਹਾਸਲ ਕਰਨ ਲਈ ਇੰਟਰਵਿਊ ਲਈ 2 ਸਾਲ ਤੱਕ ਦੀ ਉਡੀਕ ਕਰਨੀ ਪੈ ਰਹੀ ਹੈ, ਜਦਕਿ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਨੂੰ ਵੀਜ਼ਾ ਇੰਟਰਵਿਊ ਲਈ ਲਗਭਗ ਸਵਾ ਸਾਲ ਅਤੇ ਦੁਬਈ ਦੇ ਲੋਕਾਂ ਨੂੰ 13 ਮਹੀਨੇ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ।

ਮਤਲਬ ਸਾਫ਼ ਹੈ ਕਿ ਅਮਰੀਕਾ ਵਿਚ ਜਾਣ ਲਈ ਭਾਰਤੀਆਂ ਨੂੰ ਹੀ ਇੰਟਰਵਿਊ ਲਈ ਲੰਬਾ ਇੰਤਜ਼ਾਰ ਨਹੀਂ ਕਰਨਾ ਪੈ ਰਿਹਾ ਸਗੋਂ ਦੁਨੀਆ ਦੇ ਕਈ ਹੋਰ ਦੇਸ਼ ਹਨ, ਜਿਨ੍ਹਾਂ ਦੇ ਨਾਗਰਿਕਾਂ



ਲਈ ਇੰਟਰਵਿਊ ਲਈ ਇੰਤਜ਼ਾਰ ਭਾਰਤ ਤੋਂ ਵੀ ਲੰਬਾ ਹੈ ਅਤੇ ਇਸ ਦਾ ਇਕ ਮਤਲਬ ਇਹ ਵੀ ਹੈ ਕਿ ਅਮਰੀਕਾ ਕੋਲ ਥੋਕ ਦੇ ਭਾਅ ਵਿਚ ਦੁਨੀਆ ਭਰ ਤੋਂ ਆ ਰਹੀਆਂ ਵੀਜ਼ਾ ਅਰਜ਼ੀਆਂ ਨੂੰ ਪ੍ਰੋਸੈੱਸ ਕਰਨ ਤੋਂ ਇਲਾਵਾ ਇੰਟਰਵਿਊ ਲਈ ਵੀ ਸਟਾਫ ਦੀ ਕਮੀ ਹੈ, ਜਿਸ ਕਾਰਨ ਇਹ ਇੰਤਜ਼ਾਰ ਲੰਬਾ ਹੋ ਰਿਹਾ ਹੈ। ਇਸ ਨਾਲ ਅਮਰੀਕਾ ਦੇ ਸੈਰ-ਸਪਾਟਾ ਰੈਵੇਨਿਊ 'ਤੇ ਵੀ ਅਸਰ ਪੈ ਰਿਹਾ ਹੈ।

ਅਮਰੀਕਾ ਦੇ ਬਿਊਰੋ ਆਫ ਕੌਂਸਲਰ ਅਫੇਅਰ ਵਿਭਾਗ ਦੇ ਅੰਕੜਿਆਂ ਮੁਤਾਬਕ ਇਸ ਸੂਚੀ ਵਿਚ ਸਿੰਗਾਪੁਰ ਦੇ ਲੋਕਾਂ ਦਾ ਇੰਤਜ਼ਾਰ ਸਭ ਤੋਂ ਘੱਟ ਹੈ ਅਤੇ ਇਥੋਂ ਦੇ ਨਾਗਰਿਕਾਂ ਨੂੰ ਅਮਰੀਕਾ ਵੀਜ਼ਾ ਹਾਸਲ ਕਰਨ ਲਈ ਸਿਰਫ 42 ਦਿਨਾਂ ਅੰਦਰ ਅਪੁਆਇੰਟਮੈਂਟ ਮਿਲ ਰਹੀ ਹੈ, ਜਦਕਿ ਕੋਲੰਬੋ ਦੇ ਲੋਕਾਂ ਨੂੰ 55 ਦਿਨ, ਲੰਡਨ ਦੇ ਲੋਕਾਂ ਨੂੰ 100 ਦਿਨ, ਆਸਟਰੇਲੀਆ ਦੇ ਨਾਗਰਿਕਾਂ ਨੂੰ 136 ਦਿਨ, ਨਿਊਜ਼ੀਲੈਂਡ ਦੇ ਲੋਕਾਂ ਨੂੰ 140 ਦਿਨ ਅਤੇ ਬੀਜਿੰਗ (ਚੀਨ) ਦੇ ਲੋਕਾਂ ਨੂੰ 127 ਦਿਨ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ।

ਜੂਨ ਮਹੀਨੇ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਹੋਈ ਗੱਲਬਾਤ ਦੌਰਾਨ ਵੀ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਐਪਲੀਕੇਸ਼ਨ ਵਿਚ ਹੋ ਰਹੀ ਦੇਰੀ ਦਾ ਮੁੱਦਾ ਉਠਿਆ ਸੀ ਅਤੇ ਇਸ ਦੇ ਜਵਾਬ ਵਿਚ ਅਮਰੀਕਾ ਨੇ ਕਿਹਾ ਸੀ ਕਿ ਉਹ ਛੇਤੀ ਹੀ ਭਾਰਤ ਵਿਚ 2 ਹੋਰ ਦੂਤਘਰ ਖੋਲ੍ਹਣ ਜਾ ਰਿਹਾ ਹੈ। ਇਹ ਦੂਤਘਰ ਵੀਜ਼ਾ ਤੋਂ ਇਲਾਵਾ ਹੋਰਨਾਂ ਮਸਲਿਆਂ 'ਤੇ ਵੀ ਕੰਮ ਕਰਨਗੇ।

# ਭਾਰਤੀ-ਅਮਰੀਕੀ ਗੀਤਾ ਰਾਓ ਗੁਪਤਾ ਨੇ ਗਲੋਬਲ ਮਹਿਲਾ ਮੁੱਦਿਆਂ ਲਈ ਅੰਬੈਸਡਰ ਐਟ ਲਾਰਜ ਵਜੋਂ ਚੁੱਕੀ ਸਹੁੰ

ਵਾਸ਼ਿੰਗਟਨ : ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸੋਮਵਾਰ ਨੂੰ ਭਾਰਤੀ-ਅਮਰੀਕੀ ਗੀਤਾ ਰਾਓ ਗੁਪਤਾ ਨੂੰ ਵਿਦੇਸ਼ ਵਿਭਾਗ ਵਿਚ ਔਰਤਾਂ ਨਾਲ ਸਬੰਧਤ ਵਿਸ਼ਵ ਮੁੱਦਿਆਂ ਲਈ 'ਅੰਬੈਸਡਰ ਐਟ ਲਾਰਜ' ਅਹੁਦੇ ਦੀ ਸੋਮਵਾਰ ਨੂੰ ਸਹੁੰ ਚੁਕਾਈ। ਗੁਪਤਾ ਦੇ ਨਾਂ ਦੀ ਪੁਸ਼ਟੀ ਇਸ ਸਾਲ ਮਈ 'ਚ ਅਮਰੀਕੀ ਸੈਨੇਟ 'ਚ 51 ਤੋਂ 47 ਵੋਟਾਂ ਨਾਲ ਹੋਈ ਸੀ। ਗੁਪਤਾ ਦਾ ਕਹਿਣਾ ਹੈ ਕਿ ਦੁਨੀਆ ਭਰ ਵਿੱਚ ਔਰਤਾਂ ਨੂੰ ਬਹੁਤ ਸਾਰੀਆਂ ਅਸਮਾਨਤਾਵਾਂ ਅਤੇ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਉਨ੍ਹਾਂ ਨੂੰ ਆਰਥਿਕਤਾ ਵਿੱਚ ਪੂਰਾ ਯੋਗਦਾਨ ਪਾਉਣ ਤੋਂ ਰੋਕਦੀਆਂ ਹਨ।

ਆਪਣੀ ਨਾਮਜ਼ਦਗੀ ਦੀ ਪੁਸ਼ਟੀ ਦੀ ਸੁਣਵਾਈ ਦੌਰਾਨ, ਉਨ੍ਹਾਂ ਨੇ ਪਿਛਲੇ ਸਾਲ ਕਿਹਾ ਸੀ ਕਿ ਸੁਰੱਖਿਆ ਨੂੰ ਲੈ ਕੇ ਡਰ ਰੋਜ਼ਾਨਾ ਸਤਾਉਂਦਾ ਹੈ। ਸੰਘਰਸ਼, ਐਮਰਜੈਂਸੀ ਅਤੇ ਮਾਨਵਤਾਵਾਦੀ ਸੰਕਟ ਦੀਆਂ ਸਥਿਤੀਆਂ ਵਿੱਚ ਔਰਤਾਂ ਸਭ ਤੋਂ ਵੱਧ ਅਸੁਰੱਖਿਅਤ ਹੁੰਦੀਆਂ ਹਨ ਨਾ ਸਿਰਫ਼ ਆਪਣੀ ਸੁਰੱਖਿਆ ਦੇ ਲਿਹਾਜ਼ ਨਾਲ, ਸਗੋਂ ਆਪਣੇ ਪਰਿਵਾਰਾਂ ਦੀ ਦੇਖਭਾਲ ਕਰਨ ਅਤੇ ਆਪਣੇ ਪਰਿਵਾਰਾਂ ਦੇ ਪਾਲਣ-ਪੋਸ਼ਣ ਨੂੰ ਲੈ ਕੇ ਵੀ.। ਸਹੁੰ ਚੁੱਕ ਸਮਾਗਮ ਵਿੱਚ ਗੀਤਾ ਰਾਓ ਗੁਪਤਾ ਦੇ ਪਤੀ ਅਰਵਿੰਦ ਗੁਪਤਾ, ਬੇਟੀ ਨਯਨਾ ਗੁਪਤਾ ਅਤੇ ਪਰਿਵਾਰ ਦੇ ਕਈ ਨਜ਼ਦੀਕੀ ਮੈਂਬਰ ਮੌਜੂਦ ਸਨ।

ਉਹ 'ਗਰਲਜ਼ ਐਂਡ ਵੂਮੈਨ' ਦੇ 34 ਪ੍ਰੋਗਰਾਮ ਦੀ ਕਾਰਜਕਾਰੀ ਨਿਰਦੇਸ਼ਕ ਅਤੇ ਸੰਯੁਕਤ ਰਾਸ਼ਟਰ ਫਾਊਂਡੇਸ਼ਨ ਵਿੱਚ ਸੀਨੀਅਰ ਮੈਂਬਰ ਵਜੋਂ ਸੇਵਾਵਾਂ ਦੇ ਚੁੱਕੀ ਹੈ। ਗੁਪਤਾ ਨੇ ਸੰਯੁਕਤ ਰਾਸ਼ਟਰ ਚਿਲਡਰਨ ਫੰਡ (ਯੂਨੀਸੇਫ) ਵਿੱਚ ਉਪ ਕਾਰਜਕਾਰੀ ਨਿਰਦੇਸ਼ਕ ਅਤੇ ਬਿਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਵਿੱਚ ਸੀਨੀਅਰ ਮੈਂਬਰ ਵਜੋਂ ਸੇਵਾ ਨਿਭਾਈ ਹੈ। ਇਸ ਤੋਂ ਪਹਿਲਾਂ ਗੁਪਤਾ ਲਗਭਗ ਇੱਕ ਦਹਾਕੇ ਤੱਕ ਵਾਸ਼ਿੰਗਟਨ ਸਥਿਤ ਇਕ ਗੈਰ-ਲਾਭਕਾਰੀ ਸੰਸਥਾ 'ਇੰਟਰਨੈਸ਼ਨਲ ਸੈਂਟਰ ਫਾਰ ਰਿਸਰਚ ਆਨ ਵੂਮੈਨ ਦੀ ਪ੍ਰਧਾਨ ਰਹੀ, ਜੋ ਕਿ ਔਰਤਾਂ ਅਤੇ ਲੜਕੀਆਂ ਦੇ ਸਸ਼ਕਤੀਕਰਨ ਲਈ ਅੰਤਰਰਾਸ਼ਟਰੀ ਵਿਕਾਸ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਰੂਪ ਦੇਣ ਲਈ ਖੋਜ ਕਰਦੀ ਹੈ।



American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ




ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver
With 2 Year Experience

(209) 405-1544

127 Darcy Parkway, Lathrop, CA 95330

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ਵਿਚ ਭਾਰਤੀ ਮੂਲ ਦੇ ਨੌਜਵਾਨ ਦੀ ਲੁਟੇਰਿਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਜਾਰਜੀਆ ਰਾਜ ਵਿਚ ਵਾਪਰੀ ਇਕ ਦੁੱਖਦਾਈ ਘਟਨਾ ਵਿਚ ਭਾਰਤੀ ਮੂਲ ਦੇ 36 ਸਾਲਾ ਨੌਜਵਾਨ ਮਨਦੀਪ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਇਹ ਘਟਨਾ ਜਾਰਜੀਆ ਦੇ ਵਰੇਨਸ ਸ਼ਹਿਰ ਦੇ ਇਕ ਸਟੋਰ ਵਿਚ ਵਾਪਰੀ ਜਿਥੇ ਮਨਦੀਪ ਸਿੰਘ ਕਲਰਕ ਵਜੋਂ ਕੰਮ ਕਰਦਾ ਸੀ। ਉਸ ਦੇ ਦੋ ਗੋਲੀਆਂ ਮਾਰੀਆਂ ਗਈਆਂ ਜਿਸ ਉਪਰੰਤ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਵਰੇਨਸ ਦੇ ਪੁਲਿਸ ਮੁੱਖੀ ਜੌਹਨ ਮੇਨਾਰਡ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਨਦੀਪ ਸਿੰਘ ਅਗਸਟਾ ਸ਼ਹਿਰ ਦਾ ਵਸਨੀਕ ਹੈ ਤੇ ਉਹ ਇਕ ਮਹੀਨਾ ਪਹਿਲਾਂ ਹੀ ਵਰੇਨਸ ਫੂਡ ਮਾਰਟ ਸਟੋਰ ਵਿਚ ਕੰਮ 'ਤੇ ਲੱਗਾ ਸੀ। ਉਨਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਇਹ ਲੁੱਟਮਾਰ ਕਰਨ ਦੀ ਨੀਅਤ ਨਾਲ ਹੱਤਿਆ ਕੀਤੀ ਗਈ ਹੈ। ਮੇਨਾਰਡ ਅਨੁਸਾਰ 15 ਸਾਲਾਂ ਦੇ 2 ਨਬਾਲਗਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਬਾਲਗਾਂ ਨੇ ਮਾਸਕ ਨਹੀਂ ਪਾਏ ਹੋਏ ਸਨ ਜਿਸ ਕਾਰਨ ਪੁਲਿਸ ਲਈ ਉਨਾਂ ਦੀ ਪਛਾਣ ਕਰਨਾ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਸੌਖਾ ਹੋ ਗਿਆ।

# ਅਮਰੀਕਾ ਅਤੇ ਉਸਦੇ ਸਹਿਯੋਗੀ ਦੇਸ਼ ਭਾਰਤ ਵਿੱਚ ਘੱਟ ਗਿਣਤੀ ਕੌਮਾਂ ਅਤੇ ਦਲਿਤ ਭਾਈਚਾਰੇ ਦੇ ਮਨੁੱਖੀ ਹੱਕਾਂ ਦੀ ਬਹਾਲੀ ਅਤੇ ਵਿਚਾਰ ਪ੍ਰਗਟ ਕਰਨ ਦੀ ਅਜਾਦੀ ਲਈ ਠੋਸ ਕਾਰਵਾਈ ਕਰਨ



ਲੰਡਨ : ਅਮਰੀਕਾ ਸਟੇਟ ਵਿਭਾਗ ਨੇ ਅੰਤਰ-ਰਾਸ਼ਟਰੀ ਅਜ਼ਾਦੀ ਸਬੰਧੀ ਤਿੰਨ ਮੈਂਬਰੀ ਡੈਲੀਗੇਸ਼ਨ ਨੂੰ ਭਾਰਤ ਸਰਕਾਰ ਵੱਲੋਂ ਵੀਜ਼ਾ ਦੇਣ ਤੋਂ ਇਨਕਾਰ ਕਰਨ 'ਤੇ ਨਰਾਜ਼ਗੀ ਜਾਹਰ ਕੀਤੀ ਹੈ। ਡੈਲੀਗੇਸ਼ਨ ਦੇ ਇਕ ਮੈਂਬਰ ਮਿ: ਥੌਮਸ ਰੀਸ ਦਾ ਕਹਿਣਾ ਹੈ ਕਿ ਸਾਨੂੰ ਭਾਰਤ ਸਰਕਾਰ ਨੇ ਤੀਸਰੀ ਵਾਰੀ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਹੈ। ਲੰਬੇ ਸਮੇਂ ਤੋਂ ਇੰਡੀਆ ਵਿੱਚ ਘੱਟ ਗਿਣਤੀ ਕੌਮਾਂ ਉੱਪਰ ਜ਼ੁਲਮ ਹੋ ਰਹੇ ਹਨ, ਉਨ੍ਹਾਂ ਦੇ ਧਾਰਮਿਕ ਸਥਾਨ ਜਲਾਏ 'ਤੇ ਢਾਹੇ ਜਾ ਰਹੇ ਹਨ, ਹਜਾਰਾਂ ਲੋਕ ਮਾਰੇ ਜਾ ਚੁੱਕੇ ਹਨ, ਬੀਬੀਆਂ ਦੀ ਬੱਪੱਤੀ ਹੋ ਰਹੀ ਹੈ। ਮੀਡੀਆ ਵਿੱਚ ਕਈ ਵਾਰ ਵੇਖਿਆ ਜਾਂਦਾ ਹੈ ਕਿ ਪੁਲਿਸ ਨਾਂ ਸਿਰਫ ਮੂਕ ਦਰਸ਼ਕ ਬਣੀ ਰਹਿੰਦੀ ਹੈ ਸਗੋਂ ਹਿੰਸਾਕਾਰੀਆਂ ਦਾ ਸਾਥ ਦਿੰਦੀ ਹੈ। ਹਿੰਦੂ ਰਾਸ਼ਟਰ ਦੇ ਏਜੰਡੇ 'ਤੇ ਚੱਲਦੇ ਹੋਏ ਘੱਟ ਗਿਣਤੀ ਕੌਮਾਂ ਨੂੰ ਇੰਡੀਆ ਛੱਡ ਕੇ ਹੋਰ ਦੇਸ਼ਾਂ ਵਿੱਚ ਚਲੇ ਜਾਣ ਲਈ ਕਿਹਾ ਜਾਂਦਾ ਹੈ। ਇਨ੍ਹਾਂ ਸਭ ਨੂੰ ਸਰਕਾਰੀ ਸ਼ਹਿ ਅਤੇ ਸ੍ਰਪ੍ਰਸਤੀ ਹਾਸਲ ਹੈ। ਕੁੱਝ ਦਿਨ ਪਹਿਲਾਂ ਵਾਈਟ ਹਾਊਸ ਸਿਕਿਉਰਿਟੀ ਕੌਂਸਲ ਦੇ ਬੁਲਾਰੇ ਮਿ: ਜੌਹਨ ਕਿਰਬੀ ਅਤੇ ਪ੍ਰੈਸ ਸੈਕਟਰੀ ਕਰੀਨ ਜੀਨ ਪੀਰੇ ਨੇ ਵਾਲ ਸਟ੍ਰੀਟ ਜਰਨਲਿਸਟ ਬੀਬੀ ਸਬਰੀਨਾ ਸਿਦੀਕੀ ਨੂੰ ਸੋਸ਼ਲ ਮੀਡੀਆ ਅਤੇ ਹੋਰ ਢੰਗ ਨਾਲ ਤੰਗ, ਪ੍ਰੇਸ਼ਾਨ ਅਤੇ ਜ਼ਲੀਲ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿੰਦੀਆ ਕਰਦੇ ਹੋਏ ਕਿਹਾ ਕਿ ਇਹ ਬਰਦਾਸ਼ਤਯੋਗ ਨਹੀਂ ਹੈ ਅਸੀਂ ਪੱਤਰਕਾਰਾਂ ਦੀ ਅਜ਼ਾਦੀ ਲਈ ਵੱਚਨਬੱਧ ਹਾਂ। ਪੱਤਰਕਾਰ ਬੀਬੀ ਸਬਰੀਨਾ ਸਿਦੀਕੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਅਮਰੀਕਾ ਦੌਰੇ ਦੌਰਾਨ 22 ਜੂਨ ਵਾਲੇ ਦਿਨ ਵਾਸ਼ਿੰਗਟਨ ਵਿੱਚ ਸਵਾਲ ਕੀਤ ਸੀ ਕਿ ਪ੍ਰਧਾਨ ਮੰਤਰੀ ਮਿ: ਮੋਦੀ ਅਤੇ ਉਨ੍ਹਾਂ ਦੀ ਸਰਕਾਰ ਮੁਸਲਿਮ ਕੌਮ ਸਮੇਤ ਹੋਰ ਘੱਟ ਗਿਣਤੀ ਕੌਮਾਂ ਦੀ ਵਿਚਾਰ ਪ੍ਰਗਟ ਕਰਨ ਦੀ ਅਜਾਦੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਕਿਹੜੇ ਕਦਮ ਚੁੱਕਣਾਂ ਚਹੁੰਦੀ ਹੈ। ਉਸੇ ਦਿਨ ਤੋਂ ਬੀਬੀ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ, ਜਿਕਰਯੋਗ ਹੈ ਕਿ 2014 ਵਿੱਚ ਸਰਕਾਰ ਬਣਨ ਤੋਂ ਲੈ ਕੇ ਅੱਜ ਤੱਕ ਪ੍ਰਧਾਨ ਮੰਤਰੀ ਨੇ ਭਾਰਤ ਵਿੱਚ ਇੱਕ ਵੀ ਪ੍ਰੈਸ ਕਾਨਫਰੰਸ ਨਹੀਂ ਕੀਤੀ। ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ ਨੇ ਕਿਹਾ ਕਿ ਅਸੀਂ ਯੂ. ਐਨ.ਓ., ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ ਸਮੇਤ ਅਮਰੀਕਾ ਅਤੇ ਉਸਦੇ ਸਹਿਯੋਗੀ ਦੇਸ਼ਾਂ ਨੂੰ ਅਪੀਲ ਕਰਦੇ ਹਾਂ ਕਿ ਬਰਤਾਨਵੀ ਸਾਮਰਾਜ ਤੋਂ ਇੰਡੀਆ ਨੂੰ ਮਿਲੀ ਅਜਾਦੀ ਤੋਂ ਲੈ ਕੇ ਹੁਣ ਤੱਕ ਦੇ ਜੋ ਹੋ ਰਿਹਾ ਹੈ ਉਸ ਤੋਂ ਉਹ ਭਲੀ ਭਾਂਤ ਜਾਣੂ ਹਨ, ਇਸ ਲਈ ਮਹਿਜ਼ ਨਿੰਦਾ ਕਰਨਾ ਜਾਂ ਰੋਸ ਪ੍ਰਗਟ ਕਰਨ ਦੀ ਬਜਾਏ ਠੋਸ ਕਾਰਵਾਈ ਕੀਤੀ ਜਾਵੇ। ਸਿੱਖ ਕੌਮ ਸਮੇਤ ਸਮੂਹ ਘੱਟ ਗਿਣਤੀ ਕੌਮਾਂ ਦੀ ਨਸਲਕੁਸ਼ੀ ਕਰਨ ਲਈ ਅਨੇਕਾਂ ਕੋਝੇ ਹੱਥਕੰਡੇ ਵਰਤੇ ਜਾਂਦੇ ਆ ਰਹੇ ਹਨ, ਹੁਣ ਨਵਾਂ ਮਾਰੂ ਵਾਰ ਯੂਨੀਫਾਰਮ ਸਿਵਲ ਕੋਡ ਦੇ ਰੂਪ ਵਿੱਚ ਕਰਨ ਦੀ ਤਿਆਰੀ ਹੈ। ਅੰਤ ਵਿੱਚ ਅਸੀਂ ਪੰਜਾਬ ਦੇ ਮੁੱਖ ਮੰਤਰੀ ਦੀ ਇਸ ਸਬੰਧੀ ਲਏ ਗਏ ਸਟੈਂਡ ਦੀ ਸ਼ਲਾਘਾ ਕਰਦੇ ਹੋਏ ਕਹਿਣਾਂ ਚਹੁੰਦੇ ਹਾਂ ਕਿ ਇਸ ਤੇ ਕਾਇਮ ਰਿਹੋ ਕਿਤੇ ਯੂ-ਟਰਨ ਨਾਂ ਮਾਰ ਜਾਇਓ।

# ਅਮਰੀਕਾ-ਮੈਕਸੀਕੋ ਸਰਹੱਦ ਨੇੜੇ ਵਹਿੰਦੇ ਦਰਿਆ ਵਿਚ ਇਕ ਬੱਚੇ ਸਮੇਤ 4 ਪ੍ਰਵਾਸੀ ਡੁੱਬ ਕੇ ਮਰੇ, ਲਾਸ਼ਾਂ ਬਰਾਮਦ



ਰੀਓ ਗਰੈਂਡ ਦਰਿਆ ਦੇ ਨਾਲ ਲਾਈ ਕੰਡਿਆਲੀ ਵਾੜ ਦਾ ਇਕ ਦ੍ਰਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਪਿਛਲੇ 3 ਦਿਨਾਂ ਦੌਰਾਨ ਅਮਰੀਕਾ - ਮੈਕਸੀਕੋ ਸਰਹੱਦ ਗੈਰ ਕਾਨੂੰਨੀ ਢੰਗ ਨਾਲ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਸਰਹੱਦ ਨੇੜੇ ਵਹਿੰਦੇ ਦਰਿਆ ਵਿਚ ਇਕ ਬੱਚੇ ਸਮੇਤ 4 ਪ੍ਰਵਾਸੀਆਂ ਦੇ ਡੁੱਬ ਕੇ ਮਾਰੇ ਜਾਣ ਦੀ ਰਿਪੋਰਟ ਹੈ। ਲਾਅ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਟੈਕਸਾਸ ਵਿਚ ਅਮਰੀਕਾ ਮੈਕਸੀਕੋ ਸਰਹੱਦ ਨਾਲ ਵਹਿੰਦੇ ਰੀਓ ਗਰੈਂਡ ਦਰਿਆ ਵਿਚੋਂ ਇਕ ਬੱਚੇ ਸਮੇਤ 4 ਪ੍ਰਵਾਸੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਹ ਜਾਣਕਾਰੀ ਇਕ ਅਧਿਕਾਰੀ ਨੇ ਦਿੱਤੀ ਹੈ। ਜਨਤਿਕ ਸੁਰੱਖਿਆ ਬਾਰੇ ਟੈਕਸਾਸ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਕ੍ਰਿਸਟੋਫਰ ਓਲੀਵਰੇਜ਼ ਵੱਲੋਂ ਕੀਤੀ ਟਵੀਟ ਅਨੁਸਾਰ ਇਕ ਅਣਪਛਾਤੀ ਔਰਤ ਤੇ ਬੱਚੀ ਦੀ ਲਾਸ਼ ਬੀਤੇ ਐਤਵਾਰ ਬਰਾਮਦ ਹੋਈ ਤੇ ਇਸ ਤੋਂ ਅਗਲੇ ਦੋ ਦਿਨਾਂ ਦੌਰਾਨ ਇਕ ਮਰਦ ਤੇ ਔਰਤ ਦੀਆਂ ਦੋ ਹੋਰ ਲਾਸ਼ਾਂ ਬਰਾਮਦ ਹੋਈਆਂ। ਮ੍ਰਿਤਕਾਂ ਕੋਲੋਂ ਕੋਈ ਵੀ ਅਜਿਹਾ ਦਸਤਾਵੇਜ ਨਹੀਂ ਮਿਲਿਆ ਹੈ ਜਿਸ ਤੋਂ ਇਨਾਂ ਪ੍ਰਵਾਸੀਆਂ ਜਾਂ ਇਨਾਂ ਦੇ ਦੇਸ਼ ਦੀ ਪਛਾਣ ਕੀਤੀ ਜਾ ਸਕੇ। ਟੈਕਸਾਸ ਅਧਿਕਾਰੀਆਂ ਵੱਲੋਂ ਪ੍ਰਵਾਸੀਆਂ ਦੁਆਰਾ ਗੈਰ ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਨੂੰ ਰੋਕਣ ਦੀ ਕੋਸ਼ਿਸ਼ ਵਜੋਂ ਰੀਓ ਗਰੈਂਡ ਦਰਿਆ ਵਿਚ 'ਫਲੋਟਿੰਗ ਵਾਟਰ ਬੈਰੀਅਰ' ਸਥਾਪਿਤ ਕਰਨ ਤੋਂ ਕੁਝ ਦਿਨ ਪਹਿਲਾਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਗਵਰਨਰ ਗਰੇਗ ਅਬੋਟ ਵੱਲੋਂ ਕੀਤੇ ਐਲਾਨ ਅਨੁਸਾਰ ਦਰਿਆ ਵਿਚ ਪਹਿਲਾ 1000 ਫੁੱਟ ਦਾ ਬੈਰੀਅਰ 7 ਜੁਲਾਈ ਤੋਂ ਲੱਗਣਾ ਸ਼ੁਰੂ ਹੋ ਜਾਵੇਗਾ।

# ਅੰਤਰਰਾਸ਼ਟਰੀ .ਗਦਰ ਯਾਦਗਾਰੀ ਸਮੂਹ ਦੇ ਮੋਢੀ ਸੁਦੇਸ਼ ਸਿੰਘ ਅਟਵਾਲ ਦੀ ਹੋਈ ਅੰਤਿਮ ਅਰਦਾਸ





ਹੇਵਰਡ/ਕੈਲੀਫੋਰਨੀਆ (ਪ੍ਰਮਿੰਦਰ ਸਿੰਘ 'ਪ੍ਰਵਾਨਾ') : ਬੀਤੇ ਦਿਨੀਂ ਪੰਜਾਬੀ ਭਾਈਚਾਰੇ ਦੇ ਉਘੇ ਆਗੂ ਸੁਦੇਸ਼ ਸਿੰਘ ਅਟਵਾਲ ਅਕਾਲ ਚਲਾਣਾ ਕਰ ਗਏ ਸਨ। ਅਟਵਾਲ ਦਾ ਪਿਛੋਕੜ ਪਿੰਡ ਖੁਰਦਪੁਰ (ਪੰਜਾਬ) ਹੈ। ਉਨ੍ਹਾਂ ਦੇ ਪਿਤਾ ਜੀ ਲਛਮਣ ਸਿੰਘ ਕੈਨੇਡੀਅਨ ਗਦਰ ਪਾਰਟੀ ਦੇ ਸਰਗਰਮ ਮੈਂਬਰ ਸਨ। ਉਨ੍ਹਾਂ ਦੇ ਪਿਤਾ ਜੀ ਨੂੰ ਸਕੂਲ ਵਾਲਾ ਬਾਬਾ ਕਿਹਾ ਜਾਂਦਾ ਸੀ। ਕਿਉਂਕਿ ਉਨ੍ਹਾਂ ਨੇ ਆਪਣੇ ਪਿੰਡ ਵਿਚ ਗੁਰੂ ਨਾਨਕ ਕੰਨਿਆਂ ਮਹਾਂਵਿਦਿਆਲਾ ਚਲਾਇਆ ਸੀ ਜਦੋਂ ਲੜਕੀਆਂ ਦੀ ਪੜ੍ਹਾਈ ਵੱਲ ਸਾਡੇ ਸਮਾਜ ਵਲੋਂ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ ਸੀ। ਬਾਅਦ ਵਿਚ ਸਕੂਲ ਸਰਕਾਰੀ ਮਾਨਤਾ ਪ੍ਰਾਪਤ ਹੋ ਗਿਆ ਅਤੇ ਸਫ਼ਲਤਾ ਨਾਲ ਚਲ ਰਿਹਾ ਹੈ। ਅਟਵਾਲ ਨੇ ਅੱਜ ਤੱਕ ਉਸ ਸਕੂਲ ਦਾ ਸੰਭਾਲ ਕੀਤੀ ਹੈ। ਸਮੇਂ ਸਮੇਂ ਮੁਰੰਮਤ ਵੀ ਕਰਵਾਈ ਹੈ। ਸੇਵਾ ਦੀ ਭਾਵਨਾ ਅਤੇ .ਗਦਰ ਉਸ ਨੂੰ ਗੁੜ੍ਹਤੀ ਵਿਚ ਮਿਲਿਆ ਹੈ। ਉਨ੍ਹਾਂ ਦੇ ਤਾਇਆ ਜੀ ਬਲਵੰਤ ਸਿੰਘ ਕੈਨੇਡੀਅਨ .ਗਦਰੀ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਅਟਵਾਲ ਨੇ 2008 ਵਿਚ ਅਮਰੀਕਾ ਵਿਚ ਅੰਤਰਰਾਸ਼ਟਰੀ .ਗਦਰ ਯਾਦਗਾਰੀ ਸਮੂਹ ਦੀ ਸਥਾਪਨਾ ਕੀਤੀ। ਉਹ ਸਮੂਹ ਦੇ ਮੋਢੀ ਸਨ ਜਿਸ ਹੇਠ ਮਹੀਨਾਵਾਰ ਅਤੇ ਸਲਾਨਾ ਪ੍ਰੋਗਰਾਮਾਂ ਅਧੀਨ ਗਦਰ ਦਾ ਸੁਨੇਹਾ ਘਰ ਘਰ ਪਹੁੰਚਾਇਆ। ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਵੱਡੀ ਗਿਣਤੀ ਵਿਚ ਦੂਰ-ਦੁਰਾਡੇ ਤੋਂ ਸੰਗਤਾਂ, ਦੋਸਤ ਮਿੱਤਰ ਰਿਸ਼ਤੇਦਾਰ ਅਤੇ ਭਾਈਚਾਰੇ ਦੇ ਆਗੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਬੁਲਾਰਿਆਂ ਨੇ ਭਾਵਭਿੰਨੀ ਸ਼ਰਧਾਂਜਲੀ ਅਰਪਣ ਕੀਤੀ। ਜਿਨ੍ਹਾਂ ਵਿਚ ਉਨ੍ਹਾਂ ਦੀ ਦੋਹਤੀ ਨੂਰ ਕੌਰ, ਦੋਹਤੀ ਅੰਮ੍ਰਿਤਾ ਗਿੱਲ ਅਤੇ ਪੋਤਰਾ ਕਰਨ ਸਿੰਘ ਅਟਵਾਲ ਨੇ ਆਪਣੇ ਨਾਨਾ/ਦਾਦਾ ਦੇ ਪਿਆਰ ਭਰੇ ਸੁਭਾਅ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਖਾਸ ਕਰਕੇ ਉਨ੍ਹਾਂ ਨੇ ਬੱਚਿਆਂ ਨੂੰ ਪਿਆਰ ਮਿਲਵਰਤਣ ਨਾਲ ਰਹਿਣ ਦੀ ਸਿੱਖਿਆ ਦਿੱਤੀ ਅਤੇ ਆਪਣੇ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨਾਲ ਜੋੜਿਆ। ਦੂਸਰਿਆਂ ਦੀ ਖਿੜੇ ਮੱਥੇ ਮਦਦ ਕਰਨ ਦੀ ਪ੍ਰੇਣਾ ਦਿੱਤੀ। ਹੋਰ ਬੁਲਾਰਿਆਂ ਵਿਚ ਨਜ਼ਦੀਕੀ ਨੈਫਉ ਕੋਰੀ ਮਿਨਹਾਸ, ਪ੍ਰੀਤਮ ਸਿੰਘ ਜੋਗਾਨੰਗਲ, ਜਸਵਿੰਦਰ ਸਿੰਘ ਜੰਡੀ (ਗੁਰਦੁਆਰਾ ਸਾਹਿਬ ਫਰੀਮਾਂਟ) ਜਸਬੀਰ ਸਿੰਘ ਤੱਖਰ (AAA Auto Body Shop), ਗੁਰਚਰਨ ਸਿੰਘ ਮਾਨ (ਫਾਰਮਰਜ਼ ਇੰਸ਼ੋਰੈਂਸ), ਸੁਖਦੇਵ ਸਿੰਘ ਮੁੰਡੀਆਂ, ਕੁਲਦੀਪ ਸਿੰਘ ਕਾਲਕਟ ਆਦਿ। ਸਾਰਿਆਂ ਦੇ ਵਿਚਾਰਾਂ ਵਿਚ ਇਕ ਗੱਲ ਸਾਹਮਣੇ ਆਈ ਕਿ ਉਹ ਹਸਮੁੱਖ ਮਿਲਣਸਾਰ ਅਤੇ ਮਦਦਗਾਰ ਇਨਸਾਨ ਸਨ। ਉਪਰੰਤ ਜਿਥੇ ਉਨ੍ਹਾਂ ਨੇ ਆਪਣੇ ਵਿਸ਼ਾਲ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਈ ਉਥੇ ਲੋੜਵੰਦਾਂ ਦੀ ਦਿਲ ਖੋਲ੍ਹ ਕੇ ਸੇਵਾ ਕੀਤੀ। ਜਿਵੇਂ ਨਵੇਂ ਆਏ ਲੋੜਵੰਦਾਂ ਨੂੰ ਸਕਿਊਰਿਟੀ ਦੀ ਨੌਕਰੀ ਲਗਵਾਈ। ਉਨ੍ਹਾਂ ਨੂੰ ਕੰਮ 'ਤੇ ਛੱਡ ਕੇ ਆਉਣਾ। ਕਾਗਜ਼ੀ ਕਾਰਵਾਈ ਵਿਚ ਮਦਦ ਕਰਨੀ। ਸਰਕਾਰੀ ਕੰਮਾਂ ਸ਼ਸ਼ਲ ਸਕਿਊਰਿਟੀ ਮੈਡੀਕਲ, ਡਾਕਟਰੀ ਆਦਿ ਵਿਚ ਮਦਦ ਕਰਨੀ। ਭਾਰਤ ਵਿਚ ਲੋੜਵੰਦ ਬਿਮਾਰਾਂ ਦੇ ਇਲਾਜ ਲਈ ਪੈਸੇ ਭੇਜਣੇ। ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਲਈ ਰਕਮ ਭੇਜਣੀ। ਉਨ੍ਹਾਂ ਦੀ ਨਿਸ਼ਕਾਮ ਸੇਵਾ ਬਾਰੇ ਸੁਣਕੇ ਸਭ ਨੇ ਸੰਜੀਦਾ ਸ਼ਲਾਘਾ ਕੀਤੀ। ਮੰਚ ਸੰਚਾਲਨ ਭਾਈ ਚਰਨਜੀਤ ਸਿੰਘ ਸਮਰਾ ਐਲਸਬਰਾਂਟੇ ਵਲੋਂ ਗੁਰਬਾਣੀ ਦੇ ਦ੍ਰਿਸ਼ਟਾਤਾਂ ਨਾਲ ਭਾਵਪੂਰਵਕ ਨਿਭਾਇਆ। ਜਸਵੀਰ ਸਿੰਘ ਤਖਤ, ਜਰਨੈਲ ਸਿੰਘ ਮਿਨਹਾਸ, ਨੈਫਉ ਕੋਰੀ ਮਿਨਹਾਸ ਨੇ ਯੋਗ ਪ੍ਰਬੰਧਾਂ ਦੀ ਅਗਵਾਈ ਕੀਤੀ। ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਈ ਅੰਤਿਮ ਅਦਰਾਸ ਦੇ ਸੰਪੰਨ ਹੋਣ 'ਤੇ ਜਸਵਿੰਦਰ ਸਿੰਘ ਜੰਡੀ ਵਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਅਟਵਾਲ ਸਾਹਿਬ ਆਪਣੇ ਚੰਗੇ ਕੰਮਾਂ ਅਤੇ ਸੇਵਾ ਭਾਵਨਾ ਦੀ ਛੱਡ ਗਏ ਵਿਰਾਸਤ ਲਈ ਹਮੇਸ਼ਾ ਲੋਕ ਦਿਲਾਂ ਵਿਚ ਰਹਿਣਗੇ।

# ਅਮਰੀਕਾ ਦੇ ਵਾਈਟ ਹਾਊਸ 'ਚੋਂ ਕੁਕੀਨ ਬਰਾਮਦ, ਮਾਮਲੇ ਦੀ ਹੋ ਰਹੀ ਹੈ ਡੂੰਘਾਈ ਨਾਲ ਜਾਂਚ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਸੀਕਰਟ ਸਰਵਿਸ ਏਜੰਟਾਂ ਵੱਲੋਂ ਵਾਈਟ ਹਾਊਸ ਵਿਚੋਂ ਕੁਕੀਨ ਬਰਾਮਦ ਕਰਨ ਦੀ ਖਬਰ ਹੈ। ਸੀਕਰਟ ਸਰਵਿਸ ਅਨੁਸਾਰ ਕੁਕੀਨ ਵਾਈਟ ਹਾਊਸ ਦੀ ਵੈਸਟ ਵਿੰਗ ਲਾਬੀ ਵਿਚੋਂ ਬਰਾਮਦ ਹੋਈ ਹੈ ਜਿਥੇ ਸੈਲਾਨੀ ਵਾਈਟ ਹਾਊਸ ਦਾ ਨਿੱਜੀ ਦੌਰਾ ਸ਼ੁਰੂ ਕਰਨ ਤੋਂ ਪਹਿਲਾਂ ਦਾਖਲ ਹੁੰਦੇ ਹਨ। ਵਾਈਟ ਹਾਊਸ ਵਿਚ ਕੁਕੀਨ ਕਿਸ ਤਰਾਂ ਆਈ ਜਾਂ ਕੌਣ ਲੈ ਕੇ ਆਇਆ ਹੈ, ਇਸ ਬਾਰੇ ਸੀਕਰਟ ਸਰਵਿਸ ਦੇ ਅਧਿਕਾਰੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸੰਦੇਹ ਪੂਰਨ ਚਿੱਟਾ ਪਾਊਡਰ ਮਿਲਣ ਉਪੰਰਤ ਟੈਸਟ ਕੀਤਾ ਗਿਆ ਜਿਸ ਵਿਚ ਪਤਾ ਲੱਗਾ ਕਿ ਇਹ ਕੁਕੀਨ ਹੈ। ਕੁਕੀਨ ਮਿਲਣ ਉਪਰੰਤ ਵਾਈਟ ਹਾਊਸ ਨੂੰ ਇਹਤਿਆਤ ਵਜੋਂ ਖਾਲੀ ਕਰਵਾ ਲਿਆ ਗਿਆ। ਸੀਕਰਟ ਸਰਵਿਸ ਦੇ ਬੁਲਾਰੇ ਐਨਥਨੀ ਗੁਗਲੀਮੀ ਨੇ ਵੈਸਟ ਵਿੰਗ ਲਾਬੀ ਜੋ ਸੈਲਾਨੀਆਂ ਲਈ ਰੀਸੈਪਸ਼ਨ ਕਮਰੇ ਦਾ ਕੰਮ ਕਰਦੀ ਹੈ, ਵਿਚੋਂ ਕੁਕੀਨ ਮਿਲਣ ਦੀ ਪੁਸ਼ਟੀ ਕੀਤੀ ਹੈ। ਜਿਸ ਸਮੇ ਇਹ ਕੁਕੀਨ ਮਿਲੀ ਉਸ ਸਮੇ ਰਾਸ਼ਟਰਪਤੀ ਜੋ ਬਾਈਡਨ ਵਾਈਟ ਹਾਊਸ ਵਿਚ ਨਹੀਂ ਸਨ। ਬਾਅਦ ਵਿਚ ਇਕ ਮੀਟਿੰਗ ਤੋਂ ਪਹਿਲਾਂ ਰਾਸ਼ਟਰਪਤੀ ਕੋਲੋਂ ਇਕ ਪੱਤਰਕਾਰ ਵੱਲੋਂ ਕੁਕੀਨ ਬਰਾਮਦ ਹੋਣ ਬਾਰੇ ਪੁੱਛੇ ਗਏ ਸਵਾਲ ਦਾ ਉਨਾਂ ਨੇ ਕੋਈ ਜਵਾਬ ਨਹੀਂ ਦਿੱਤਾ।

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336
ਸਾਡਾ ਆ.ਫਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**
**510-472-0608**
**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆ.ਫਿਸ ਮੈਨੇਜਰ



Anthony Nwosu
Attorney at Law

# ਧਰਤੀ ਹੇਠਲਾ ਪਾਣੀ ਬਚਾਉਣਾ ਹਰ ਜ਼ਿੰਮੇਵਾਰ ਨਾਗਰਿਕ ਦਾ ਫ਼ਰਜ਼

ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿਗ ਰਹੇ ਪੱਧਰ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਘੁੰਮ ਰਿਹਾ ਇਕ ਸੰਦੇਸ਼ ਵਿਸ਼ਵ ਤੇ ਪੰਜਾਬੀਆਂ ਦੀਆਂ ਚਿੰਤਾਵਾਂ ਵਿਚ ਵਾਧਾ ਕਰਨ ਵਾਲਾ ਹੈ। ਇਸ ਸੰਦੇਸ਼ ਮੁਤਾਬਿਕ ਦੱਖਣੀ ਅਫ਼ਰੀਕਾ ਦੀ ਰਾਜਧਾਨੀ ਕੇਪਟਾਊਨ ਨੂੰ ਦੁਨੀਆ ਦਾ ਪਹਿਲਾ ਪਾਣੀ ਰਹਿਤ ਸ਼ਹਿਰ ਘੋਸ਼ਿਤ ਕੀਤਾ ਗਿਆ ਹੈ, ਜਿਸ ਦੀ ਸਰਕਾਰ ਨੇ 14 ਅਪ੍ਰੈਲ, 2023 ਤੋਂ ਬਾਅਦ ਪਾਣੀ ਦੀ ਸਪਲਾਈ ਕਰਨ ਵਿਚ ਅਸਮਰੱਥਾ ਦਿਖਾਈ ਹੈ। ਉੱਥੇ ਨਹਾਉਣ ਦੀ ਮਨਾਹੀ ਹੈ। 10 ਲੱਖ ਲੋਕਾਂ ਦੇ ਕੁਨੈਕਸ਼ਨ ਕੱਟਣ ਦੀ ਤਿਆਰੀ ਚੱਲ ਰਹੀ ਹੈ। ਜਿਸ ਤਰ੍ਹਾਂ ਭਾਰਤ 'ਚ ਪੈਟਰੋਲ ਪੰਪ 'ਤੇ ਜਾ ਕੇ ਪੈਟਰੋਲ ਖ਼ਰੀਦਿਆ ਜਾਂਦਾ ਹੈ, ਉਸੇ ਤਰ੍ਹਾਂ ਕੇਪਟਾਊਨ 'ਚ ਪਾਣੀ ਦੇ ਟੈਂਕਰ ਲੱਗਣਗੇ, ਜਿੱਥੇ 25 ਲੀਟਰ ਪਾਣੀ ਮਿਲੇਗਾ, ਜ਼ਿਆਦਾ ਪਾਣੀ ਮੰਗਣ ਵਾਲਿਆਂ ਨਾਲ ਨਜਿੱਠਣ ਲਈ ਪੁਲਿਸ ਅਤੇ ਫ਼ੌਜ ਦੇ ਜਵਾਨ ਤਾਇਨਾਤ ਕੀਤੇ ਗਏ ਹਨ, ਤਾਂ ਜੋ ਕੋਈ ਪਾਣੀ ਲੁੱਟ ਨਾ ਸਕੇ। ਅਜਿਹਾ ਘਟਨਾਕ੍ਰਮ ਅਖ਼ਰਕਾਰ ਹਰ ਉਸ ਮੁਲਕ 'ਤੇ ਵੀ ਆਵੇਗਾ, ਜੋ ਪਾਣੀ ਦੀ ਬਰਬਾਦੀ ਕਰੇਗਾ। ਇਹ ਕਹਿਣ 'ਚ ਕੋਈ ਗੁਰੇਜ਼ ਨਹੀਂ ਕਿ ਮਨੁੱਖ ਆਸਮਾਨ 'ਤੇ ਕਬਜ਼ਾ ਕਰਨ ਦੀ ਦੌੜ 'ਚ ਇਹ ਭੁੱਲ ਗਿਆ ਹੈ ਕਿ ਸਾਡੇ ਜੀਵਨ ਦਾ ਆਧਾਰ ਧਰਤੀ ਹੇਠਲੇ ਪਾਣੀ ਦਾ ਭੰਡਾਰ ਸੀਮਤ ਹੈ। ਸ਼ਾਇਦ ਇਸੇ ਕਾਰਨ ਇਸ



ਅਨਮੋਲ ਪਰ ਕੁਦਰਤ ਵਲੋਂ ਦਿੱਤੀ ਮੁਫ਼ਤ ਦਾਤ ਦੀ ਅੰਨ੍ਹੇਵਾਹ ਦੁਰਵਰਤੋਂ ਹੋ ਰਹੀ ਹੈ, ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗਦਾ ਜਾ ਰਿਹਾ ਹੈ। ਸੋਚੋ ਜੇਕਰ ਇਕ ਦਿਨ ਧਰਤੀ ਹੇਠਲਾ ਪਾਣੀ ਖ਼ਤਮ ਹੋ ਗਿਆ ਤਾਂ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ, ਇਹ ਰਹੇਗਾ ਵੀ ਜਾਂ ਨਹੀਂ। ਇਸ ਗੰਭੀਰ ਸਮੱਸਿਆ ਦਾ ਅਹਿਸਾਸ ਹੋਣ ਦੇ ਬਾਵਜੂਦ ਮਨੁੱਖ ਵਲੋਂ ਇਸ ਗੱਲ ਨੂੰ ਅਣਗੌਲਿਆਂ ਕਰਨਾ ਖ਼ੁਦ ਆਪਣੀ ਹੋਂਦ ਨੂੰ ਖ਼ਤਮ ਕਰਨ ਵਾਂਗ ਹੈ। ਖ਼ੁਦਗਰਜ਼ ਮਨੁੱਖ ਵਲੋਂ ਗੁਰੂ ਸਾਹਿਬ ਵਲੋਂ ਸਦੀਆਂ ਪਹਿਲਾਂ ਦਿੱਤੇ ਉਸ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦੇ ਸੰਦੇਸ਼ ਨੂੰ ਅਣਡਿੱਠਾ ਕਰਨਾ ਹੋਰ ਵੀ ਮੰਦਭਾਗਾ ਹੈ। ਉਪਰੋਕਤ ਸੋਸ਼ਲ ਮੀਡੀਆ 'ਤੇ ਘੁੰਮ ਰਹੇ ਸੰਦੇਸ਼ 'ਚ ਸਾਵਧਾਨ ਕਰਦਿਆਂ ਇਹ ਵੀ ਦੱਸਿਆ ਗਿਆ ਹੈ ਕਿ ਅਸੀਂ ਰੇਲ ਰਾਹੀਂ ਲਾਤੂਰ (ਮਹਾਰਾਸ਼ਟਰ) ਨੂੰ ਪਾਣੀ ਭੇਜਦੇ ਵੀ ਦੇਖਿਆ ਹੈ। ਦੁਨੀਆ ਦਾ ਸਿਰਫ਼ 2.7 ਫ਼ੀਸਦੀ ਪਾਣੀ ਪੀਣਯੋਗ ਹੈ। ਸਾਰੇ ਨੇੜਲੇ ਡੈਮਾਂ ਵਿਚ ਪਾਣੀ ਦਾ ਪੱਧਰ ਘਟਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋ ਗਿਆ ਹੈ। ਇਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਪਾਣੀ ਦੀ ਬਰਬਾਦੀ ਨੂੰ ਰੋਕ ਕੇ ਅਤੇ ਪਾਣੀ ਦੀ ਬੱਚਤ ਕਰਕੇ ਹੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਬਚਾ ਸਕਦੇ ਹਾਂ। ਸੰਦੇਸ਼ 'ਚ ਪਾਣੀ ਦੀ ਬੱਚਤ ਲਈ ਸੁਝਾਅ ਵੀ ਦਿੱਤੇ ਗਏ ਹਨ, ਜਿਨ੍ਹਾਂ 'ਚ ਪਾਣੀ ਦੀ ਸੰਜਮ ਨਾਲ ਵਰਤੋਂ ਕਰਨਾ, ਕਾਰ/ਬਾਈਕ ਨੂੰ ਹਰ ਰੋਜ਼ ਨਾ ਧੋਣ, ਵਿਹੜੇ/ਪੌੜੀਆਂ/ਫ਼ਰਸ਼ ਨੂੰ ਧੋਣ ਤੋਂ ਪ੍ਰਹੇਜ਼ ਕਰਨ ਜਾਂ ਧੋਣ ਵਿਚ ਘੱਟ ਤੋਂ ਘੱਟ ਪਾਣੀ ਦੀ ਵਰਤੋਂ ਕਰਨ, ਲਗਾਤਾਰ ਟੂਟੀ ਨੂੰ ਚਾਲੂ ਨਾ ਰੱਖਣ, ਘਰ 'ਚ ਲੀਕ ਹੋਈ ਟੂਟੀ ਨੂੰ ਠੀਕ ਕਰਨ, ਗ਼ਮਲਿਆਂ ਵਿਚ ਘੱਟ ਤੋਂ ਘੱਟ ਪਾਣੀ ਪਾਉਣ, ਸੜਕਾਂ 'ਤੇ ਪਾਣੀ ਦਾ ਛਿੜਕਾਅ ਨਾ ਕਰਨ ਵਰਗੇ ਹੋਰ ਵੀ ਕਈ ਚੰਗੇ ਉਪਾਅ ਕਰਕੇ ਪਾਣੀ ਦੀ ਬੱਚਤ ਕਰਨ ਦੇ ਢੰਗ-ਤਰੀਕੇ ਦੱਸੇ ਗਏ ਹਨ।

ਸਰਕਾਰੀ ਅੰਕੜਿਆਂ ਮੁਤਾਬਿਕ ਜੇਕਰ ਗੱਲ ਪੰਜਾਬ ਦੀ ਕਰੀਏ ਤਾਂ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੇ ਘਟਣ ਦੀ ਤੇਜ਼ ਦਰ ਕਿਸਾਨਾਂ ਅਤੇ ਮਾਹਿਰਾਂ ਦੋਵਾਂ ਨੂੰ ਚਿੰਤਾ ਵਿਚ ਪਾ ਰਹੀ ਹੈ, ਹਰ ਸਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਭਗ 0.49 ਮੀਟਰ ਤੱਕ ਡਿੱਗ ਰਿਹਾ ਹੈ। ਕੇਂਦਰੀ ਜ਼ਮੀਨੀ ਜਲ ਬੋਰਡ ਦੁਆਰਾ 2020 ਦੇ ਬਲਾਕ-ਵਾਰ ਭੂਮੀਗਤ ਜਲ ਸਰੋਤਾਂ ਦੇ ਮੁਲਾਂਕਣ ਵਿਚ ਪਾਇਆ ਗਿਆ ਹੈ ਕਿ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਵੱਧ ਤੋਂ ਵੱਧ ਸ਼ੋਸ਼ਣ ਕੀਤਾ ਗਿਆ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਮੱਧ ਪੰਜਾਬ ਵਿਚ ਬਹੁਤੀਆਂ ਥਾਵਾਂ 'ਤੇ 150 ਮੀਟਰ-200 ਮੀਟਰ ਤੱਕ ਪਹੁੰਚ ਚੁੱਕੀ ਹੈ। ਕੇਂਦਰੀ ਜ਼ਮੀਨੀ ਜਲ ਬੋਰਡ ਅਨੁਸਾਰ ਜੇਕਰ ਮੌਜੂਦਾ ਦਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਣਾ ਜਾਰੀ ਰਿਹਾ ਤਾਂ 2039 ਤੱਕ ਪੰਜਾਬ 'ਚ ਧਰਤੀ ਹੇਠਲੇ ਪਾਣੀ ਦੇ 300 ਮੀਟਰ ਤੋਂ ਹੇਠਾਂ ਜਾਣ ਦੀ ਸੰਭਾਵਨਾ ਹੈ, ਜੋ ਕਿ ਬੇਹੱਦ ਗੰਭੀਰ ਤੇ ਚਿੰਤਾਜਨਕ ਹੀ ਨਹੀਂ, ਸਗੋਂ ਖ਼ੁਦ ਜਾਗਰੂਕ ਹੋਣ ਅਤੇ ਪਾਣੀ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਜਾਗਰੂਕ ਕਰਨ ਵਾਲਾ ਹੈ।

ਮਾਹਿਰਾਂ ਦੀ ਚਿਤਾਵਨੀ ਹੈ ਕਿ ਜੇਕਰ ਪੰਜਾਬ ਦਾ ਧਰਤੀ ਹੇਠਲਾ ਪਾਣੀ ਸੁੱਕ ਜਾਂਦਾ ਹੈ ਤਾਂ ਭਾਰਤ ਦੀ ਖ਼ੁਰਾਕ ਸੁਰੱਖਿਆ ਲਈ ਵੱਡਾ ਖ਼ਤਰਾ ਪੈਦਾ ਹੋ ਸਕਦਾ ਹੈ। ਨਹਿਰੀ-ਆਧਾਰਿਤ ਸਿੰਚਾਈ ਤਕਨੀਕਾਂ ਨੂੰ ਬਿਹਤਰ ਬਣਾਉਣ ਲਈ ਝੋਨੇ ਦੀ ਕਾਸ਼ਤ ਬੰਦ ਕਰਨ ਅਤੇ ਪੁਰਾਣੇ ਯੁੱਗ ਦੀਆਂ ਨਹਿਰੀ ਪ੍ਰਣਾਲੀਆਂ ਨੂੰ ਮੁੜ ਤਿਆਰ ਕਰਨ ਨੂੰ ਸੰਭਵ ਹੱਲ ਦੱਸਿਆ ਜਾ ਰਿਹਾ ਹੈ। ਕੁਝ ਮਹੀਨੇ ਪਹਿਲਾਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀ ਇਕ ਨਿਗਰਾਨ ਕਮੇਟੀ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਜ਼ਿਲ੍ਹਾ ਵਾਤਾਵਰਨ ਯੋਜਨਾ ਦੀ ਸਮੀਖਿਆ ਕੀਤੀ ਸੀ। ਕਮੇਟੀ ਨੇ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ 'ਤੇ ਜ਼ੋਰ ਦਿੱਤਾ ਅਤੇ ਘੋਸ਼ਣਾ ਕੀਤੀ ਕਿ ਜ਼ਮੀਨ ਦੇ ਹੇਠਾਂ 300 ਮੀਟਰ (1,000 ਫੁੱਟ) ਦੀ ਥ੍ਰੈਸ਼ਹੋਲਡ ਸੀਮਾ ਤੱਕ ਵਰਤੋਂ ਯੋਗ ਜ਼ਮੀਨੀ ਪਾਣੀ ਉਪਲਬਧ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਦੀ 2019 ਦੀ ਰਿਪੋਰਟ ਮੁਤਾਬਿਕ ਜੇਕਰ ਨਿਕਾਸੀ ਦੀ ਮੌਜੂਦਾ ਦਰ ਜਾਰੀ ਰਹੀ ਤਾਂ ਅਗਲੇ 22 ਸਾਲਾਂ ਵਿਚ ਰਾਜ ਦਾ ਵਰਤੋਂ ਯੋਗ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ। ਅਫ਼ਸੋਸ ਦੀ ਗੱਲ ਹੈ ਕਿ ਸਮੇਂ ਦੀਆਂ ਸਰਕਾਰਾਂ ਇਸ ਮਸਲੇ ਨੂੰ ਗੰਭੀਰ ਤਾਂ ਦੱਸਦੀਆਂ ਰਹੀਆਂ ਹਨ, ਪਰ ਇਸ ਦੇ ਲਈ ਠੋਸ ਨੀਤੀ ਤਿਆਰ ਕਰਨ ਵਿਚ ਨਾਕਾਮ ਰਹੀਆਂ ਹਨ। ਇਸ ਲਈ ਆਓ, ਖ਼ੁਦ ਹੰਭਲਾ ਮਾਰੀਏ ਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਮੁਹਿੰਮ ਚਲਾਈਏ।

-ਰਵਿੰਦਰ ਮੋਦਗਿੱਲ

# ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ 'ਚ ਪੂਰਨ ਪਾਰਦਰਸ਼ਿਤਾ ਲਿਆਉਣਾ ਸਮੇਂ ਦੀ ਮੁੱਖ ਲੋੜ

**ਤਲਵਿੰਦਰ ਸਿੰਘ ਬੁੱਟਰ**



ਦੁਨੀਆ ਭਰ ਤੋਂ ਕੇਵਲ ਸਿੱਖ ਹੀ ਨਹੀਂ, ਬਲਕਿ ਵੱਖ-ਵੱਖ ਧਰਮਾਂ ਨਾਲ ਸਬੰਧਿਤ ਲੋਕ ਸਿੱਖੀ ਦੇ ਕੇਂਦਰ ਜਿਸ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾ ਵਿਚ ਭਿੱਜ ਕੇ ਆਉਂਦੇ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ 'ਚ ਸੇਵਾ ਕਰਨ ਨੂੰ ਆਪਣੇ ਧੰਨਭਾਗ ਸਮਝਦੇ ਹਨ ਅਤੇ ਪੰਗਤ ਵਿਚ ਬੈਠ ਕੇ ਲੰਗਰ ਛਕਣ ਤੋਂ ਪਹਿਲਾਂ ਪ੍ਰਸ਼ਾਦੇ ਨੂੰ ਮੱਥੇ ਨਾਲ ਲਾ ਕੇ ਸਤਿਕਾਰ ਦਿੰਦੇ ਹਨ, ਉਸ ਲੰਗਰ ਦੀਆਂ ਸੁੱਕੀਆਂ ਰੋਟੀਆਂ ਅਤੇ ਲੰਗਰ ਦੀ ਜੂਠ ਦੇ ਫੋਕਟ ਪਦਾਰਥਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿਚ ਬੇਨਿਯਮੀ ਕਰਕੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਲਗਪਗ ਇਕ ਕਰੋੜ ਰੁਪਏ ਦੀ ਹੇਰਾਫੇਰੀ ਕਰ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਮਾਮਲੇ ਦੀ ਮੁੱਢਲੀ ਪੜਤਾਲ ਤੋਂ ਬਾਅਦ ਸਖ਼ਤ ਤੇ ਮਿਸਾਲੀ ਕਾਰਵਾਈ ਕਰਦਿਆਂ 51 ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਮੁਅੱਤਲ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ ਪਰ ਕੁਝ ਮੁਲਾਜ਼ਮਾਂ ਦੀ ਗਿਰੇਵਾਨ ਤੋਂ ਡਿੱਗੀ ਹਰਕਤ ਨੇ ਸ਼ਰਧਾਵਾਨ ਸੰਸਾਰ ਭਰ 'ਚ ਵਸਦੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਣ ਤੋਂ ਪਹਿਲਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਮਹੰਤ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਜਿੱਥੇ ਗੁਰਦੁਆਰਿਆਂ 'ਚ ਅਨੈਤਿਕ ਕੰਮ ਕਰਦੇ ਸਨ, ਉੱਥੇ ਗੁਰਦੁਆਰਿਆਂ ਦੇ ਚੜ੍ਹਤ-ਚੜ੍ਹਾਵੇ ਨੂੰ ਐਸ਼-ਪ੍ਰਸਤੀ ਲਈ ਵਰਤਦੇ ਸਨ। ਗੁਰਦੁਆਰਾ ਸੰਸਥਾ, ਜਿਸ ਮਕਸਦ ਲਈ ਗੁਰੂ ਸਾਹਿਬਾਨ ਨੇ ਖੜ੍ਹੀ ਕੀਤੀ ਸੀ, ਉਸ ਤੋਂ ਦੂਰ ਜਾਂਦੀ ਵੇਖਦਿਆਂ ਉਸ ਵੇਲੇ ਦੇ ਸਿੱਖਾਂ ਨੇ ਆਪਣੇ ਪਾਵਨ ਗੁਰਧਾਮਾਂ ਨੂੰ ਗੁਰਮਤਿ ਅਨੁਸਾਰੀ ਸੰਗਤੀ ਸੇਵਾ-ਸੰਭਾਲ ਵਿਚ ਲਿਆਉਣ ਅਤੇ ਗੁਰਦੁਆਰਾ ਸੰਸਥਾ ਨੂੰ ਆਪਣੇ ਬੁਨਿਆਦੀ ਮਨੋਰਥ ਦੇ ਮੁਖਾਤਿਬ ਕਰਨ ਲਈ, ਲਾਸਾਨੀ ਕੁਰਬਾਨੀਆਂ ਦੇ ਕੇ 1920 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਸੀ।

ਇਕ ਸਦੀ ਦੇ ਸਫ਼ਰ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਖ਼ੁਦਮੁਖਤਿਆਰ ਗੁਰਦੁਆਰਾ ਸੰਸਥਾ, ਜਿਸ ਨੂੰ ਕਿ ਪੰਜਾਬ ਦੀ ਰਵਾਇਤ 'ਚ 'ਸਰਕਾਰ ਦੇ ਅੰਦਰ ਇਕ ਸਰਕਾਰ' ਵਜੋਂ ਵੀ ਵੇਖਿਆ ਜਾਂਦਾ ਹੈ, ਨੇ ਬਹੁਤ ਉਤਰਾਅ-ਚੜ੍ਹਾਅ ਵੇਖੇ ਹਨ। ਕਦੇ ਇਹ ਸੰਸਥਾ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਰਹੀ ਅਤੇ ਕਦੇ ਰਾਜਨੀਤੀ ਇਸ ਨੂੰ। ਇਸ ਦੇ ਸਭ ਤੋਂ ਲੰਬਾ ਸਮਾਂ 26 ਸਾਲ ਪ੍ਰਧਾਨ ਸਿੱਖ ਸਿਆਸਤ ਦੇ ਬਾਬਾ ਬੋਹੜ ਜਥੇਦਾਰ ਗੁਰਚਰਨ ਸਿੰਘ ਟੌਹੜਾ ਰਹੇ, ਜਿਨ੍ਹਾਂ ਦੇ ਕਾਰਜਕਾਲ ਨੂੰ ਅਜੇ ਤੱਕ ਚੇਤੇ ਕੀਤਾ ਜਾਂਦਾ ਹੈ। ਉਨ੍ਹਾਂ ਤੋਂ ਬਾਅਦ ਲਗਪਗ 11 ਸਾਲ ਜਥੇਦਾਰ ਅਵਤਾਰ ਸਿੰਘ ਮੱਕੜ ਪ੍ਰਧਾਨ ਰਹੇ। ਇਕ ਸਮੇਂ ਸ਼੍ਰੋਮਣੀ ਕਮੇਟੀ ਦਾ ਅਕਸ ਇਸ ਕਦਰ ਧੁੰਦਲਾ ਹੋਣ ਲੱਗਾ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧਾਂ 'ਚ ਵਿੱਤੀ ਬੇਨਿਯਮੀਆਂ, ਭ੍ਰਿਸ਼ਟਾਚਾਰ, ਅਨੈਤਿਕ ਕਾਰਵਾਈਆਂ ਅਤੇ ਧਰਮ ਪ੍ਰਚਾਰ ਵਿਚ ਅਵੇਸਲੇਪਨ ਵਰਗੇ ਦੋਸ਼ਾਂ ਦੀ ਚਰਚਾ ਆਮ ਜਿਹੀ ਗੱਲ ਹੋ ਗਈ ਸੀ। ਇਮਾਰਤੀ ਉਸਾਰੀਆਂ, ਮੈਨੇਜਰਾਂ ਦੀਆਂ ਨਿਯੁਕਤੀਆਂ ਅਤੇ ਹੋਰ ਕੰਮਾਂ ਵਿਚ ਲੈਣ-ਦੇਣ ਅਤੇ ਭਾਈ-ਭਤੀਜਾਵਾਦ ਭਾਰੂ ਹੋਣ ਦੇ ਦੋਸ਼ ਤੱਕ ਲਗਦੇ ਰਹੇ। ਸਾਲ 2005 'ਚ ਇਕ ਅਖ਼ਬਾਰ ਵਿਚ ਸੂਚਨਾ ਦੇ ਅਧਿਕਾਰ ਤਹਿਤ ਪੰਜਾਬ ਪੁਲਿਸ ਮੁਖੀ ਦੇ ਹਵਾਲੇ ਨਾਲ ਖ਼ਬਰ ਛਪੀ ਸੀ ਕਿ ਸ਼੍ਰੋਮਣੀ ਕਮੇਟੀ ਦੇ ਹਰ ਚੌਥੇ ਮੁਲਾਜ਼ਮ ਦੇ ਖ਼ਿਲਾਫ਼ ਕੋਈ ਅਪਰਾਧਿਕ ਮੁਕੱਦਮਾ ਚੱਲਦਾ ਹੈ।

ਬੇਸ਼ੱਕ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਪ੍ਰਧਾਨ ਬਣਨ (2016) ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿਚ ਸੁਧਾਰ ਵਾਲੇ ਪਾਸੇ ਗੱਲ ਤੁਰੀ ਅਤੇ ਅਗਲੇ ਪ੍ਰਧਾਨਾਂ ਨੇ ਵੀ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਰਾਜਸੀ ਮੁੱਦਾ ਬਣਦਾ ਦੇਖਦਿਆਂ ਗੰਭੀਰਤਾ ਨਾਲ ਸੰਸਥਾ ਦਾ ਅਕਸ ਸੁਧਾਰਨ ਲਈ ਕਈ ਠੋਸ ਕਦਮ ਵੀ ਪੁੱਟੇ ਪਰ ਗ਼ੈਰ-ਜ਼ਰੂਰੀ ਸਿਆਸੀ ਦਖ਼ਲ, ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਚਲੀ ਧੜੇਬੰਦੀ ਅਤੇ ਬਹੁਤ ਸਾਰੇ ਕਰਮਚਾਰੀਆਂ ਵਿਚ ਗ਼ੈਰ-ਪੇਸ਼ੇਵਾਰਾਨਾ ਤੇ ਗ਼ੈਰ-ਜ਼ਿੰਮੇਵਾਰਾਨਾ ਸੱਭਿਆਚਾਰ ਕਾਰਨ ਢਾਂਚੇ 'ਚ ਪੂਰਨ ਦਰੁਸਤੀ ਹੋਣੋਂ ਰਹਿ ਗਈ।

ਭਾਵੇਂ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ ਨਾਲ ਜੁੜੀਆਂ ਬੇਨਿਯਮੀਆਂ ਕੁਝ ਅਹੁਦੇਦਾਰਾਂ, ਅਧਿਕਾਰੀਆਂ ਜਾਂ ਮੁਲਾਜ਼ਮਾਂ ਦੀ ਗ਼ੈਰ-ਜ਼ਿੰਮੇਵਾਰੀ ਜਾਂ ਬੇਇਮਾਨੀ ਦਾ ਨਤੀਜਾ ਹੁੰਦੀਆਂ ਹਨ ਪਰ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਦੀ ਸੰਸਥਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਨਾਲ ਜੁੜੇ ਹਰ ਵਿਵਾਦ ਦਾ ਪ੍ਰਭਾਵ ਸ਼੍ਰੋਮਣੀ ਅਕਾਲੀ ਦਲ ਤੱਕ ਜ਼ਰੂਰ ਜਾਂਦਾ ਹੈ। ਆਮ ਲੋਕ ਇਹ ਸਮਝਦੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਸ਼੍ਰੋਮਣੀ ਅਕਾਲੀ ਦਲ ਚਲਾ ਰਿਹਾ ਹੈ ਅਤੇ ਇਸ ਵਿਚ ਹਰੇਕ ਵਿੱਤੀ ਬੇਨਿਯਮੀ ਜਾਂ ਗੜਬੜ ਲਈ ਸਿੱਧੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਹੀ ਜ਼ਿੰਮੇਵਾਰ ਹੈ। ਪੰਜਾਬ ਦੀਆਂ ਪਿਛਲੀਆਂ ਦੋ ਸੂਬਾਈ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਮਾੜੀ ਕਾਰਗੁਜ਼ਾਰੀ ਪਿੱਛੇ ਵੀ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿਚ ਆਏ ਵਿਗਾੜਾਂ ਦਾ ਮੁੱਦਾ ਵੀ ਇਕ ਕਾਰਨ ਰਿਹਾ ਹੈ।

ਦੁਨੀਆ ਭਰ ਦੇ ਸਿੱਖ ਗੁਰਦੁਆਰਾ ਪ੍ਰਬੰਧਾਂ ਵਿਚ ਵਧੇਰੇ ਸੁਧਾਰ ਤੇ ਪਾਰਦਰਸ਼ਿਤਾ ਚਾਹੁੰਦੇ ਹਨ ਅਤੇ ਉਹ ਆਸ ਕਰਦੇ ਹਨ ਕਿ ਗੁਰਦੁਆਰਿਆਂ ਦੇ ਚੜ੍ਹਤ-ਚੜ੍ਹਾਵੇ ਨੂੰ ਸੰਗਤ ਦੀ ਸੇਵਾ ਅਤੇ ਧਰਮ ਪ੍ਰਚਾਰ ਦੇ ਬਿਹਤਰੀਨ ਕਾਰਜਾਂ ਦੇ ਲੇਖੇ ਲਾਇਆ ਜਾਵੇ। ਸਿੱਖ ਸਮਾਜ ਦੇ ਬਹੁਤ ਸਾਰੇ ਅਜਿਹੇ ਤਰਜੀਹੀ ਕਾਰਜ ਹਨ, ਜਿਨ੍ਹਾਂ ਲਈ ਸਿੱਖ ਭਾਈਚਾਰਾ ਸ਼੍ਰੋਮਣੀ ਕਮੇਟੀ ਕੋਲੋਂ ਤਵੱਕੋਂ ਰੱਖਦਾ ਹੈ। ਜਿਵੇਂ ਕਿ ਸਿੱਖ ਸਮਾਜ ਦੇ ਗ਼ਰੀਬ ਤੇ ਪੱਛੜੇ ਵਰਗਾਂ ਦੇ ਆਰਥਿਕ ਤੇ ਸਮਾਜਿਕ ਉਥਾਨ ਦੇ ਯਤਨ ਤੇਜ਼ ਕਰਨੇ, ਧਰਮ ਪ੍ਰਚਾਰ ਦੇ ਨਾਲ-ਨਾਲ ਸਿਹਤ, ਸਿੱਖਿਆ ਅਤੇ ਨੈਤਿਕਤਾ ਦੇ ਪ੍ਰਚਾਰ-ਪ੍ਰਸਾਰ ਲਈ ਸਰਗਰਮ ਲਹਿਰ ਚਲਾਉਣੀ ਸਮੇਂ ਦੀ ਵੱਡੀ ਲੋੜ ਹੈ।

ਬਿਨਾਂ ਸ਼ੱਕ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸਾਦਗੀ ਦੀ ਚਰਚਾ ਰਹਿੰਦੀ ਹੈ। ਉਹ ਅਕਸਰ ਹੁਸ਼ਿਆਰਪੁਰ ਦੀਆਂ ਕਚਹਿਰੀਆਂ ਵਿਚ ਵਕਾਲਤ ਲਈ ਸਕੂਟਰੀ 'ਤੇ ਚਲੇ ਜਾਂਦੇ ਹਨ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਮਿਲੀ ਸੰਸਥਾ ਦੀ ਗੱਡੀ ਵਿਚ ਤੇਲ ਵੀ ਆਪਣੇ ਕੋਲੋਂ ਹੀ ਪਵਾਉਂਦੇ ਹਨ, ਜਦੋਂਕਿ ਇਕ ਪ੍ਰਧਾਨ ਦੇ ਵੇਲੇ ਗੁਰੂ ਦੀ ਗੋਲਕ ਵਿਚੋਂ ਪੰਜ ਸਾਲਾਂ ਵਿਚ ਡੇਢ ਕਰੋੜ ਦਾ ਤੇਲ ਫੂਕ ਦੇਣ ਦਾ ਵਿਵਾਦ ਚਰਚਿਤ ਰਿਹਾ ਹੈ। ਇਸ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਬਾਰੇ ਆਖਿਆ ਜਾਂਦਾ ਹੈ ਕਿ ਉਹ ਪੈੱਨ ਤੱਕ ਵੀ ਸ਼੍ਰੋਮਣੀ ਕਮੇਟੀ ਦਾ ਨਹੀਂ ਵਰਤਦੇ ਸਨ। ਐਡਵੋਕੇਟ ਧਾਮੀ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਇੱਛਾ-ਸ਼ਕਤੀ ਨਾਲ ਕੀਤੀ ਸ਼ੁਰੂਆਤੀ ਕਾਰਵਾਈ ਦੀ ਪ੍ਰਸੰਸਾ ਕਰਨੀ ਬਣਦੀ ਹੈ, ਜਿਸ ਵਿਚ ਉਨ੍ਹਾਂ ਖ਼ੁਦ ਪੜਤਾਲ ਕਰਵਾ ਕੇ ਲੰਗਰ ਨਾਲ ਜੁੜੀ ਵੱਡੀ ਬੇਨਿਯਮੀ ਵਿਚ 51 ਮੁਲਾਜ਼ਮ ਮੁਅੱਤਲ ਕਰਕੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਤਾਂ ਜੋ ਦੋਸ਼ੀਆਂ ਨੂੰ ਬਿਨਾਂ ਪੱਖਪਾਤ ਤੋਂ ਬਣਦੀ ਤੇ ਸਖ਼ਤ ਸਜ਼ਾ ਮਿਲ ਸਕੇ। ਇਸ ਦੇ ਨਾਲ ਇਹ ਆਸ ਕਰਨੀ ਵੀ ਬਣਦੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਢਾਂਚੇ ਨੂੰ ਚੁਸਤ-ਦਰੁਸਤ ਕਰਨ ਦੇ ਨਾਲ-ਨਾਲ ਗੁਰਦੁਆਰਾ ਸੰਸਥਾ ਦੀ ਬਿਹਤਰੀ ਤੇ ਸਿੱਖ ਸਮਾਜ ਦੀ ਭਲਾਈ ਦੇ ਸਰਬੱਪਖੀ ਮਨੋਰਥਾਂ ਨੂੰ ਮੁਖਾਤਿਬ ਹੋਣ ਵੱਲ ਵਿਸ਼ੇਸ਼ ਤਵੱਜੋਂ ਦੇਣਗੇ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300
**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
**Dublin ca 94568 Ph. : (408) 687-1899**
**Email: homeomedicine@yahoo.com**
**http://www.homeomedicineatoz.com**



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਪੈਲਵਿਕ ਦੇ ਅੰਦਰ ਮੌਜੂਦ ਔਰਤ ਦੇ ਜਣਨ ਅੰਗਾਂ ਵਿੱਚ ਯੂਟਰਿਸ ਯਾਨੀ ਬਚੇਦਾਨੀ (Fundus of uterus) ਬੱਚੇਦਾਨੀ ਦੇ ਦੋਹੀਂ ਪਾਸੀਂ ਲੱਗੀਆਂ ਫੈਲੋਪੀਅਨ ਟਿਊਬਾਂ ਦੇ ਉਪਰਲਾ ਹਿੱਸਾ ਯੂਟਰਸ ਦਾ ਫੰਡਸ ਯਾਨੀਚੋਟੀ ਜਾ ਟੋਪੀ ਯਾਨੀ ਫੰਡਸ ਦੇ ਨਾ ਨਾਲ ਜਾਣਿਆ ਜਾਂਦਾ ਹੈ।

ਚੋਟੀ ਯਾਨੀ ਫੰਡਸ ਵਾਲੇ ਹਿੱਸੇ ਅਤੇ ਬੱਚੇਦਾਨੀ ਦੇ ਅਸਲ ਹਿੱਸੇ ਦੇ ਜੋੜ ਤੋਂ ਦੋ ਫੈਲੋਪੀਅਨ ਟਿਊਬਾਂ ਨਿਕਲਦੀਆਂ ਹਨ।

ਇਸੇ ਤਰ੍ਹਾਂ ਹੀ ਬੱਚੇਦਾਨੀ ਦੇ ਦੋਹਾਂ ਪਾਸਿਆਂ ਤੋਂ ਫੈਲੋਪੀਅਨ ਟਿਊਬਾਂ ਦੇ ਜੋੜ ਦੇ ਹੇਠਲੇ ਪਾਸੇ ਤੋਂ ਇਕ ਮਾਸ ਦੇ ਲਿੰਕਯਾਨੀ ਓਵਰੀ ਦਾ ਲਿਗਾਮੈਂਟ ਯਾਨੀ ਰਸੀਆ ਨਾਲ ਜੁੜੀਆਂ ਦੋਹੀਂ ਪਾਸੀਂ ਦੋ ਓਵਰੀਆਂ ਹਨ।

ਬੱਚੇਦਾਨੀ ਦੀ ਗਰਦਨ ਵਜਾਈਨਾ ਦੇ ਅੱਧ ਵਿੱਚ ਉੱਪਰੋਂ ਲਟਕਦੀ ਤੇ ਹੇਠਾਂ ਵੇਜਾਈਨਾ ਵਿਚ ਖੁੱਲ੍ਹਦੀ ਹੈ। ਇਹਨਾਂ ਦਾ ਵੇਰਵਾ ਇਕ ਇਕ ਕਰਕੇ ਅਸੀਂ ਹੇਠਾਂ ਦਰਜ ਕਰ ਰਹੇ ਹਾਂ।

(Vagina) ਵਜਾਈਨਾ ਯਾਨੀ ਭਗ ਤੇ ਭਾਗ ਦੁਆਰ। ਬੱਚੇਦਾਨੀ ਦੀ ਸਰਵਿਕਸ ਯਾਨੀ ਗਰਦਨ ਯਾਨੀ ਬੱਚੇਦਾਨੀ ਦਾ ਹੇਠਲਾ ਤੰਗ ਤੇ ਲੰਬੇ ਹਿੱਸੇ ਨੂੰ ਸਰਵਿਕਸ ਯਾਨੀ ਬੱਚੇਦਾਨੀ ਦੀ ਗਰਦਨ ਕਹਿੰਦੇ ਹਨ। ਜਿਸ ਰਾਹੀਂ ਬੱਚੇਦਾਨੀ ਦਾ ਮੂੰਹ ਵਜਾਈਨਾ ਯਾਨੀ ਭਗਦੇ ਉਪਰਲੇ ਹਿੱਸੇ ਵਿਚ ਖੁਲ੍ਹਦਾ ਹੈ। ਪਰ ਵਜਾਈਨਾ ਦਾ ਹੇਠਲਾ ਹਿੱਸਾ ਯਾਨੀ ਭਾਗ ਦੁਆਰ ਵਲਵਾ ਯਾਨੀ ਔਰਤ ਦੇ ਬਾਹਰੀ ਜਣਨ ਅੰਗਾਂ ਵਿਚ ਖੁੱਲ੍ਹਦਾ ਹੈ।

ਇਕ ਗੱਲ ਫਿਰ ਯਾਦ ਕਰਵਾਦਿਆਂ ਕਿ ਅਸੀਂ ਔਰਤ ਨਵਜੀਵਨ ਦੇ ਅੰਗਾਂ ਦੀ ਵਿਆਖਿਆ ਕਰ ਰਹੇ ਹਾਂ। ਇਹ ਵਿਆਖਿਆ ਬਚਪਨ ਤੋਂ ਹੁੰਦੜਹੇਲ ਯਾਨੀ ਜਵਾਨੀ ਵੱਲ ਵੱਧਦਿਆਂ ਦਾ ਵੇਰਵਾ ਹੈ। ਇਸ ਵਿਚ ਕਿਵੇਂ-ਕਿਵੇਂ ਤਬਦੀਲੀਆਂ ਹੁੰਦੀਆਂ ਹਨ ਇਹ ਜਾਨਣਾ ਜ਼ਰੂਰੀ ਹੈ। ਖ਼ਾਸ ਕਰ ਉਹਨਾਂ ਮਾਪਿਆਂ ਲਈ ਮਾਵਾ ਲਈ ਜਿਹੜੇ ਲੜਕੀ ਦੇ ਜਨਮ ਸਮੇਂ ਫਿਕਰਮੰਦ ਹੁੰਦੇ ਹਨ ਕਿ ਸਾਡੀ ਬੱਚੀ ਦਾ ਸਰੀਰਕ ਜੀਵਨ ਕਿਵੇਂ-ਕਿਵੇਂ ਵਿਕਸਤ ਹੋਵੇਗਾ ਇਸ ਵਿੱਚ ਕੋਈ ਰੁਕਾਵਟ ਤਾਂ ਨਹੀਂ ਤਾਂ ਕਿ ਅੱਗੇ ਚਲ ਕੇ ਕਿਸੇ ਤਰ੍ਹਾਂ ਦੀ ਨਵਜੀਵਨ ਪੈਦਾ ਕਰਨ ਵਿੱਚ ਕੋਈ ਦਿੱਕਤ ਤਾਂ ਨਹੀਂ ਆਵੇਗੀ। ਹੁਣ ਅਸੀਂ ਇਹਨਾਂ ਅੰਗਾਂ ਦੀ ਇਕ-ਇਕ ਕਰਕੇ ਸਰੀਰ ਵਿੱਚ ਪੁਜ਼ੀਸ਼ਨ ਬਣਤਰ ਤੇ ਕੰਮਕਾਰ ਦੀ ਜ਼ੁੰਮੇਵਾਰੀ ਵਿਚਾਰਾਂਗੇ। ਸਭ ਤੋਂ ਪਹਿਲਾਂ ਯੂਟਰਿਸ ਯਾਨੀ ਬੱਚੇਦਾਨੀ ਜੋ ਮੇਨ ਅੰਗ ਹੈ ਉਹਦੀ ਵਿਆਖਿਆ ਸ਼ੁਰੂ ਕਰ ਰਹੇ ਹਾਂ।

**ਬੱਚੇਦਾਨੀ (ਗਰਭਾਸ਼ੇ)**

ਇਹ ਮਾਸਪੇਸੀਆ ਦਾ ਬਣਿਆ ਅੰਦਰੋਂ ਖੋਖਲਾ ਪਰ ਪਿਚਕਿਆ ਹੋਇਆ ਅੰਗ ਹੈ ਭਾਵ ਇਹਦੇ ਅੰਦਰੋਂ-ਅੰਦਰ ਇਕ ਖਾਲੀ ਥਾਂ ਇਕ ਬਰੀਕ ਮੋਰੀ ਵਰਗੀ ਹੁੰਦੀ ਹੈ। ਜਿਹੜੀ ਆਮ ਤੌਰ 'ਤੇ ਆਪਸ ਵਿੱਚ ਜੁੜੀ ਰਹਿੰਦੀ ਹੈ ਤੇ ਲੋੜ ਅਨੁਸਾਰ ਮੈਨਸਿਸ ਦੀ ਮਾਸਿਕ ਕਿਰਿਆ ਦੌਰਾਨ ਫੈਲਦੀ ਤੇ ਸੁੰਗੜਦੀ ਰਹਿੰਦੀ ਹੈ। ਖ਼ਾਸ ਕਰ ਪ੍ਰੈਗਨੈਂਸੀ ਸਮੇਂ ਇਹ ਵੱਧ ਤੋਂ ਵੱਧ ਫੈਲਦੀ ਹੈ ਤਾਂਕਿ ਬੱਚਾ ਇਸ ਵਿੱਚ ਅਸਾਨੀ ਨਾਲ ਘੁੰਮ ਸਕੇ। ਬੱਚੇਦਾਨੀ ਨੂੰ ਗਰਭਾਸੇ ਅੰਗਰੇਜ਼ੀ ਵਿੱਚ ਵੌਮਬ (womb) ਕਹਿੰਦੇ ਹਨ। ਇਹ ਤਿੰਨ ਤੋਂ ਚਾਰ ਇੰਚ ਤੱਕ ਲੰਬਾਈ ਵਿੱਚ ਜਿਵੇਂ ਉਲਟੀ ਨਾਖ ਯਾਨੀ ਪੇਅਰ ਹੋਵੇ ਭਾਵ ਪੇਅਰ ਫਲ ਦਾ ਮੋਟਾ ਪਾਸਾ ਉੱਪਰ ਵੱਲ ਤੇ ਛੋਟਾ ਤੇ ਲੰਬਾ ਪਤਲਾ ਪਾਸਾ ਹੇਠਾ ਵੱਲ ਹੁੰਦਾ ਹੈ ਅਤੇ ਚੌੜਾਈ ਵਿੱਚ ਢਾਈ ਇੰਚ ਹੁੰਦੀ ਹੈ। ਮਾਸਿਕ ਧਰਮ ਵਿੱਚ ਮਾਸਿਕ ਧਰਮ ਦੇ ਸਮੇਂ ਅਨੁਸਾਰ, ਪ੍ਰੈਗਨੈਂਸੀ ਦੌਰਾਨ ਜਾਂ ਫਾਇਬਰਾਂਇਡ ਵਰਗੀਆਂ ਮੈਡੀਕਲ ਕੰਡੀਸ਼ਨਾਂ ਕਰਕੇ ਇਹਦਾ ਸਾਈਜ਼ ਫੈਲਾਉ ਵਿੱਚ ਵੱਧ ਘੱਟ ਹੁੰਦਾ ਰਹਿੰਦਾ ਹੈ।

ਬੱਚੇਦਾਨੀ ਔਰਤ ਸਰੀਰ ਦੇ ਹੇਠਲੇ ਹਿੱਸੇ ਯਾਨੀ ਪੈਲਵਿਕ ਦੇ ਵਿਚਕਾਰ ਹੁੰਦੀ ਹੈ ਤੇ ਆਸੇ ਪਾਸੇ ਤੋਂ ਮਾਸਪੇਸ਼ੀਆ ਨਾਲ ਇਕ ਥਾਂ 'ਤੇ ਸਥਿਰ ਕੀਤੀ ਜਾਂਦੀ ਹੈ। ਇਹਦੇ ਪਿਛਲੇ ਪਾਸੇ ਗੁਦਾ ਯਾਨੀ ਮੱਲ ਸਟੋਰ ਕਰਨ ਵਾਲੀ ਨਾਲੀ ਦਾ ਹਿੱਸਾ ਹੁੰਦਾ ਹੈ ਜਿਸਨੂੰ ਰੈਕਟਮ ਕਹਿੰਦੇ ਹਨ। ਬੱਚੇਦਾਨੀ ਦੇ ਸਾਹਮਣੇ ਪਾਸੇ ਪੇਸ਼ਾਪ ਵਾਲੀ ਥੈਲੀ ਯਾਨੀ ਯੂਰੀਨਰੀ ਬਲੈਡਰ ਹੁੰਦਾ ਹੈ। ਠੀਕ ਜਿਵੇਂ ਮਰਦ ਸਰੀਰ ਵਿਚ ਪ੍ਰੋਸਟੇਟ ਦੀ ਪੁਜ਼ੀਸ਼ਨ ਹੈ ਉਸੇ ਤਰ੍ਹਾਂ ਦੀ ਹੀ ਔਰਤ ਸਰੀਰ ਵਿਚ ਬੱਚੇਦਾਨੀ ਦੀ ਪੁਜ਼ੀਸ਼ਨ ਹੈ। ਇਹਦੇ ਚੌਫੇਰੇ ਮਾਸਪੇਸ਼ੀਆ ਤੋਂ ਇਲਾਵਾ ਫੈਂਟ ਭਰਿਆ ਹੁੰਦਾ ਹੈ। ਭਾਵ ਇਹਦੇ ਚੌਫੇਰੇ ਖਾਲੀ ਜਗ੍ਹਾ ਨਹੀਂ ਹੁੰਦੀ। ਮਾਸਪੇਸ਼ੀਆ ਦੇ ਦੁਆਲੇ ਹੱਡੀਆਂ ਦਾ ਢਾਂਚਾ ਹੁੰਦਾ ਹੈ ਜਿਸਨੂੰ ਸਾਂਝੇ ਤੌਰ 'ਤੇ ਪੈਲਵਿਕ ਬਰਿਮ ਕਹਿੰਦੇ ਹਨ ਜਿਸ ਵਿੱਚ ਜਿਵੇਂਕਿ ਉੱਪਰ ਦੱਸਿਆ ਗਿਆ ਹੈ ਕਿ ਤਿੰਨ ਤਿੰਨ ਹੱਡੀਆਂ ਦੀ ਗੁਲਾਈ ਇਕ ਪਾਸੇ ਤੇ ਠੀਕ ਇਵੇਂ ਹੀ ਤਿੰਨ ਤਿੰਨ ਹੱਡੀਆਂ ਦੀ ਗੁਲਾਈ ਦੂਸਰੇ ਪਾਸੇ ਬਣਕੇ ਫਿਰ ਆਪਸ ਵਿੱਚ ਜੁੜ ਕੇ ਇਕਗੋਲਾਕਾਰ ਡਰੰਮ ਦੀ ਸ਼ਕਲ ਬਣਦੀ ਹੈ। ਆਮ ਡਰਮ ਤੁਸੀਂ ਸਮਝਦੇ ਹੋ ਜਿਸ ਵਿੱਚ ਦਾਣੇ ਪਾਕੇ ਸਾਂਭੇ ਜਾਂਦੇ ਹਨ ਜਾਂ ਇਸ ਨੂੰ ਭੜੋਲਾ ਵੀ ਕਹਿੰਦੇ ਹਨ ਜਿਸ ਦਾ ਉੱਪਰ ਵਾਲਾ ਮੂੰਹ ਜ਼ਿਆਦਾ ਖੁੱਲ੍ਹਾ ਹੁੰਦਾ ਹੈ ਅਤੇ ਹੇਠਾਂ ਵੱਲ ਆਉਂਦਿਆਂ ਇਹ ਸੁਕੜਦਾ ਜਾਂਦਾ ਹੈ। ਇਸਦੇ ਪਿਛਲੇ ਪਾਸੇ ਫਿਰ ਵੀ ਇਕ ਖਾਲੀ ਥਾਂ ਰਹਿ ਜਾਂਦੀ ਹੈ ਜਿਸਨੂੰ ਰੀੜ ਦੀ ਹੱਡੀ ਦਾ ਕਮਰ ਦੇ ਹੇਠਲਾ ਹਿੱਸਾ ਯਾਨੀ ਸੈਕਰਮ ਤੇ ਕੋਕਸਿਕਸ ਤੱਕ ਦਾ ਹਿੱਸਾ ਰਲ ਕੇ ਪੂਰਾ ਕਰਦੀਆਂ ਹਨ। ਉੱਪਰ ਵਾਲਾ ਹਿੱਸਾ ਸਥਿਰ ਤੇ ਹੇਠਾਂ ਵਾਲਾ ਹਿੱਸਾ ਖ਼ਾਸ ਕਰ ਔਰਤਾਂ ਵਿੱਚ ਲਚਕਦਾਰ ਹੁੰਦਾ ਹੈ। ਤਾਂਕਿ ਬੱਚੇ ਦੀ ਪੈਦਾਇਸ਼ ਸਮੇਂ ਇਹ ਹੇਠਲਾ ਹਿੱਸਾ ਲੋੜ ਅਨੁਸਾਰ ਫੈਲ ਸਕੇ ਤੇ ਬੱਚੇ ਦਾ ਸਰੀਰ ਇਸ ਰਾਹੀਂ ਬਾਹਰ ਆ ਸਕੇ।

**ਬੱਚੇਦਾਨੀ ਦੇ ਹਿੱਸੇ**

ਸਭ ਤੋਂ ਉੱਪਰ ਗੁਲਾਈ ਵਾਲੇ ਹਿੱਸੇ ਨੂੰ ਫੰਡਸ ਕਹਿੰਦੇ ਹਨ। ਫੰਡਸ ਹੇਠਾਂ ਵੱਲ ਆਉਂਦਾ ਗੁਲਾਈ ਬਣਾਈ ਰੱਖਦਾ ਹੈ। ਜਿਥੋਂ ਤੱਕ ਇਸਦੀ ਗੁਲਾਈ ਬਣੀ ਰਹਿੰਦੀ ਹੈ ਇਹ ਸਭ ਤੋਂ ਵੱਡਾ ਹਿੱਸਾ ਹੈ ਬੱਚੇਦਾਨੀ ਦਾ। ਇਸਨੂੰ ਬਾਡੀ ਯਾਨੀ ਬੱਚੇਦਾਨੀ ਦਾ ਸਰੀਰ ਕਹਿੰਦੇ ਹਨ। ਫੰਡਸ ਤੇ ਬਾਡੀ ਦੇ ਮਿਲਣ ਅਸਥਾਨ ਤੇ ਦੋਹੀਂ ਪਾਸੀਂ ਇਸ ਨਾਲ ਦੋ ਟਿਊਬਾਂ ਜੁੜੀਆਂ ਹੁੰਦੀਆਂ ਹਨ ਜਿਹਨਾਂ ਨੂੰ ਫੈਲੋਪੀਅਨ ਟਿਊਬ ਕਹਿੰਦੇ ਹਨ ਇਸ ਤੋਂ ਹੇਠਾਂ ਵੱਲ ਬੱਚੇਦਾਨੀ ਦੀ ਬਾਡੀ ਸੁੰਘੜਨੀ ਸ਼ੁਰੂ ਹੁੰਦੀ ਹੈ ਤੇ ਹੇਠਲੇ ਪਾਸੇ ਇਹ ਇਕ ਨਾਲੀ ਯਾਨੀ ਟਿਊਬ ਦੀ ਸ਼ਕਲ ਵਰਗੀ ਹੁੰਦੀ ਹੈ। ਇਸ ਟਿਊਬ ਵਰਗੇ ਹਿੱਸੇ ਨੂੰ ਇਸਥਮਸ ਕਹਿੰਦੇ ਹਨ। ਇਸ ਟਿਊਬ ਦੇ ਰੂਪ ਵਿਚ ਇਹ ਹੇਠਾਂ ਵੇਜਾਈਨਾ ਵਿਚ ਖੁੱਲ੍ਹਦੀ ਹੈ। ਇਕ ਮੈਂਬਰਾਨ ਯਾਨੀ ਪਰਦਾ ਜਿਸਨੂੰ ਬਰਾਡ ਲਿਗਾਮੈਂਟ ਕਹਿੰਦੇ ਹਨ ਇਹ ਗ਼ਿਲਾਫ਼ ਦੀ ਤਰ੍ਹਾਂ ਬੱਚੇਦਾਨੀ ਦੇ ਸਾਰੇ ਹਿੱਸਿਆਂ ਨੂੰ ਆਪਣੇ ਵਿੱਚ ਰਜਾਈ ਦੇ ਗ਼ਿਲਾਫ਼ ਦੀ ਤਰ੍ਹਾਂ ਲਿਪੇਟੀ ਰੱਖਦਾ ਹੈ। ਇਹ ਬਰਾਡ ਲਿਗਾਮੈਂਟ ਪੇਟ ਵਿੱਚ ਆਤੜੀਆਂ ਨੂੰ ਆਪਣੇ ਵਿੱਚ ਲਿਪੇਟੀ ਰੱਖਣ ਵਾਲੇ ਪੇਰੀਟੋਨੀਅਮ ਖਿਲਾਫ ਵਰਗੇ ਪਰਦੇ ਦਾ ਹੀ ਹਿੱਸਾ ਹੈ।

(ਚੱਲਦਾ)

**HOMEOPATHIC NATURAL MEDICINES**
When Tired of All Treatments, For any Disease, At any Age
Try Alternative Treatment
Safe and Effective Medicines without any Side Effects

Consultant/Physician Since 1973
DHMS-Gold Medalist, BAMS, MDEH
Ex Prof, Principal, & CMO Medical Colleges/Hospitals in India
Rx
GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA

**CAPITAL ACCOUNTING & TAX SERVICES**


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
**(IRP) Plates-48 States-Same Day**
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**
- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

**ਸਾਨੂੰ 16 ਸਾਲਾਂ ਦਾ ਤਜ਼ਰਬਾ ਹੈ।**

**Same Day Plates Same Day Plates Same Day Plates**

**PH : 530-669-5780 Fax : 530-669-5775,**
**Cell : 530-908-9386 Cell : 530-405-6020**

Tax Returns- Corporations, LLC, Non-Profits, Small Business and Individuals

**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।**
**825 East Street, Suite 110 Woodland, CA 95776**
**440 N Palora Ave, Suite c Yuba City Ca. 95991**

**CALIFORNIA DMV LIV. # 40524**

# Healthy Body Healthy Mind

# 15th Annual Games

## July 22-23, 2023 | Saturday & Sunday

James Logan High School, 1800 H St, Union City CA 94587



SIKH SPORT ASSOCIATION OF U.S.A.



• Soccer • Track & Field • Basketball • Flag Football
• Wrestling Field Hockey • Volleyball • Kabaddi

**Register Today at www.sikhsports.com**

ਕੈਲੀਫੋਰਨੀਆ ਦਾ ਇੱਕੋ-ਇੱਕ ਟੂਰਨਾਮੈਂਟ ਜਿਥੇ 1,500 ਤੋਂ ਜ਼ਿਆਦਾ ਅਥਲੀਟ ਹਿੱਸਾ ਲੈਂਦੇ ਹਨ।

"ਕਿਰਪਾ ਕਰਕੇ ਅੱਜ ਆਪਣੇ ਆਪ ਨੂੰ ਜਾਂ ਆਪਣੀ ਟੀਮ ਨੂੰ ਰਜਿਸਟਰ ਕਰੋ"

Please send you donations to : 4430 Deerfield Way, Danville CA 94506

Sikh Sports Association of USA is a registered 501 (c) (3) Non-Profit Organization. General information : 1-866-499-0032

ਸਾਡੇ ਲੋਕ

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖ਼ਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਰਾਸ਼ਟਰਪਤੀ ਬਰਾਕ ਓਬਾਮਾ ਦਾ ਗੁਰਦੁਆਰਾ ਸਾਹਿਬ ਦੀ ਸ਼ੂਟਿੰਗ ਤੇ ਬਿਆਨ


(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਸੀਂ ਸਤਵੰਤ ਸਿੰਘ ਕਾਲੇਕਾ ਦੀ ਅਤਿਅੰਤ ਸੇਵਾ ਵੀ ਯਾਦ ਕਰ ਰਹੇ ਹਾਂ ਜਿਹਨਾਂ ਨੇ ਗੁਰਦੁਆਰੇ ਦੀ ਨੀਂਹ ਰੱਖੀ ਤੇ ਜਿਹਨਾਂ ਨੇ ਸੰਗਤਾਂ ਨੂੰ ਬਚਾਉਣ ਅਤੇ ਗੁਰਦੁਆਰੇ ਦੀ ਮਰਿਯਾਦਾ ਨੂੰ ਕਾਇਮ ਰੱਖਣ ਲਈ ਬਿਨਾਂ ਝਿੱਜਕ ਆਪਣੀ ਜਿੰਦ ਜਾਨ ਇਕ ਪਾਗਲ ਵਿਅਕਤੀ ਅੱਗੇ ਲਾ ਦਿੱਤੀ। ਸਾਨੂੰ ਕਦੇ ਵੀ ਇਸ ਗੱਲ ਦਾ ਪਤਾ ਨਹੀਂ ਲੱਗੇਗਾ ਕਿ ਸਤਵੰਤ ਨੇ ਕਿੰਨੇ ਹੀ ਜੀਵਨ ਆਪਣੀ ਸ਼ਹਾਦਤ ਦੇ ਕੇ ਬਚਾਏ। ਉਸ ਦੀ ਯਾਦ ਸਦਾ ਉਹਨਾਂ ਲੋਕਾਂ ਨੂੰ ਆਉਂਦੀ ਰਹੇਗੀ ਜਿਹਨਾਂ ਦੇ ਜੀਵਨ ਦਾ ਹਿੱਸਾ ਬਣ ਕੇ ਉਸ ਨੇ ਗੁਰਦੁਆਰੇ ਸੇਵਾ ਕੀਤੀ, ਲੋੜਵੰਦਾਂ ਨੂੰ ਰੋਟੀ ਖਵਾਈ, ਇਕੱਲਿਆਂ ਨੂੰ ਇਕੱਲਾਪਨ ਮਹਿਸੂਸ ਨਹੀਂ ਹੋਣ ਦਿੱਤਾ ਅਤੇ ਵਿੱਦਿਆਰਥੀਆਂ ਦੀਆਂ ਫ਼ੀਸਾਂ ਭਰੀਆਂ ਅਤੇ ਗਾਰੰਟੀਆਂ ਦਿੱਤੀਆਂ।

ਨਾਲ ਹੀ ਉਹਨਾਂ ਨੇ ਓਕ ਕਰੀਕ ਦੇ ਪੁਲਿਸ ਅਫ਼ਸਰਾਂ ਦੀ ਵੀ ਸ਼ਲਾਘਾ ਕੀਤੀ। ਉਹਨਾਂ ਨੇ ਕਿਹਾ ਕਿ ਪੁਲਿਸ ਅਫ਼ਸਰਾਂ ਨੇ ਬਹਾਦਰੀ ਵਾਲਾ ਕੰਮ ਕੀਤਾ ਹੈ ਜਿਹੜਾ ਕਿ ਪੁਲਿਸ ਨੂੰ ਕਰਨਾ ਚਾਹੀਦਾ ਸੀ। ਉਹਨਾਂ ਨੇ ਲਫਟੈਨ ਬ੍ਰਾਇਨ ਮਰਫੀ ਜਿਸ ਦੇ 9 ਗੋਲੀਆਂ ਲੱਗੀਆਂ, ਉਸ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ ਅਫ਼ਸਰ ਸੈਮ ਲਿੰਡਾ ਦੀ ਵੀ ਤਾਰੀਫ ਕੀਤੀ ਜਿਸ ਨੇ ਮਾਈਕਲ ਪੇਜ ਨੂੰ ਮਾਰ ਗਿਰਾਇਆ।

ਅੰਤ ਵਿਚ ਉਹਨਾਂ ਨੇ ਵਾਹਿਗੁਰੂ ਤੋਂ ਅਮਰੀਕਨ ਲੋਕਾਂ ਲਈ ਆਸ਼ੀਰਵਾਦ ਮੰਗਿਆ। ਉਹਨਾਂ ਨੇ ਅਮਰੀਕਾ ਦੀ ਭਾਈਚਾਰਕ ਸਾਂਝ ਵਾਸਤੇ ਅਰਦਾਸ ਕੀਤੀ।

ਇਸ ਘਟਨਾ ਦੀ ਗਹਿਰਾਈ ਨੂੰ ਦੇਖਦਿਆਂ ਹੋਇਆਂ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਅਫ਼ਸੋਸ ਵੱਜੋਂ ਅਮਰੀਕਾ ਦਾ ਝੰਡਾ ਤਿੰਨ ਦਿਨਾਂ (8 ਤੋਂ 10 ਅਗਸਤ 2012) ਲਈ ਅੱਧਾ ਝੁਕਾ ਦਿੱਤਾ।




ਗੁਰਦੁਆਰਾ ਸਾਹਿਬ ਓਕ ਕਰੀਕ ਵਿਚ 12 ਅਗਸਤ 2012 ਨੂੰ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਦਾ ਭੋਗ ਪਾਇਆ ਗਿਆ ਜਿਸ ਵਿਚ ਅਮਰੀਕਨ ਸਰਕਾਰ ਤੋਂ ਇਲਾਵਾ ਦੂਜੇ ਧਰਮਾਂ ਦੇ ਲੋਕਾਂ ਨੇ ਸ਼ਿਰਕਤ ਕੀਤੀ। ਅਮਰੀਕਨ ਸਰਕਾਰ ਨੇ ਸਾਰੀ ਸੰਗਤ ਦੇ ਲੰਗਰ ਦਾ ਖ਼ਰਚ ਆਪਣੇ ਯੋਗਦਾਨ ਵੱਲੋਂ ਕੀਤਾ। ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਤੋਂ ਵੀ ਸਿੱਖ ਸੰਗਤ ਓਕ ਕਰੀਰ ਪਹੁੰਚੀ। ਸੰਗਤਾਂ ਦੀ ਗਿਣਤੀ ਤਕਰੀਬਨ ਪੰਜ ਹਜ਼ਾਰ ਤੋਂ ਵੱਧ ਸੀ।

ਇੱਧਰ ਦਿੱਲੀ ਵਿਖੇ ਅਮਰੀਕਨ ਅੰਬੈਸੀ ਨੂੰ ਵਿਸ਼ੇਸ਼ ਤੌਰ 'ਤੇ ਸਵੇਰੇ ਖੋਲ੍ਹਿਆ ਗਿਆ, ਤਾਂ ਜੋ ਸਤਵੰਤ ਦੇ ਰਿਸ਼ਤੇਦਾਰ ਜਾਂ ਮਿੱਤਰ ਜੋ ਅਮਰੀਕਾ ਦਾ ਵੀਜ਼ਾ ਲੈਣਾ ਚਾਹੁੰਦੇ ਹਨ, ਅੰਬੈਸੀ ਖੁੱਲ੍ਹਣ ਤੋਂ ਪਹਿਲਾ ਹੀ ਵੀਜ਼ਾ ਲੈ ਸਕਣ। ਨੇੜੇ ਦੇ ਦੋ ਰਿਸ਼ਤੇਦਾਰਾਂ ਦਾ ਕਿਰਾਇਆ ਵੀ ਅਮਰੀਕਾ ਸਰਕਾਰ ਨੇ ਹੀ ਦਿੱਤਾ।

**ਸੰਸਾਰ ਭਰ ਵਿੱਚ ਦਰਦ**

ਇਸ ਘਟਨਾ ਦਾ ਦਰਦ ਸਾਰੇ ਸੰਸਾਰ ਵਿਚ ਮਹਿਸੂਸ ਕੀਤਾ ਗਿਆ। ਕੁਝ ਘੰਟੇ ਤਾਂ ਪਤਾ ਹੀ ਨਹੀਂ ਲੱਗਿਆ ਕਿ ਗੁਰਦੁਆਰਾ ਸਾਹਿਬ ਅੰਦਰ ਕੀ ਗੱਲ ਵਾਪਰੀ ਹੈ। 6 ਅਗਸਤ ਨੂੰ ਸਵੇਰੇ ਮੇਰੇ ਵੱਡੇ ਲੜਕੇ ਗੁਰਮੀਤ ਸਿੰਘ ਨੇ ਟੈਲੀਫੋਨ ਰਾਹੀਂ ਮੈਨੂੰ ਦੱਸਿਆ ਕਿ ਮੇਰਾ ਛੋਟਾ ਭਰਾ ਸਤਵੰਤ ਸਿੰਘ ਸ਼ਹੀਦ ਹੋ ਚੁੱਕਾ ਹੈ। ਪਤਾ ਨਹੀਂ ਕਿਸ ਕੋਲੋਂ ਸੀ.ਐੱਨ.ਐੱਨ. ਨੂੰ ਮੇਰਾ ਟੈਲੀਫੋਨ ਨੰਬਰ ਮਿਲਿਆ। ਸੀ.ਐੱਨ.ਐੱਨ. ਨੇ ਮੈਨੂੰ ਪੁੱਛਿਆ ਕਿ ਤੁਹਾਡੇ ਭਰਾ ਦੀ ਕੀ ਸਥਿਤੀ ਹੈ। ਮੈਂ ਉਹਨਾਂ ਨੂੰ ਦੱਸਿਆ ਕਿ ਉਹ ਸ਼ਹੀਦ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਮੀਡੀਆ ਵਿਚ ਤਾਂ ਕੋਈ ਅਜਿਹੀ ਖ਼ਬਰ ਨਹੀਂ ਹੈ। ਮੈਂ ਕਿਹਾ ਕਿ ਮੇਰੇ ਵੱਡੇ ਪੁੱਤਰ ਗੁਰਮੀਤ ਦਾ ਹੁਣੇ ਟੈਲੀਫੋਨ ਆਇਆ ਹੈ। ਗੁਰਦੁਆਰੇ ਦੀ ਬਿਲਡਿੰਗ ਖੁੱਲ੍ਹ ਗਈ ਹੈ ਸੀ.ਬੀ.ਆਈ ਅਤੇ ਹੋਰ ਪੁਲਿਸ ਅਧਿਕਾਰੀ ਉਧਰ ਜਾਂਚ ਕਰ ਰਹੀਆਂ ਹਨ। ਉਹਨਾਂ ਦਿਨਾਂ ਵਿਚ ਮੇਰੇ ਭਣੋਈਆ ਸੁਰਜੀਤ ਸਿੰਘ ਦੇ ਵੱਡੇ ਭਰਾ ਦਰਸ਼ਨ ਸਿੰਘ ਧਾਲੀਵਾਲ ਦੇ ਲੜਕੇ ਦਾ ਵਿਆਹ ਸੀ। ਪੰਜਾਬ ਦੀ ਅੱਧੀ ਕੈਬਨਿਟ ਜਹਾਜ਼ਾਂ ਵਿੱਚ ਸੀ। ਮੇਰੀਆਂ ਦੋਨੋਂ ਭੈਣਾਂ ਵੀ ਅਮਰੀਕਾ ਚੱਲੀਆਂ ਗਈਆਂ ਸਨ। ਮੈਂ ਅਮਰੀਕਾ ਜਾਣ-ਬੁਝ ਕੇ ਨਾ ਗਿਆ, ਕਿ ਭਾਰਤ ਵਿਚ ਵੱਸਦੇ ਸੈਂਕੜੇ ਹਜ਼ਾਰਾਂ ਲੋਕ ਕਿਸ ਕੋਲ ਅਫ਼ਸੋਸ ਕਰਨਗੇ। ਮੈਂ ਸ਼ਹੀਦਾਂ ਦੀ ਯਾਦ ਵਿੱਚ ਭਾਰਤ ਪ੍ਰੋਗਰਾਮ ਕਰਵਾਉਣ ਬਾਰੇ ਸੋਚ ਰਿਹਾ ਸੀ। 6 ਤਾਰੀਖ ਤੋਂ 15 ਤਾਰੀਖ ਦੀ ਰਾਤ ਤੱਕ ਮੇਰੇ ਕੋਲ 5-6 ਹਜ਼ਾਰ ਰਿਸ਼ਤੇਦਾਰ, ਦੋਸਤ, ਸ਼ੁਭਚਿੰਤਕ ਅਤੇ ਪੰਥ ਦੇ ਦਰਦਵਾਨ ਅਫ਼ਸੋਸ ਕਰਨ ਆਏ।

(ਚਲਦਾ)




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ**

104. ਸ੍ਰ. ਨਰੈਣ ਸਿੰਘ ਜੀ

ਖ਼ਾਲਸਾ ਕਾਲਜ ਅੰਮ੍ਰਿਤਸਰ

105. ਸ੍ਰ. ਗੰਡਾ ਸਿੰਘ ਜੀ ਕੇਵਲ
106. ਪ੍ਰੋ. ਤੇਜਾ ਸਿੰਘ ਜੀ

ਉਦਾਸੀਨ ਮਹਾਂ ਮੰਡਲ

107. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ

**ਖ਼ਾਲਸਾ ਬਰਾਦਰੀ ਅੰਮ੍ਰਿਤਸਰ**

108. ਸ੍ਰ. ਲੱਖਾ ਸਿੰਘ ਜੀ

**ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ**

109. ਭਾਈ ਮਹਿੰਦਰ ਸਿੰਘ ਜੀ
110. ਭਾਈ ਜਗਜੀਤ ਸਿੰਘ
111. ਭਾਈ ਬਚਿਤ੍ਰ ਸਿੰਘ ਜੀ

ਸ਼੍ਰੋਮਣੀ ਮਾ. ਪ੍ਰ. ਦੀਵਾਨ

112. ਸ੍ਰ. ਉਜਾਗਰ ਸਿੰਘ ਜੀ
113. ਸ੍ਰ. ਜਗਤ ਸਿੰਘ ਜੀ

**ਖਾਲਸਾ ਯੂਥ ਲੀਗ**

114. ਸ੍ਰ. ਜਗਜੀਤ ਸਿੰਘ ਜੀ ਫਿਰੋਜ਼ਪੁਰ

ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ

115. ਗਿ. ਹਰਚਰਨ ਸਿੰਘ ਜੀ
116. ਗਿ. ਭਗਤ ਸਿੰਘ ਜੀ

(ੲ) ਹੋਰ ਪ੍ਰਤਿਸ਼ਠਤ ਸੱਜਣ

117. ਗਿ. ਸਾਹਿਬ ਸਿੰਘ ਜੀ ਧਮਧਾਨ
118. ਸ੍ਰ. ਉਜਾਗਰ ਸਿੰਘ ਜੀ
119. ਸ੍ਰ. ਜਗਤ ਸਿੰਘ ਜੀ ਮੋਗਾ
120. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ
121. ਭਾਈ ਅਮਰ ਸਿੰਘ ਜੀ 'ਖਾਲਸਾ'
122. ਪ੍ਰੋ. ਸ਼ਮਸ਼ੇਰ ਸਿੰਘ ਜੀ ਪਸਰੂਰ

(ਸ) ਰਹੁ-ਰੀਤ ਕਮੇਟੀ ਦੇ ਮੈਂਬਰ


123. ਗਿ. ਠਾਕਰ ਸਿੰਘ ਜੀ ਅੰਮ੍ਰਿਤਸਰ
124. ਭਾਈ ਕਾਹਨ ਸਿੰਘ ਜੀ ਨਾਭਾ
125. ਭਾਈ ਸਾਹਿਬ ਲਾਭ ਸਿੰਘ ਜੀ ਗ੍ਰੰਥੀ ਦਰਬਾਰ ਸਾਹਿਬ
126. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ. ਨਾ.ਖਾ. ਕਾ. ਗੁਜਰਾਂਵਾਲਾ
127. ਪ੍ਰੋ. ਜੋਧ ਸਿੰਘ ਜੀ ਐਮ.ਏ.
128. ਸ੍ਰ. ਵਸਾਵਾ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ
129. ਗਿ. ਨਾਹਰ ਸਿੰਘ ਜੀ ਐਡੀਟਰ ਸਿੱਖ ਸੇਵਕ
130. ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ
131. ਸ੍ਰ. ਧਰਮਾਨੰਤ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿ. ਮਿਸ਼ਨਰੀ ਕਾਲਜ ਅੰਮ੍ਰਿਤਸਰ
132. ਮਾਸਟਰ ਮਹਿਤਾਬ ਸਿੰਘ ਜੀ

**(ਹ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ**

133. ਸ੍ਰ. ਸਾਧੂ ਸਿੰਘ ਜੀ ਜੀ ਚੱਕ 30 ਲਾਇਲਪੁਰ
134. ਗਿ. ਕਰਤਾਰ ਸਿੰਘ ਜੀ ਲਾਇਲਪੁਰੀ
135. ਗਿ. ਗੁਰਮੁਖ ਸਿੰਘ ਜੀ 'ਮੁਸਾਫ਼ਰ'
136. ਸ੍ਰ. ਮੋਤਾ ਸਿੰਘ ਜੀ
137. ਸ੍ਰ. ਭਗਵਾਨ ਸਿੰਘ ਜੀ ਦੋਸਾਂਝ ਕਲਾਂ
138. ਸ੍ਰ. ਸਰਦੂਲ ਸਿੰਘ ਜੀ
139. ਸ੍ਰ. ਗੁਲਬਦਨ ਸਿੰਘ ਜੀ ਲੁਧਿਆਣਾ
140. ਸ੍ਰ. ਲਛਮਣ ਸਿੰਘ ਜੀ ਕਪੂਰਥਲਾ
141. ਸ੍ਰ. ਗਰਜਾ ਸਿੰਘ ਜੀ ਸਿਆਲਕੋਟ
142. ਸ੍ਰ. ਦਰਸ਼ਨ ਸਿੰਘ ਜੀ ਫੇਰੂਮਾਨ
143. ਸ੍ਰ. ਪ੍ਰੀਤਮ ਸਿੰਘ ਜੀ ਸਰਗੋਧਾ

**(ਕ) ਅਖ਼ਬਾਰਾਂ ਦੇ ਐਡੀਟਰ**

144. ਸ੍ਰ. ਅਮਰ ਸਿੰਘ ਜੀ 'ਸ਼ੇਰਿ ਪੰਜਾਬ' ਲਾਹੌਰ
145. ਭਾਈ ਮੇਵਾ ਸਿੰਘ ਜੀ 'ਖਾਲਸਾ ਸਮਾਚਾਰ'
146. ਸ੍ਰ. ਵੈਦ ਨੌਰੰਗ ਸਿੰਘ ਜੀ 'ਤਾਂਘੀ' ਐਡੀਟਰ, 'ਸੁਤੰਤ੍ਰ'




147. ਡਾ. ਹਰੀ ਸਿੰਘ ਜੀ ਐਡੀਟਰ 'ਡਾਕਟਰ'
148. ਸ੍ਰ. ਰਾਮ ਸਿੰਘ ਜੀ ਧਾਰੋਵਾਲੀਆ 'ਰਾਮਗੜ੍ਹੀਆ ਪੱਤ੍ਰਕਾ'

**(ਖ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ**

149. ਭਾਈ ਸ਼ੰਕਰ ਸਿੰਘ ਜੀ
150. ਸ੍ਰ. ਤੀਰਥ ਸਿੰਘ ਜੀ
151. ਸ੍ਰ. ਨਿਹਾਲ ਸਿੰਘ ਜੀ
152. ਸ੍ਰ. ਗੁਰਦਾਸ ਸਿੰਘ ਜੀ

**(ਗ) ਅਕਾਲੀ ਜਥੇ**

153. ਭਾਈ ਗਗੜਵਾਲੀਆ
154. ਜਥੇਦਾਰ ਜੀਤ ਸਿੰਘ ਜੀ ਹਿਸਾਰ

(ਘ) ਸਿੰਘ ਸਭਾਵਾਂ

155. ਭਾਈ ਕਰਤਾਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ
156. ਭਾਈ ਖੁਸ਼ਹਾਲ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਵਜ਼ੀਰਾਬਾਦ
157. ਭਾਈ ਮੋਹਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਪਸਰੂਰ (ਸਿਆਲਕੋਟ)
158. ਭਾਈਰਾਜ ਸਿੰਘ ਜੀ ਨਾਨਕਸਰ ਸਿੰਘ ਸਭਾ ਟੋਬਾ ਟੇਕ ਸਿੰਘ
159. ਡਾ. ਹਰਜਨ ਸਿੰਘ ਜੀ ਸਿੰਘ ਸਭਾ ਆਗਰਾ
160. ਭਾਈ ਭਗਵਾਨ ਸਿੰਘ ਜੀ ਸਿੰਘ ਸਭਾ ਬਿਲਗਾ (ਜਲੰਧਰ)
161. ਭਾਈ ਸ਼ਰਧਾ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ

ਇਕੱਤ੍ਰਤਾ ਦੇ ਆਰੰਭ 'ਤੇ ਪ੍ਰਧਾਨ ਸਾਹਿਬ ਸ੍ਰ. ਪ੍ਰਤਾਪ ਸਿੰਘ ਜੀ ਅਤੇ ਕਨਵੀਰਨ ਪ੍ਰੋ. ਤੇਜਾ ਸਿੰਘ ਜੀ ਨੇ ਇਕ ਵਾਰ ਫਿਰ ਕਾਰਵਾਈ ਦਾ ਤਰੀਕਾ ਸਮਝਾਇਆ ਅਤੇ ਨਾਲ ਹੀ ਸਮਾਗਮ ਪਾਸ ਅਪੀਲ ਕੀਤੀ ਕਿ ਕੇਵਲ ਲੈਕਚਰ ਦੇਣ ਦੀ ਖਾਹਿਸ਼ ਨਹੀਂ ਹੋਣੀ ਚਾਹੀਦੀ ਅਤੇ ਥੋੜੇ ਸੱਜਣ ਬੋਲਣ ਅਤੇ ਓਹ ਵੀ ਥੋੜ੍ਹੇ ਲਫ਼ਜ਼ ਕਹਿਣ ਤਾਂ ਕਿ ਕੋਈ ਕੰਮ ਹੋ ਸਕੇ।

ਪ੍ਰੋ. ਤੇਜਾ ਸਿੰਘ ਜੀ ਨੇ ਸ਼ਖਸੀ ਰਹਿਣੀ ਦਾ ਪਹਿਲਾ ਹਿੱਸਾ 'ਨਾਮ ਬਾਣੀ ਦਾ ਅਭਿਆਸ' ਪੜ੍ਹਨਾ ਆਰੰਭ ਕੀਤਾ। ਇਸ ਦਾ ਪਹਿਲਾ ਅੰਕ ਹੇਠ ਲਿਖੇ ਅਨੁਸਾਰ ਪੜ੍ਹ ਕੇ ਸੁਣਾਇਆ : - "ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।"

(ਚਲਦਾ)

# ਟੈਸਲਾ ਕਾਰਾਂ ਨੂੰ ਹੀ ਅੱਗਾਂ ਕਿਉਂ ਲੱਗਦੀਆਂ ਨੇ.. ?

ਟੈਸਲਾ ਕਾਰ ਜਿਹੜੀ ਕਿ ਇੱਕ ਬੈਟਰੀਆਂ ਤੇ ਚੱਲਣ ਵਾਲੀ ਬੜੀ ਹਰਮਨ ਪਿਆਰੀ ਕਾਰ ਹੈ। ਪਰ ਜਿਸ ਤਰੀਕੇ ਨਾਲ ਪਿਛਲੇ ਕੁਝ ਸਮੇਂ ਦੌਰਾਨ ਇਹ ਕਾਰਾ ਅੱਗ ਦੇ ਗੋਲੇ ਬਣ ਰਹੀਆਂ ਹਨ, ਇਹ ਸਾਰੇ ਇਲੈਕਟ ?ਰਕ ਕਾਰ ਲਵਰਜ਼ ਲਈ ਇੱਕ ਚਿੰਤਾ ਦਾ ਵਿਸ਼ਾ ਜ਼ਰੂਰ ਬਣਿਆ ਹੋਇਆ ਹੈ। ਪਿਛਲੇ ਦਿਨੀਂ ਬੇਏਰੀਏ ਦੇ ਸ਼ਹਿਰ ਸੈਂਟਾਕਲਾਰਾ ਵਿਖੇ ਇੱਕ ਸੜਕ ਤੇ ਜਾ ਰਹੀ ਟੈਸਲਾ ਕਾਰ ਨੂੰ ਅਚਾਨਕ ਅੱਗ ਲੱਗ ਗਈ, ਜਿਸ ਵਿੱਚੋਂ ਬਾਰਾਂ ਸਾਲ ਦੀ ਬੱਚੀ ਤੇ ਉਸਦੀ ਮਾਤਾ ਮਸਾਂ ਹੀ ਬਚਕੇ ਬਾਹਰ ਨਿਕਲੀਆ। ਜਾਣਕਾਰੀ ਮੁਤਾਬਕ ਜਦੋਂ ਕਾਰ ਸੜਕ ਤੇ ਜਾ ਰਹੀ ਸੀ ਤਾਂ ਅਚਾਨਕ ਕਾਰ ਵਿੱਚੋਂ ਅਜੀਬ ਜਿਹੀ ਅਵਾਜ ਆਉਣ ਲੱਗੀ, ਅਤੇ ਕਾਰ ਵਿੱਚੋਂ ਇੱਕ ਵੱਖਰੀ ਜਿਹੀ ਸਮਿੱਲ ਆਉਣ ਲੱਗੀ। ਮਾਂਵਾਂ ਧੀਆਂ ਨੇ ਗੱਡੀ ਰੋਕੀ ਅਤੇ ਗੱਡੀ ਵਿੱਚੋਂ ਬਾਹਰ ਉੱਤਰਕੇ ਗੱਡੀ ਚਿੱਕ ਕਰਨ ਲਗੀਆਂ, ਜਲਦੀ ਹੀ ਗੱਡੀ ਨੂੰ ਅੱਗ ਲੱਗ ਗਈ ਅਤੇ ਸਕਿੰਟਾਂ ਵਿੱਚ ਟੈਸਲਾ ਕਾਰ ਸੜਕੇ ਸਵਾਹ ਹੋ ਗਈ। ਇਸੇ ਤਰ੍ਹਾਂ ਦੀ ਇੱਕ ਘਟਨਾ ਸੈਕਰਮੈਂਟੋ ਦੇ ਭੈਣ-ਭਰਾ ਨਾਲ ਹਾਈਵੇਅ 99 ਤੇ ਵਾਪਰੀ, ਤੇ ਓਹ ਵੀ ਵਾਲ ਵਾਲ ਬਚ ਗਏ, ਉਸ ਕਾਰ ਦੀਆਂ ਬੈਟਰੀਆਂ ਵਿੱਚ ਪੈਂਦੇ ਧਮਾਕਿਆਂ ਅਤੇ ਅੱਗ ਦੀਆਂ ਲਪਟਾਂ ਵਿੱਚ ਘਿਰੀ ਕਾਰ ਦੀ ਵੀਡੀਓ ਸ਼ੋਸ਼ਲ ਮੀਡੀਏ ਤੇ ਬੜੀ ਵਾਇਰਲ ਹੋਈ ਸੀ। ਇਸੇ ਤਰੀਕੇ ਪਿੱਛੇ ਜਿਹੇ ਇੱਕ ਘਟਨਾਂ ਟੈਕਸਾਸ ਦੇ ਆਸਟਿਨ ਸ਼ਹਿਰ ਵਿੱਚ ਵਾਪਰੀ ਜਿੱਥੇ ਇੱਕ ਟੈਸਲਾ ਕਾਰ ਇੱਕ ਖੰਭੇ ਨਾਲ ਟਕਰਾਉਣ ਤੋਂ ਬਾਅਦ ਸੜਕੇ ਸਵਾਹ ਹੋ ਗਈ, ਲੱਕਲੀ ਟੀਨਏਜਰ ਬੁਆਏ ਬਚ ਗਿਆ ਸੀ। ਇਸ ਕਾਰ ਦੀ ਅੱਗ ਬਚਾਉਣ ਲਈ ਚਾਰ ਫਾਇਰ ਇੰਜਣਾਂ ਨੇ ਤਕਰੀਬਨ 45 ਮਿੰਟ ਜਦੋ ਜਹਿਦ ਕੀਤੀ। ਪਰ ਟੈਸਲਾ ਕਾਰਾਂ ਨੂੰ ਅੱਗ ਲੱਗਣ ਦਾ ਕਿੱਸਾ ਏਥੇ ਖਤਮ ਨਹੀ ਹੋਇਆ, ਕੁਝ ਦਿਨ ਪਹਿਲਾ ਕੈਲੀਫੋਰਨੀਆ ਦੇ ਟਰੇਸੀ ਸ਼ਹਿਰ ਵਿੱਚ ਇੱਕ ਟੈਸਲਾ ਕਾਰ ਦੁਰਘਟਨਾਂ ਉਪਰੰਤ ਅੱਗ ਫੜ ਗਈ, ਅਤੇ ਇਸ ਵਿੱਚ ਸਵਾਰ ਅਰਵਿੰਦ ਰਾਮ ਅਤੇ ਅਮਰੀਕ ਸਿੰਘ ਪਹਿਲਾਂ ਵਾਲੇ ਪੀੜਤਾਂ ਜਿੰਨੇ ਲੱਕੀ ਨਹੀ ਸਨ, ਅਤੇ ਟੈਸਲਾ ਕਾਰ ਦੀ ਅੱਗ ਵਿੱਚ ਸੜਕੇ ਦੋਵੇਂ ਨੌਜਵਾਨ ਮੌਤ ਦੇ ਮੂੰਹ ਜਾ ਪਏ। ਸਵ. ਅਮਰੀਕ ਸਿੰਘ ਜਿਹੜਾ ਕਿ ਪੰਜਾਬ ਦੇ ਜ਼ਿਲ੍ਹੇ ਮੁਕਤਸਰ ਸਹਿਬ ਦੇ ਪਿੰਡ ਵਾਂਦਰ ਜਟਾਣਾ ਨੂੰ ਬਲੌਂਗ ਕਰਦਾ ਸੀ। ਇਹ ਪੈਂਤੀ ਸਾਲਾ ਚੋਬਰ ਮਾਪਿਆ ਦਾ ਹੋਰਹਾਰ ਇਕਲੌਤਾ ਪੁੱਤ ਸੀ ਤੇ ਕਿੱਤੇ ਦੇ ਤੌਰ ਤੇ ਇੰਜਨੀਅਰ ਸੀ। ਪੰਜਾਬ ਤੋਂ ਇਸ ਨੌਜਵਾਨ ਨੇ ਭਾਈ ਮਹਾਂ ਸਿੰਘ ਕਾਲਜ ਮੁਕਤਸਰ ਸਹਿਬ ਤੋਂ ਇੰਜਨੀਅਰਿੰਗ ਕੀਤੀ ਹੋਈ ਸੀ ਅਤੇ ਅਮਰੀਕਾ ਵਿੱਚ ਨਾਮੀ ਬੈਂਕ ਵੈਲਸਫਾਰਗੋ ਵਿੱਚ ਬਤੌਰ ਸੀਨੀਅਰ ਵਿਬ-ਡਵੈਲਪਰ ਸੇਵਾਵਾ ਨਿਭਾ ਰਿਹਾ ਸੀ। ਇਹ ਨੌਜਵਾਨ ਸਿਟੀ ਆਫ ਟਰੇਸੀ ਦੀ ਰਾਜਨੀਤੀ ਵਿੱਚ ਵੀ ਕਾਫੀ ਸਰਗਰਮ ਰਹਿੰਦਾ ਸੀ। ਹਸਮੁਖ ਸੁਭਾਅ ਦਾ ਮਾਲਕ ਸਵ. ਅਮਰੀਕ ਸਿੰਘ ਹਰ ਵਕਤ ਨਿਸਕਾਮ ਸੇਵਾ ਜ਼ਰੀਏ ਭਾਈਚਾਰੇ ਦੇ ਕੰਮ ਆਉਣ ਨੂੰ ਤੱਤਪਰ ਰਹਿੰਦਾ ਸੀ। ਰੀਅਲ ਸਟੇਟ ਦਾ ਲਾਇਸੰਸ ਹੋਣ ਦੇ ਬਾਵਜੂਦ ਇਹ ਧੰਦਾ ਉਸਨੇ ਇਸ ਲਈ ਨਹੀਂ ਅਪਣਾਇਆ ਕਿ ਕੱਲ ਨੂੰ ਕੋਈ ਉਸਨੂੰ ਇਹ ਨਾ ਕਹਿ ਸਕੇ ਕਿ ਇਸ ਧੰਦੇ ਦਾ ਲਾਹਾ ਇਸਨੇ ਆਪਣੇ ਰਾਜਨੀਤਕ ਜੀਵਨ ਨੂੰ ਸਫਲ ਬਣਾਉਣ ਲਈ ਲਿਆ। ਇਸ ਨੌਜਵਾਨ ਦਾ ਸੁਪਨਾ ਸੀ ਕਿ ਟਰੇਸੀ ਸ਼ਹਿਰ ਵਿੱਚ ਕੈਲ ਸਟੇਟ ਯੂਨੀਵਰਸਿਟੀ ਆਵੇ ਤਾਂ ਜੋ ਟਰੇਸੀ ਸ਼ਹਿਰ ਅਤੇ ਆਸ ਪਾਸ ਦੇ ਬੱਚਿਆਂ ਨੂੰ ਹਾਇਅਰ ਐਜੂਕੇਸ਼ਨ ਲਈ ਦੂਰ ਦੁਰਾਡੇ ਨਾ ਜਾਣਾ ਪਵੇ। ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ, ਜਦੋਂ ਇਹ ਆਪਣੇ ਦੋਸਤ ਅਰਵਿੰਦ ਰਾਮ ਨਾਲ ਉਸਦੀ ਨਵੀਂ ਖ਼ਰੀਦੀ ਟੈਸਲਾ ਕਾਰ ਵਿੱਚ ਜਾ ਰਿਹਾ ਸੀ ਤਾਂ ਇੱਕ ਦੁਰਘਟਨਾਂ ਤੋਂ ਬਾਅਦ ਕਾਰ ਨੂੰ ਅੱਗ ਲੱਗ ਗਈ ਅਤੇ ਸਕਿੰਟਾਂ ਵਿੱਚ ਹੀ ਕਾਰ ਸੜਕੇ ਸਵਾਹ ਹੋ ਗਈ ਅਤੇ ਦੋਵੇਂ ਨੌਜਵਾਨ ਕਾਰ ਦੇ ਵਿੱਚੇ ਸੜਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ।



ਟੈਸਲਾ ਕਾਰ ਬੈਟਰੀਆਂ ਤੇ ਚੱਲਦੀ ਹੈ, ਇਸ ਦੇ ਬੈਟਰੀ ਸਿਸਟਮ ਨੂੰ ਸਮਝਣਾ ਹੋਵੇ ਤਾਂ ਇਉਂ ਕਹਿ ਲਓ ਇੱਕ ਇਲੈਕਟ੍ਰਿਕ ਵਾਹਨ, ਬੈਟਰੀ ਪੈਕ ਹਜ਼ਾਰਾਂ ਛੋਟੇ ਲਿਥੀਅਮ-ਆਇਨ ਸੈੱਲਾਂ ਦਾ ਬਣਿਆ ਹੁੰਦਾ ਹੈ। ਇੱਕ ਸਿੰਗਲ ਸੈੱਲ ਇੱਕ ਥੈਲੀ ਜਾਂ ਸਿਲੰਡਰ ਵਰਗਾ ਦਿਖਾਈ ਦਿੰਦਾ ਹੈ, ਅਤੇ ਉਹ ਰਸਾਇਣਕ ਹਿੱਸਿਆਂ ਨਾਲ ਭਰਿਆ ਹੁੰਦਾ ਹੈ ਜੋ ਬੈਟਰੀ ਨੂੰ ਊਰਜਾ ਸਟੋਰ ਕਰਨ ਦੇ ਯੋਗ ਬਣਾਉਂਦੇ ਹਨ। ਇੱਕ ਐਨੋਡ, ਇੱਕ ਕੈਥੋਡ ਅਤੇ ਇੱਕ ਤਰਲ ਇਲੈਕਟ੍ਰੋਲਾਈਟ ਸੈੱਲਾਂ ਨੂੰ ਇੱਕ ਬੈਟਰੀ ਪੈਕ ਵਿੱਚ ਇਕੱਠਾ ਕੀਤਾ ਜਾਂਦਾ ਹੈ, ਜੋ ਕਿ ਬਹੁਤ ਮਜ਼ਬੂਤ ਸਮੱਗਰੀ, ਜਿਵੇਂ ਕਿ ਟਾਈਟੇਨੀਅਮ ਵਿੱਚ ਘਿਰਿਆ ਹੁੰਦਾ ਹੈ ਅਤੇ ਉਸ ਬੈਟਰੀ ਪੈਕ ਨੂੰ ਆਮ ਤੌਰ 'ਤੇ ਵਾਹਨ ਦੇ ਅੰਡਰਕੈਰੇਜ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਦੀ ਬਣਤਰ ਬੈਟਰੀ ਨੂੰ ਐਕਸੈਸ ਕਰਨਾ ਲਗਭਗ ਅਸੰਭਵ ਕਰ ਦਿੰਦੀ ਹੈ ਅਤੇ ਇਸ ਦੀ ਬਣਤਰ ਬੜੀ ਮਜ਼ਬੂਤ ਬਣਾਈ ਜਾਂਦੀ ਹੈ ਤਾਂ ਜੋ ਭਿਆਨਕ ਐਕਸੀਡੈਂਟਾ ਦੌਰਾਨ ਵੀ ਬੈਟਰੀਆਂ ਸੁਰੱਖਿਅਤ ਰਹਿਣ, ਪਰ ਐਨੀ ਮਜ਼ਬੂਤੀ ਦੇ ਬਾਵਜੂਦ ਵਾਰ ਵਾਰ ਅੱਗ ਲੱਗਣ ਦੀਆਂ ਘਟਨਾਵਾਂ ਟੈਸਲਾ ਦੇ ਡਿਜ਼ਾਈਨ ਤੇ ਸਵਾਲੀਆ ਚਿੰਨ ਜ਼ਰੂਰ ਲਾਉਂਦੀਆਂ ਨੇ..? ਟਰੇਸੀ ਵਾਲੇ ਐਕਸੀਡੈਂਟ ਦੌਰਾਨ ਜਿੱਥੇ ਮਾਪਿਆ ਨੇ ਆਪਣੇ ਲਾਡਲੇ ਬੇਟੇ ਅਮਰੀਕ ਸਿੰਘ ਨੂੰ ਖੋਇਆ, ਓਥੇ ਕਮਿਉਨਟੀ ਇੱਕ ਚੰਗੀ ਸੋਚ ਰੱਖਣ ਵਾਲੇ ਲੀਡਰ ਤੋ ਸੱਖਣੀ ਹੋ ਗਈ। ਪ੍ਰਮਾਤਮਾ ਸਵ. ਅਮਰੀਕ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ**



# Balsani Welders & Builders

## We Design, Manufacture & Ship Nationwide

**All Kind of Welding & Fabrication Services Available**

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।





**ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ**

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

**ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ**

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION













ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



**S. Iqbal Singh**

844-573-3824 | 510-915-9144

433 W Scotts Ave Stockton, CA 95203

PH: (925) 487-7117

# ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਵੱਲੋਂ ਕਰਵਾਇਆ ਪਹਿਲਾ ਖੇਡ ਮੇਲਾ ਯਾਦਗਾਰੀ ਹੋ ਨਿਬੜਿਆ

ਫਰਿਜਨੋ/ਕੈਲੀਫੋਰਨੀਆਂ (ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ) : ਲੰਘੇ ਐਤਵਾਰ ਫਰਿਜਨੋ ਦੇ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਸਥਾਨਿਕ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਵੱਲੋਂ ਪਹਿਲਾ ਕਬੱਡੀ ਕੱਪ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਚੋਟੀ ਦੇ ਖਿਡਾਰੀ ਪਹੁੰਚੇ ਹੋਏ ਸਨ। ਇਹਨਾਂ ਮੁਕਾਬਲਿਆਂ ਵਿੱਚ ਜਿੱਥੇ ਚਾਰ ਓਪਨ ਕਬੱਡੀ ਦੀਆਂ ਟੀਮਾਂ ਨੇ ਭਾਗ ਲਿਆ, ਓਥੇ ਹੀ 2 ਅੰਡਰ ਟਵੱਟੀਵੰਨ ਦੀਆਂ ਟੀਮਾਂ ਪਹੁੰਚੀਆਂ ਹੋਈਆ ਸਨ। ਕਬੱਡੀ ਮੁਕਾਬਲਿਆਂ ਤੋਂ ਬਿਨਾਂ ਰੱਸਾਕਸ਼ੀ ਦੇ ਦਿਲਕਸ਼ ਮੁਕਾਬਲੇ ਵੀ ਵੇਖਣ ਨੂੰ ਮਿਲੇ। ਰੱਸਾਕਸ਼ੀ ਵਿੱਚ ਫਰਿਜਨੋ ਦੀ ਟੀਮ ਸਿਲਮਾਂ ਦੀ ਟੀਮ ਨੂੰ ਹਰਾਕੇ ਜੇਤੂ ਰਹੀ। ਅੰਡਰ 21 ਕਬੱਡੀ ਮੈਚਾ ਦੌਰਾਨ, ਫ਼ਾਈਨਲ ਮੈਚ ਬਹੁਤ ਫਸਵਾਂ ਰਿਹਾ ਅਤੇ ਫਰਿਜ਼ਨੋ ਨੇ ਸੈਕਰਾਮੈਂਟੋ ਦੀ ਕਲੱਬ ਨੂੰ 43-30 ਦੇ ਸਕੋਰ ਨਾਲ ਹਰਾਕੇ ਇਹ ਮੈਚ ਜਿੱਤਿਆ। ਕਬੱਡੀ ਓਪਨ ਦੇ ਮੈਚ ਵੇਖਣ ਲਈ ਦਰਸ਼ਕ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਸਨ। ਇਹਨਾਂ ਰੁਮਾਂਚਕ ਮੁਕਾਬਲਿਆਂ ਦੌਰਾਨ ਮੈਨਟੀਕਾ ਦੀ ਟੀਮ ਨੇ ਫਰਿਜਨੋ ਨੂੰ ਮਾਤ ਦਿੰਦਿਆਂ ਫ਼ਾਈਨਲ ਮੈਚ ਸਾਢੇ ਠਾਈ ਦੇ ਮੁਕਾਬਲੇ ਸਤਾਈ ਪੁਆਇੰਟਾਂ ਨਾਲ ਜਿੱਤਕੇ ਕੱਪ ਆਪਣੇ ਨਾਮ ਕੀਤਾ। ਪ੍ਰਬੰਧਕਾਂ ਵੱਲੋਂ ਸਮੂਹ ਟੀਮਾਂ, ਸਪਾਂਸਰ, ਰੈਫਰੀ ਸਹਿਬਾਨ, ਕੁਮੈਂਟੇਟਰਾ ਅਤੇ ਵਲੰਟੀਅਰ ਵੀਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗਰਮੀ ਦੀ ਪ੍ਰਵਾਹ ਕੀਤੇ ਬਿਨਾਂ ਟੂਰਨਾਂਮੈਂਟ ਨੂੰ ਰੌਚਿਕ ਬਣਾਉਣ ਲਈ ਕੁਮੈਂਟੇਟਰ ਸਵਰਨ ਮੱਲਾ ਅਤੇ ਗੁਰਪ੍ਰੀਤ ਪੱਡਾ ਨੇ ਆਪਣੇ ਟੋਟਕਿਆਂ ਨਾਲ ਖ਼ੂਬ ਰੰਗ ਬੰਨਿਆ। ਪਰਾਈਮ ਟਰੱਕ ਡ ?ਰਾਈਵਿੰਗ ਸਕੂਲ ਵਾਲੇ ਰਛਪਾਲ ਸਿੰਘ ਸਹੋਤਾ ਵੱਲੋਂ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਿਆ।



ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਨੇ ਗਰਮੀ ਤੋਂ ਰਾਹਤ ਦੇਣ ਲਈ ਸਕੰਦਰ ਸਿੰਘ ਚੀਮਾ ਦੀ ਅਗਵਾਈ ਵਿੱਚ, ਲਾਈ ਰੂਅਫ਼ਜਾ ਅਤੇ ਆਈਸ ਕਰੀਮ ਦੀ ਛਬੀਲ ਖਾਸ ਖਿੱਚ ਦਾ ਕੇਂਦਰ ਰਹੀ। ਗਰੀਨ ਪਾਰਕ ਵਾਲੇ ਹਰਚੰਦ ਦਿਓੁਲ ਅਤੇ ਤਰਲੋਚਨ ਸਿੰਘ ਨੇ ਲੰਗਰ ਦੀ ਸੇਵਾ ਕੀਤੀ। ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਨੂੰ ਅੱਛੇ ਤਰੀਕੇ ਨਾਲ ਨੇਪਰੇ ਚਾੜਨ ਲਈ ਪੁੱਖਤਾ ਪ੍ਰਬੰਧ ਕੀਤੇ ਗਏ। ਟੂਰਨਾਮੈਂਟ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸਮੂਹ ਦਰਸ਼ਕ, ਪ੍ਰਬੰਧਕ ਅਤੇ ਸਪਾਂਸਰ ਵੀਰਾ ਸਿਰ ਜਾਂਦਾ ਹੈ। ਇਸ ਟੂਰਨਾਮੈਂਟ ਨੂੰ ਸਿਰੇ ਚਾੜਨ ਲਈ ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ, ਖੇਡ ਲੇਖਕ ਅਮਰਜੀਤ ਸਿੰਘ ਦੌਧਰ, ਜੀਤਾ ਜੰਗੀਆਣਾ ਅਤੇ ਕਾਲਾ ਡੋਡ ਨੇ ਅਹਿਮ ਰੋਲ ਅਦਾ ਕੀਤਾ। ਨਾਜਰ ਸਿੰਘ ਸਹੋਤਾ ਨੇ ਟੀਮਾਂ ਨੂੰ ਇੱਕਸਾਰ ਕਰਨ ਬਹੁਤ ਮਿਹਨਤ ਕੀਤੀ। ਕਬੱਡੀ ਓਪਨ ਦਾ ਪਹਿਲਾ ਇਨਾਮ ਜੇ. ਐਸ. ਟੀ. ਟਰੱਕ ਪਰਮਿੰਟਸ ਅਤੇ ਜੇ ਐਸ ਇੰਸੋਰੈਂਸ ਵਾਲੇ ਜਗਦੀਪ ਸਿੰਘ ਨੇ ਦਿੱਤਾ। ਦੂਸਰਾ ਇਨਾਮ ਜੀਡੀ ਟਰੱਕਿੰਗ ਵੱਲੋ ਦਿੱਤਾ ਗਿਆ। ਤੀਸਰਾ ਇਨਾਮ ਜੇ ਐਨ ਟਰਾਂਸਪੋਰਟ ਵਾਲੇ ਜਸਪਾਲ ਸਿੰਘ ਧਾਲੀਵਾਲ, ਖੁਸ਼ ਧਾਲੀਵਾਲ, ਬਲਪ੍ਰੀਤ ਸਿੰਘ ਅਤੇ ਵੱਲੋ ਦਿੱਤਾ ਗਿਆ। ਅੰਡਰ ਟਵੱਟੀ ਵੰਨ ਦਾ ਪਹਿਲਾ ਇਨਾਮ ਪੀਸੀਏ ਫਰਿਜਨੋ ਵੱਲੋ ਦਿੱਤਾ ਗਿਆ। ਰੱਸਾਕਸ਼ੀ ਦਾ ਪਹਿਲਾ ਇਨਾਮ ਜੱਸੀ ਸਟੋਨ ਟਰੱਕਿੰਗ ਵੱਲੋ ਦਿੱਤਾ ਗਿਆ। ਇਸ ਮੌਕੇ ਸਾਬਕਾ ਕਬੱਡੀ ਖਿਡਾਰੀਆਂ ਬੱਲੀ ਮਹੇੜੂ, ਬਲਵਿੰਦਰ ਭਲਵਾਨ, ਜਰਨੈਲ ਜੈਲਾ ਸਿਲਮਾ, ਰਾਮਾ ਸਮਰਾਲਾ, ਗੀਤਾ ਸੁਖਦੌਲਤ, ਗੁਰਪ੍ਰੀਤ ਬੈਂਸ, ਜੱਸਾ ਭਲਵਾਨ ਮੌਲਾ ਕਦੋਲਾ ਜੱਟਾਂ ਆਦਿ ਪਲੇਅਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਰੈਫ਼ਰੀਆਂ ਵਿੱਚ ਦਲਵੀਰ ਚੌਧਰੀ, ਮੰਦਰ ਲੰਡੇਕੇ, ਵੀਰੂ ਵੱਡਾ ਘਰ, ਮੇਸ਼ੀ ਭਲਵਾਨ ਅਤੇ ਕਬੱਡੀ ਕੋਚ ਬਾਬਾ ਨੇ ਸੇਵਾਵਾਂ ਬਾਖੂਬੀ ਨਿਭਾਈਆਂ। ਵਰਲਡ ਕੱਪ ਦੀਆਂ ਖਿਡਾਰਨਾਂ ਰਾਮ ਬਤੇਰੀ (ਸਮੈਣ ਹਰਿਆਣਾ), ਮੀਨੂੰ (ਜੀਂਦ ਹਰਿਆਣਾ) ਅਤੇ ਸੁੱਖੀ ਲਿੱਦੜਾ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਬਾਕੀ ਮੁਕਾਬਲਿਆ ਦੌਰਾਨ ਓਪਨ ਕਬੱਡੀ ਦਾ ਮੈਚ ਫਰਿਜਨੋ ਅਤੇ ਬੇਕਰਸਫੀਲਡ ਦੀਆਂ ਟੀਮਾਂ ਦਰਮਿਆਨ ਹੋਇਆ ਜਿਹੜਾ ਫਰਿਜਨੋ ਨੇ 35-31 ਦੇ ਫਰਕ ਨਾਲ ਜਿੱਤਿਆ। ਦੂਸਰਾ ਮੈਚ ਮੈਨਟੀਕਾ ਅਤੇ ਯੂਬਾ ਸਿਟੀ ਦਰਮਿਆਨ ਖੇਡਿਆ ਗਿਆ ਜਿਹੜਾ ਮੈਨਟੀਕਾ ਨੇ ਸਾਢੇ ਪੈਂਤੀ ਅਤੇ ਪੈਂਤੀ ਦੇ ਸਕੋਰ ਨਾਲ ਅੱਧੇ ਪੁਆਇੰਟ ਤੇ ਜਿੱਤਿਆ। ਤੀਸਰਾ ਮੈਚ ਫਰਿਜਨੋ ਤੇ ਮੈਨਟੀਕਾ ਦਰਮਿਆਨ ਹੋਇਆ ਜਿਹੜਾ ਫਰਿਜਨੋ ਨੇ 36-30 ਨਾਲ ਜਿੱਤਿਆ। ਚੌਥਾ ਮੈਚ ਬੇਕਰਸਫੀਲ ਅਤੇ ਯੂਬਾ ਸਿਟੀ ਦਰਮਿਆਨ ਖੜਕਿਆ ਤੇ ਜਿਹੜਾ ਯੂਬਾ ਸਿਟੀ ਨੇ 44-34 ਨਾਲ ਜਿੱਤਿਆ ਅਤੇ ਪੰਜਵਾਂ ਤੇ ਫਾਇਨਲ ਮੈਚ ਫਰਿਜਨੋ ਅਤੇ ਮੈਨਟੀਕਾ ਦਰਮਿਆਨ ਹੋਇਆ ਜਿਹੜਾ ਮੈਨਟੀਕਾ ਨੇ ਡੇਢ ਪੁਆਇੰਟ ਤੇ ਜਿੱਤਕੇ ਕੱਪ ਆਪਣੇ ਨਾਮ ਕੀਤਾ। ਇਸ ਟੂਰਨਾਮੈਂਟ ਵਿੱਚ ਜਲੰਧਰ ਦੇ ਸਾਬਕਾ ਐਸ ਐਸਪੀ ਕੁਲਵੰਤ ਸਿੰਘ ਲੰਬੜ ਨੇ ਵਿਸ਼ੇਸ਼ ਸ਼ਿਰਕਕ ਕੀਤੀ।

ਇਸ ਟੂਰਨਾਮੈਂਟ ਲਈ ਜਿਹੜੇ ਸੱਜਣਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਕਮਲ ਭਿੰਡਰ, ਪੀਸੀਏ, ਵਿਸਟ ਕੋਸਟ ਟਰੱਕ ਡਰਾਈਵਿੰਗ ਸਕੂਲ, ਕਰਮ ਸੰਘਾ, ਸਾਧੂ ਸੰਘਾ, ਮਾਸਟਰ ਪ੍ਰੀਤਮ ਸਿੰਘ ਗਿੱਲ, ਰੂਬੀ ਨਾਮੋਲੀਆ, ਪਾਲੀ ਥਾਂਦੀ, ਜੈਲਾ ਧੂੜਕੋਟ, ਜੁਗਰਾਜ ਸਿੰਘ ਦੌਧਰ, ਖਹਿਰਾ ਟਰੱਕਿੰਗ, ਹਾਕਮ ਸਿੰਘ ਢਿੱਲੋ, ਨਿਰਮਲ ਧਨੌਲਾ, ਪਾਲ ਮਾਹਲ, ਬੌਬੀ ਬਰਾੜ ਤੇ ਸੋਖਾ ਭੰਡਾਲ, ਕਾਲਾ ਚੰਨਣਵਾਲ, ਭਰਪੂਰ ਬਰਾੜ, ਸੁੱਖਾ ਗਿੱਲ, ਮਨਜੀਤ ਕੁਲਾਰ, ਗੁਰਦੇਵ ਸਿੰਘ, ਦਲਕਰਨ ਸੋਢੀ, ਲੱਖੀ ਧਨੋਆ, ਰਾਜਾ ਮੱਲੀ, ਲਵ ਲੁਬਾਣਾ, ਇੰਦੀ ਗਹਿਲਾ, ਨਿੱਕਾ ਡੋਡ, ਗਰਮੀਤ ਵਧਾਤੇ, ਸੁੱਖਾ ਔਗੜ, ਜੱਸੂ ਜੰਗੀਆਣਾ, ਮਨਿੰਦਰ ਜੰਗੀਆਣਾ, ਸੱਤਾ ਫਤਿਹਪੁਰੀਆ, ਗੁਰਿੰਦਰ ਗਹਿਲਾ, ਤਰਨ ਢਿੱਲੋ, ਛਿੰਦਾ ਗਹਿਲਾ, ਦਿਲਬਾਲ ਰਾਊਕੇ, ਦੀਪਾ ਚੰਦ ਪੁਰਾਣੇ, ਚੰਨਾ ਫਰਿਜਨੋ, ਹਰਜੋਤ ਹੇਅਰ ਆਦਿ। ਕਬੱਡੀ ਪ੍ਰੋਮੋਟਰ ਨਾਜਰ ਸਿੰਘ ਸਹੋਤਾ ਅਤੇ ਫਰਿਜਨੋ ਕੈਲੀਫੋਰਨੀਆ ਯੂਐਸਏ ਸਪੋਰਟਸ ਕਲੱਬ ਨੇ ਮੈਕਸੀਕਨ ਮੂਲ ਦੇ ਅਮੈਰਕਿਨ ਕਬੱਡੀ ਖਿਡਾਰੀ ਹਾਸੂਸ ਚਾਵੇਜ ਦੀ ਮੌਤ ਤੇ ਡਾਢੇ ਦੁੱਖ ਦਾ ਪ੍ਰਗਟ ਕੀਤਾ ਤੇ ਕਿਹਾ, ਕਿ ਚਾਵੇਜ ਦੇ ਬੇਵਕਤ ਤੁਰ ਜਾਣ ਨਾਲ ਮਾਂ ਖੇਡ ਕਬੱਡੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਕਬੱਡੀ ਗਰਾਊਂਡਾਂ ਵਿੱਚ ਉਸਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ। ਜਿਕਰਯੋਗ ਹੈ ਕਿ ਫਰਿਜਨੋ ਵਾਲੇ ਟੂਰਨਾਮੈਂਟ ਤੇ ਹਾਸੂਸ ਚਾਵੇਜ ਨੇ ਬਹੁਤ ਸੋਹਣੀ ਖੇਡ ਵਿਖਾਈ ਸੀ, ਅਤੇ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ 'ਤੇ ਇਹ ਟੂਰਨਾਮੈਂਟ ਉਸਦੀ ਜ਼ਿੰਦਗੀ ਦਾ ਆਖਰੀ ਟੂਰਨਾਮੈਂਟ ਹੋ ਨਿਬੜਿਆ।

# ਕੈਲੀਫੋਰਨੀਆ ਸੈਨੇਟ ਜੁਡੀਸ਼ਰੀ ਕਮੇਟੀ ਨੇ ਜਾਤੀ ਭੇਦਭਾਵ ਬਿੱਲ ਨੂੰ ਦਿੱਤੀ ਮਨਜ਼ੂਰੀ

## *ਸਿੱਖ ਦਲਿਤ ਭਾਈਚਾਰੇ ਦੇ ਗੱਠਜੋੜ ਨੇ ਮਨੂੰਵਾਦੀਆਂ ਨੂੰ ਹਰਾਇਆ*






ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਗੋਲਡਨ ਸਟੇਟ ਕੈਲੀਫੋਰਨੀਆ ਵਿੱਚ ਜਾਤ-ਆਧਾਰਿਤ ਵਿਤਕਰੇ 'ਤੇ ਪਾਬੰਦੀ ਲਗਾਉਣ ਲਈ ਬਿੱਲ #SB403 ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਸੈਨੇਟ ਜੁਡੀਸ਼ਰੀ ਕਮੇਟੀ ਨੇ ਇਸ ਬਿੱਲ ਨੂੰ 11-0 ਦੇ ਵੋਟ ਨਾਲ ਪਾਸ ਕੀਤਾ। ਇਹ ਬਿੱਲ ਹੁਣ ਵਿਚਾਰ ਲਈ ਸਦਨ ਵਿੱਚ ਜਾਵੇਗਾ। ਇਹ ਜਿੱਤ ਨੂੰ ਜਿਥੇ ਵੱਖ ਵੱਖ ਅਮਰੀਕਨ ਸਮੂਹਾਂ ਨੇ ਸਾਥ ਦਿੱਤਾ ਉਥੇ ਇਸਨੂੰ ਸਿੱਖ ਤੇ ਮੂਲ ਨਿਵਾਸੀ ਭਾਰਤੀਆਂ ਦਲਿਤਾਂ ਦੀ ਸਮੂਹਿਕ ਜਿੱਤ ਦੇ ਤੌਰ ਤੇ ਵੀ ਦੇਖਿਆ ਜਾ ਰਿਹਾ ਹੈ। ਇਹ ਸੈਨੇਟਰ ਆਇਸ਼ਾ ਦੀ ਸਮਾਜਿਕ ਨਿਆਂ ਲਈ ਅਣਥੱਕ ਵਕਾਲਤ ਦੀ ਵੀ ਜਿੱਤ ਹੈ। ਇਹ ਬਿਲ ਪਾਸ ਹੋਣ ਨਾਲ ਕੈਲੇਫੋਰਨੀਆ 'ਚ ਜਾਤ-ਪਾਤ ਅਧਾਰਤ ਵਿਤਕਰੇ ਨੂੰ ਗੈਰਕਨੂੰਨੀ ਮੰਨਦਿਆਂ ਵਿਤਕਰਾ ਕਰਨ ਵਾਲੇ ਖਿਲਾਫ ਕਨੂੰਨਨ ਕਾਰਵਾਈ ਹੋ ਸਕੇਗੀ। ਪਹਿਲਾਂ ਇਹ ਬਿੱਲ ਕੈਲੇਫੋਰਨੀਆ ਸੈਨੇਟ ਵਿੱਚ ਪਾਸ ਹੋ ਚੁੱਕਾ ਹੈ।

ਇਸ ਬਿੱਲ ਅਫਗਾਨ-ਅਮਰੀਕਨ ਮੂਲ ਦੀ ਫਰੀਮਾਂਟ ਤੋਂ ਡੈਮੋਕਰੈਟਿਕ ਸੈਨੇਟਰ ਆਇਸ਼ਾ ਵਹਾਬ ਨੇ ਲਿਆਂਦਾ ਸੀ। ਪਹਿਲੇ ਪਹਿਲ ਉਸ 'ਤੇ ਹਰ ਤਰੀਕੇ ਦਬਾਅ ਪਾਇਆ ਗਿਆ ਕਿ ਬਿੱਲ ਵਿੱਚੋਂ ਲਫਜ਼ "ਜ਼ਾਤ" ਕੱਢ ਦਿੱਤਾ ਜਾਵੇ। ਪਰ ਨਿਆਂਪਾਲਿਕਾ ਦੇ ਚੇਅਰਪਰਸਨ ਬ੍ਰਾਇਨ ਮੇਨਸ਼ੇਨ, ਸੈਨ ਡਿਏਗੋ ਡੈਮੋਕਰੇਟ, ਵੱਲੋਂ ਬਿੱਲ ਵਿੱਚੋਂ "ਜਾਤ"ਸ਼ਬਦ ਨੂੰ ਹਟਾਉਣ ਅਤੇ ਬਦਲਣ ਦੇ ਪਹਿਲੇ ਸੁਝਾਵਾਂ ਨੂੰ ਰੱਦ ਕਰ ਦਿੱਤਾ ਹੈ।

ਵਹਾਬ ਨੇ ਕਮੇਟੀ ਦੀ ਸੁਣਵਾਈ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ SB 403 ਜਾਤੀ ਭੇਦਭਾਵ ਨੂੰ ਖਤਮ ਕਰੇਗਾ। ਇਸ ਬਿੱਲ ਵਿੱਚ ਸ਼ਾਮਲ ਪਰਿਭਾਸ਼ਾ ਅਤੇ ਸੁਰੱਖਿਆ ਲੱਖਾਂ ਲੋਕਾਂ ਦੀ ਸੁਰੱਖਿਆ ਕਰੇਗੀ।

ਬਿਲ ਦੇ ਸਮਰਥਨ ਵਿੱਚ ਬੋਲਣ ਵਾਲੇ ਦੋ ਗਵਾਹਾਂ ਵਿੱਚੋਂ ਇੱਕ, ਕਾਰਜ ਸਥਾਨ ਦੀ ਵਕੀਲ ਤਰੀਨਾ ਮੰਡ ਨੇ ਕਿਹਾ, SB 403 ਕੈਲੀਫੋਰਨੀਆ ਨੂੰ ਸਾਰਿਆਂ ਲਈ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਥਾਨ ਬਣਾਉਣ ਲਈ ਇੱਕ ਮਹੱਤਵਪੂਰਨ ਬਿੱਲ ਹੈ। ਦੂਜੇ ਪਾਸੇ ਵਿਰੋਧੀ ਧਿਰ ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਸਮੀਰ ਕਾਲੜਾ, ਨੇ ਕਿਹਾ ਕਿ ਉਹ ਨਿਰਾਸ਼ ਜ਼ਰੂਰ ਹਨ ਪਰ ਵਿਧਾਨ ਸਭਾ ਦੁਆਰਾ ਬਿੱਲ 'ਤੇ ਵੋਟ ਪਾਉਣ ਤੋਂ ਪਹਿਲਾਂ 'ਇਸ ਮੁੱਦੇ 'ਤੇ ਸੰਸਦ ਮੈਂਬਰਾਂ ਨੂੰ ਜਾਗਰੂਕ ਕਰਨ' ਦੀ ਕੋਸ਼ਿਸ਼ ਨੂੰ ਜਾਰੀ ਰੱਖਣਗੇ।

ਹਾਲਾਂਕਿ ਕਈ ਦੇਸ਼ਾਂ ਵਿੱਚ ਜਾਤ ਪ੍ਰਣਾਲੀ ਮੌਜੂਦ ਹੈ, ਇਹ ਆਮ ਤੌਰ 'ਤੇ ਭਾਰਤ ਨਾਲ ਜੁੜੀ ਹੋਈ ਹੈ, ਜਿੱਥੇ ਇਸਨੂੰ 1950 ਵਿੱਚ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਸੀ ਪਰ ਇਸਦੀ ਵਿਰਾਸਤ ਅਜੇ ਵੀ ਬਣੀ ਹੋਈ ਹੈ। ਵੋਟਿੰਗ ਤੋਂ ਬਾਅਦ, ਸਮਰਥਕਾਂ ਨੇ ਖਾਸ ਕਰ ਸਿੱਖ ਦਲਿਤ ਭਾਈਚਾਰੇ ਨੇ "SB 403 ਜ਼ਿੰਦਾਬਾਦ" ਤੇ ਖੁਸ਼ੀ ਵਿੱਚ ਦੇ ਨਾਅਰੇ ਲਾਉਂਦੇ ਹੋਏ ਸੁਣਵਾਈ ਵਾਲੇ ਕਮਰੇ ਤੋਂ ਬਾਹਰ ਮਾਰਚ ਕੀਤਾ ਤੇ ਭੰਗੜੇ ਪਾਏ। ਦੱਸਣਯੋਗ ਹੈ ਕਿ ਲੱਗਭਗ 50 ਸਿੱਖ ਜਥੇਬੰਦੀਆਂ ਨੇ ਇਸ ਬਿੱਲ ਦੇ ਪੱਖ ਵਿੱਚ ਲਿਖ ਕੇ ਭੇਜਿਆ ਅਤੇ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰ ਰਹੀਆਂ ਹਨ। ਇਸਤੋਂ ਪਹਿਲਾਂ ਅਜਿਹਾ ਬਿੱਲ ਸਿਟੀ ਆਫ਼ ਸਿਆਟਲ ਅਤੇ ਟਰਾਂਟੋ ਸਕੂਲ ਬੋਰਡ ਵੱਲੋਂ ਵੀ ਪਾਸ ਕੀਤਾ ਜਾ ਚੁੱਕਾ ਹੈ।




## *ਨਸਲੀ ਹੱਤਿਆਵਾਂ ਦਾ ਮਾਮਲਾ*

# ਅਮਰੀਕਾ ਦੇ ਟੈਕਸਾਸ ਰਾਜ 'ਚ 23 ਹੱਤਿਆਵਾਂ ਕਰਨ ਵਾਲੇ ਗੋਰੇ ਨੂੰ 90 ਉਮਰ ਕੈਦ

## ਹਿਸਪੈਨਿਕ ਲੋਕਾਂ ਨੂੰ ਬਣਾਇਆ ਸੀ ਨਿਸ਼ਾਨਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਟੈਕਸਾਸ ਰਾਜ ਦੇ ਸ਼ਹਿਰ ਐਲ ਪਾਸੋ ਵਿਖੇ 3 ਅਗਸਤ 2019 ਨੂੰ ਵਾਲਮਾਰਟ ਸਟੋਰ ਵਿਚ ਨਸਲੀ ਹਮਲੇ ਵਿੱਚ 23 ਹੱਤਿਆਵਾਂ ਕਰਨ ਵਾਲੇ ਗੋਰੇ ਨੂੰ 90 ਉਮਰ ਕੈਦਾਂ ਦੀ ਸਜਾ ਸੁਣਾਉਣ ਦੀ ਖਬਰ ਹੈ ਜਿਸ ਦਾ ਅਰਥ ਹੈ ਕਿ ਉਸ ਦੀ ਬਾਕੀ ਦੀ ਜਿੰਦਗੀ ਜੇਲ ਵਿਚ ਹੀ ਕਟੇਗੀ। ਅਜੇ ਵੀ ਉਸ ਨੂੰ ਮੌਤ ਦੀ ਸਜਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਲਬਰਟ ਆਰਮਨਡੇਰਿਜ਼ ਸੀਨੀਅਰ ਫੈਡਰਲ ਕੋਰਟ ਹਾਊਸ ਡਾਊਨ ਟਾਊਨ ਐਲ ਪਾਸੋ ਵਿਖੇ ਸੀਨੀਅਰ ਯੂ ਐਸ ਡਿਸਟ੍ਰਿਕਟ ਜੱਜ ਡੇਵਿਡ ਸੀ ਗੁਆਡਰਮਾ ਨੇ ਸਜਾ ਲਈ ਤਿੰਨ ਦਿਨ ਚੱਲੀ ਸੁਣਵਾਈ ਉਪਰੰਤ ਪੈਟਰਿਕ ਕਰੂਸਿਸ (24) ਨੂੰ ਉਸ ਵਿਰੁੱਧ ਲੱਗੇ 90 ਸੰਘੀ ਦੋਸ਼ਾਂ ਵਿਚੋਂ ਹਰੇਕ ਦੋਸ਼ ਲਈ ਉਮਰ ਕੈਦ ਦੀ ਸਜਾ ਸੁਣਾਈ ਜਿਨਾਂ ਦੋਸ਼ਾਂ ਨੂੰ ਕਰੂਸਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਮੰਨ ਲਿਆ ਸੀ। ਵਾਲਮਾਰਟ ਵਿਚ ਮਾਰੇ ਗਏ ਲੋਕਾਂ ਵਿਚ ਐਲ ਪਾਸੋ, ਜੁਆਰੇਜ਼, ਮੈਕਸੀਕੋ ਤੇ ਜਰਮਨੀ ਦੇ ਲੋਕ ਸ਼ਾਮਿਲ ਸਨ। ਸੁਣਵਾਈ ਸਮੇ ਅਦਾਲਤ ਦਾ ਕਮਰਾ ਖਚਾ ਖਚ ਭਰਿਆ ਹੋਇਆ ਸੀ। ਮੌਜੂਦ ਲੋਕਾਂ ਵਿਚ ਪੀੜਤ ਤੇ ਹੋਰ ਲੋਕ ਸ਼ਾਮਿਲ ਸਨ। ਸੁਣਵਾਈ ਦੌਰਾਨ ਕਰੂਸਿਸ ਨੂੰ ਅਦਾਲਤ ਵਿਚ ਬੋਲਣ ਦਾ ਮੌਕਾ ਦਿੱਤਾ ਗਿਆ ਪਰ ਉਸ ਨੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਦੇ ਦਸਤਾਵੇਜਾਂ ਅਨੁਸਾਰ ਹਮਲਾਵਰ ਕਰੂਸਿਸ ਐਲਨ, ਟੈਕਸਾਸ ਤੋਂ 700 ਮੀਲ ਦਾ ਪੈਂਡਾ ਕਰਕੇ 3 ਅਗਸਤ 2019 ਦੀ ਸਵੇਰ ਨੂੰ ਐਲ ਪਾਸੋ ਪੁੱਜਾ ਸੀ। ਉਸ ਨੇ ਆਪਣਾ ਵਾਹਣ ਐਲ ਪਾਸੋ ਵਾਲਮਾਰਟ ਦੇ ਸਾਹਮਣੇ ਖੜਾ ਕੀਤਾ। ਬਾਅਦ ਵਿਚ ਉਹ ਆਪਣੇ ਵਾਹਣ ਵਿਚੋਂ ਸੈਮੀਆਟੋਮੈਟਿਕ ਰਾਈਫਲ ਤੇ ਏ ਕੇ 47 ਅਸਾਲਟ ਰਾਈਫਲ ਵਰਗੇ ਹਥਿਆਰ ਲੈ ਕੇ ਨਿਕਲਿਆ ਤੇ ਪਾਰਕਿੰਗ ਵਿਚ ਨਿਰਦੋਸ਼ ਲੋਕਾਂ ਨੂੰ ਗੋਲੀਆਂ ਮਾਰਨ ਉਪਰੰਤ ਉਹ ਸਟੋਰ ਵਿਚ ਵੜ ਗਿਆ ਜਿਥੇ ਉਸ ਨੇ ਹੋਰ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ। ਇਸ ਹਮਲੇ ਵਿਚ 23 ਲੋਕ ਮਾਰੇ ਗਏ ਸਨ ਤੇ ਦਰਜਨਾਂ ਹੋਰ ਜਖਮੀ ਹੋਏ ਸਨ। ਬਾਅਦ ਵਿਚ ਉਹ ਉਥੋਂ ਫਰਾਰ ਹੋ ਗਿਆ ਸੀ। ਕੁਝ ਮਿੰਟਾਂ ਬਾਅਦ ਹੀ ਉਸ ਨੇ ਇਕ ਇੰਟਰਸੈਕਸ਼ਨ ਨੇੜੇ ਪੁਲਿਸ ਅਗੇ ਆਤਮ ਸਮਰਪਣ ਕਰ ਦਿੱਤਾ ਸੀ। ਆਤਮ ਸਮਰਪਣ ਵੇਲੇ ਉਸ ਨੇ ਕਿਹਾ ਸੀ 'ਹਾਂ ਮੈ ਹਾਂ ਸ਼ੂਟਰ।' ਉਸ ਨੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਅੱਗੇ ਮੰਨਿਆ ਕਿ ਉਸ ਨੇ ਹਿਸਪੈਨਿਕ ਲੋਕਾਂ ਨੂੰ ਨਿਸ਼ਾਨਾ ਬਣਾਇਆ ਹੈ ਤਾਂ ਜੋ ਮੈਕਸੀਕਨਾਂ ਤੇ ਹੋਰ ਹਿਸਪੈਨਿਕ ਲੋਕਾਂ ਨੂੰ ਅਮਰੀਕਾ ਆਉਣ ਤੋਂ ਰੋਕਿਆ ਜਾ ਸਕੇ।

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## ACCOUNTING SERVICES:

- Bookkeeping
- Payroll Service
- Monthly Sales Tax reports



## TRUCK DISPATCH SERVICES:

- We Find Loads
- Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks. CTEC California Tax Education Council Registered Tax Preparer · AUTHORIZED IRS e-file PROVIDER · COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@ TOTALIRP.com

# ਕੈਲੀਫੋਰਨੀਆ ਦੇ ਇਕ ਮੈਡੀਕਲ ਸੈਂਟਰ ਤੋਂ ਫਰਾਰ ਹੋਏ ਹੱਤਿਆ ਤੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਦੋਸ਼ੀ ਦੀ ਵੱਡੀ ਪੱਧਰ ਉਪਰ ਭਾਲ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਹੱਤਿਆ ਤੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਇਕ ਮੈਡੀਕਲ ਸੈਂਟਰ ਵਿਚੋਂ ਫਰਾਰ ਹੋਏ ਐਰਿਕ ਜੇ ਐਬਰਿਲ ਨਾਮੀ ਦੋਸ਼ੀ ਦੀ ਪੁਲਿਸ ਵੱਡੀ ਪੱਧਰ ਉਪਰ ਭਾਲ ਕਰ ਰਹੀ ਹੈ। ਰੋਜਵਿਲੇ ਪੁਲਿਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਉਹ 35 ਸਾਲਾ ਐਰਿਕ ਜੇ ਐਬਰਿਲ ਨੂੰ ਵੇਖਣ ਤਾਂ ਉਹ ਬੇਹੱਦ ਚੌਕਸੀ ਵਰਤਣ ਤੇ ਪੁਲਿਸ ਨੂੰ ਸੂਚਿਤ ਕਰਨ। ਪੁਲਿਸ ਅਨੁਸਾਰ ਉਸ ਦਾ ਵਿਸ਼ਵਾਸ਼ ਹੈ ਕਿ ਜਦੋਂ ਐਬਰਿਲ ਸੂਟਰ ਮੈਡੀਕਲ ਸੈਂਟਰ ਤੋਂ ਫਰਾਰ ਹੋਇਆ ਸੀ ਤਾਂ ਉਸ ਨੇ ਕੇਵਲ ਸੰਤਰੀ ਰੰਗ ਦੀ ਜੇਲ ਵਾਲੀ ਪੈਂਟ ਪਾਈ ਹੋਈ ਸੀ । ਸ਼ੈਰਿਫ ਦਫਤਰ ਤੇ ਰੋਜਵਿਲੇ ਪੁਲਿਸ ਨੇ ਕਿਹਾ ਹੈ ਕਿ ਐਬਰਿਲ ਵਿਰੁੱਧ ਹੱਤਿਆ, ਹੱਤਿਆ ਦੀ ਕੋਸ਼ਿਸ ਤੇ ਅਗਵਾ ਕਰਨ ਸਬੰਧੀ ਦੋਸ਼ ਹਨ। ਐਬਰਿਲ ਵਿਰੁੱਧ ਦੋਸ਼ ਹੈ ਕਿ ਉਸ ਨੇ ਇਸ ਸਾਲ 6 ਅਪ੍ਰੈਲ ਨੂੰ ਸਥਾਨਕ ਰੋਜਵਿਲੇ ਪਾਰਕ ਵਿਚ ਗੋਲੀਬਾਰੀ ਕਰਕੇ ਇਕ ਪੁਲਿਸ ਅਫਸਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ । ਗੋਲੀਬਾਰੀ ਵਿਚ ਪੁਲਿਸ ਅਫਸਰ ਗੰਭੀਰ ਜਖਮੀ ਹੋ ਗਿਆ ਸੀ ਜਦ ਕਿ ਇਕ ਵਿਅਕਤੀ ਦੀ ਮੌਤ ਹੋ ਗਈ ਸੀ।

# ਸਿੱਖਸ ਆਫ ਅਮੈਰਿਕਾ ਨੇ ਭਾਰਤ ਦੇ ਸਾਬਕਾ ਵਾਈਸ ਪ੍ਰੈਜ਼ੀਡੈਂਟ ਵੈਂਕਈਆ ਨਾਇਡੂ ਦਾ ਕੀਤਾ ਸਨਮਾਨ





ਵਾਸ਼ਿੰਗਟਨ, (ਰਾਜ ਗੋਗਨਾ) : ਭਾਰਤੀ ਭਾਈਚਾਰੇ ਦੀਆਂ ਸੰਸਥਾਵਾਂ ਵਲੋਂ ਬੀਤੇ ਦਿਨੀਂ ਅਮਰੀਕਾ ਦੇ ਸੂਬੇ ਵਰਜ਼ੀਨੀਆਂ ਦੇ ਸ਼ਹਿਰ ਚੈਂਟਲੀ ਵਿਖੇ ਦਿ ਬੈਲੇਵਿਊ ਕਾਨਫਰੰਸ ਐਂਡ ਈਵੈਂਟ ਸੈਂਟਰ' ਵਿੱਚ ਭਾਰਤ ਦੇ ਸਾਬਕਾ ਉੱਪ-ਰਾਸ਼ਟਰਪਤੀ ਸ਼੍ਰੀ ਵੈਂਕਈਆ ਨਾਇਡੂ ਦੇ ਸਨਮਾਨ 'ਚ ਇਕ ਉੱਚ ਪੱਧਰੀ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਮੌਕੇ ਸਿੱਖਸ ਆਫ ਅਮਰੀਕਾ ਦਾ ਉੱਚ ਪੱਧਰੀ ਵਫਦ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸ਼ਾਮਲ ਹੋਇਆ ਜਿਸ ਵਿਚ ਕੰਵਲਜੀਤ ਸਿੰਘ ਸੋਨੀ, ਬਲਜਿੰਦਰ ਸਿੰਘ ਸ਼ੰਮੀ, ਰਤਨ ਸਿੰਘ, ਵਰਿੰਦਰ ਸਿੰਘ, ਜਸਵੰਤ ਸਿੰਘ ਧਾਲੀਵਾਲ, ਚਰਨਜੀਤ ਸਿੰਘ ਸਰਪੰਚ, ਸੁਖਵਿੰਦਰ ਸਿੰਘ ਘੋਗਾ, ਅਰਜਿੰਦਰ ਸਿੰਘ ਲਾਡੀ ਤੋਂ ਇਲਾਵਾ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਚਰਨਜੀਤ ਸਿੰਘ ਸਰਪੰਚ ਵੀ ਸ਼ਾਮਿਲ ਸਨ। ਸ੍ਰ. ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਿੱਖਸ ਆਫ ਅਮੈਰਿਕਾ ਦੇ ਵਫਦ ਵਲੋਂ ਸਾਬਕਾ ਉੱਪ-ਰਾਸ਼ਟਰਪਤੀ ਵੈਂਕਈਆ ਨਾਇਡੂ ਨੂੰ ਸਨਮਾਨ ਭੇਂਟ ਕੀਤਾ ਗਿਆ। ਇਸ ਮੌਕੇ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਜਦੋਂ ਵੀ ਵੈਂਕਈਆ ਨਾਇਡੂ ਅਮਰੀਕਾ ਆਏ ਹਨ, ਉਹਨਾਂ ਨੇ ਸਿੱਖ ਮਸਲਿਆਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਉੱਚ ਪੱਧਰ ਤੱਕ ਪਹੁੰਚਾਇਆ ਹੈ, ਜਿਸ ਲਈ ਅਸੀਂ ਉਹਨਾਂ ਦੇ ਹਮੇਸ਼ਾ ਧੰਨਵਾਦੀ ਰਹਾਂਗੇ। ਉਹਨਾਂ ਦੱਸਿਆ ਕਿ ਉਹ ਸ਼੍ਰੀ ਵੈਂਕਈਆ ਨਾਇਡੂ ਦੇ ਉੱਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਵੀ ਉਹਨਾਂ ਨੂੰ ਮਿਲ ਚੁੱਕੇ ਹਨ, ਉਹਨਾਂ ਉਸ ਵੇਲੇ ਵੀ ਸਿੱਖਸ ਆਫ ਅਮੈਰਿਕਾ ਨੂੰ ਮਾਣ ਦਿੱਤਾ ਸੀ। ਉਹਨਾਂ ਕਿਹਾ ਕਿ ਅਸੀਂ ਉਹਨਾਂ ਨੂੰ ਸਨਮਾਨਿਤ ਕਰ ਕੇ ਮਾਣ ਮਹਿਸੂਸ ਕਰ ਰਹੇ ਹਾਂ।

# ਅਮਰੀਕਾ ਕੋਲ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਫ਼ੌਜ, ਪਾਕਿ 7ਵੇਂ ਸਥਾਨ ਤੇ



ਨਿਊਯਾਰਕ : ਗਲੋਬਲ ਰੱਖਿਆ ਜਾਣਕਾਰੀ ਦੀ ਨਿਗਰਾਨੀ ਕਰਨ ਵਾਲੀ ਇੱਕ ਡਾਟਾ ਵੈਬਸਾਈਟ 'ਗਲੋਬਲ ਫਾਇਰਪਾਵਰ' ਨੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਸੈਨਿਕਾਂ ਦੀ ਸੂਚੀ ਜਾਰੀ ਕੀਤੀ ਹੈ। ਗਲੋਬਲ ਫਾਇਰਪਾਵਰ ਅਨੁਸਾਰ ਅਮਰੀਕਾ ਕੋਲ ਦੁਨੀਆ ਦੀ ਸਭ ਤੋਂ ਮਜ਼ਬੂਤ ਫੌਜੀ ਸ਼ਕਤੀ ਹੈ। ਇਸ ਸੂਚੀ 'ਚ ਜਿੱਥੇ ਰੂਸ ਦੂਜੇ ਅਤੇ ਚੀਨ ਤੀਜੇ ਨੰਬਰ 'ਤੇ ਹੈ। ਉੱਥੇ ਭਾਰਤ ਨੇ ਚੌਥੇ ਸਥਾਨ 'ਤੇ ਆਪਣੀ ਪਕੜ ਬਰਕਰਾਰ ਰੱਖੀ ਹੈ।

ਗਲੋਬਲ ਫਾਇਰਪਾਵਰ ਦੁਆਰਾ ਜਾਰੀ ਕੀਤੀ ਗਈ 'ਮਿਲਟਰੀ ਸਟਰੈਂਥ ਲਿਸਟ 2023' 'ਚ ਦੁਨੀਆ ਦੇ ਸਭ ਤੋਂ ਕਮਜ਼ੋਰ ਫੌਜੀ ਬਲਾਂ ਵਾਲੇ ਦੇਸ਼ ਵੀ ਸ਼ਾਮਲ ਹਨ। ਇਸ ਵਿੱਚ ਭੂਟਾਨ ਅਤੇ ਆਈਸਲੈਂਡ ਸ਼ਾਮਲ ਹਨ। ਉਨ੍ਹਾਂ ਦਾ ਮੁਲਾਂਕਣ 60 ਤੋਂ ਵੱਧ ਕਾਰਕਾਂ 'ਤੇ ਕੀਤਾ ਗਿਆ ਹੈ। ਗਲੋਬਲ ਫਾਇਰਪਾਵਰ ਨੇ ਕਿਹਾ ਕਿ ਇਸ ਨੇ ਫੌਜੀ ਇਕਾਈਆਂ ਦੀ ਮਾਤਰਾ ਅਤੇ ਵਿੱਤੀ ਸਥਿਤੀ ਤੋਂ ਲੈ ਕੇ ਲੌਜਿਸਟਿਕਸ ਸਮਰੱਥਾਵਾਂ ਅਤੇ ਭੂਗੋਲਿਕ ਸਥਿਤੀ ਤੱਕ ਦੀਆਂ ਸ਼੍ਰੇਣੀਆਂ ਦੇ ਨਾਲ ਹਰੇਕ ਦੇਸ਼ ਨੂੰ ਅੰਕ ਦਿੱਤੇ ਹਨ। ਡਾਟਾ ਵੈੱਬਸਾਈਟ ਨੇ ਕਿਹਾ ਕਿ ਸਾਡਾ ਵਿਲੱਖਣ ਇਨ-ਹਾਊਸ ਫਾਰਮੂਲਾ ਛੋਟੇ ਅਤੇ ਵਧੇਰੇ ਤਕਨੀਕੀ ਤੌਰ 'ਤੇ ਉੱਨਤ ਦੇਸ਼ਾਂ ਨੂੰ ਵੱਡੀਆਂ ਅਤੇ ਘੱਟ-ਵਿਕਸਿਤ ਸ਼ਕਤੀਆਂ ਨਾਲ ਮੁਕਾਬਲਾ ਕਰਨ ਦੀ ਇਜਾਜ਼ਤ ਦਿੰਦਾ ਹੈ। ਵਿਸ਼ੇਸ਼ ਸੋਧਕ, ਬੋਨਸ ਅਤੇ ਜੁਰਮਾਨੇ ਦੇ ਰੂਪ ਵਿੱਚ ਸੂਚੀ ਨੂੰ ਹੋਰ ਸੁਧਾਰ ਜਾਰੀ ਕਰਨ ਲਈ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਨੂੰ ਹਰ ਸਾਲ ਕੰਪਾਇਲ ਕੀਤਾ ਜਾਂਦਾ ਹੈ। ਰੁਝਾਨ ਜ਼ਰੂਰੀ ਤੌਰ 'ਤੇ ਘੱਟਦੀ ਸ਼ਕਤੀ ਨੂੰ ਦਰਸਾਉਂਦੇ ਨਹੀਂ ਹਨ ਕਿਉਂਕਿ GFP ਫਾਰਮੂਲੇ ਵਿੱਚ ਤਬਦੀਲੀਆਂ ਵੀ ਜ਼ਿੰਮੇਵਾਰ ਹੋ ਸਕਦੀਆਂ ਹਨ।

ਇਸ ਸੂਚੀ ਵਿੱਚ ਚੋਟੀ ਦੇ ਚਾਰ ਦੇਸ਼ 2022 ਦੀ ਗਲੋਬਲ ਫਾਇਰਪਾਵਰ ਸੂਚੀ ਵਿੱਚ ਪਹਿਲਾਂ ਵਾਂਗ ਹੀ ਬਣੇ ਹੋਏ ਹਨ। ਹਾਲਾਂਕਿ ਯੂਕੇ ਪਿਛਲੇ ਸਾਲ ਅੱਠਵੇਂ ਸਥਾਨ ਤੋਂ ਇਸ ਸਾਲ ਪੰਜਵੇਂ ਸਥਾਨ 'ਤੇ ਆ ਗਿਆ ਹੈ। ਦੱਖਣੀ ਕੋਰੀਆ ਪਿਛਲੇ ਸਾਲ ਵਾਂਗ ਛੇਵੇਂ ਸਥਾਨ 'ਤੇ ਬਣਿਆ ਹੋਇਆ ਹੈ। ਪਾਕਿਸਤਾਨ ਇਸ ਸਾਲ ਸਿਖਰਲੇ 10 ਵਿਚ ਸੱਤਵੇਂ ਸਥਾਨ 'ਤੇ ਆ ਗਿਆ ਹੈ। ਜਾਪਾਨ ਅਤੇ ਫਰਾਂਸ ਪਿਛਲੇ ਸਾਲ ਪੰਜਵੇਂ ਅਤੇ ਸੱਤਵੇਂ ਸਥਾਨ 'ਤੇ ਸਨ, ਇਸ ਸਾਲ ਉਹ ਕ੍ਰਮਵਾਰ ਅੱਠਵੇਂ ਅਤੇ ਨੌਵੇਂ ਸਥਾਨ 'ਤੇ ਆ ਗਏ ਹਨ।

**ਯੂਕ੍ਰੇਨ ਯੁੱਧ ਦੇ ਬਾਵਜੂਦ ਰੂਸ ਦੂਜੇ ਸਥਾਨ 'ਤੇ** : ਪਿਛਲੇ ਸਾਲ ਫਰਵਰੀ 'ਚ ਮਾਸਕੋ ਵੱਲੋਂ ਗੁਆਂਢੀ ਦੇਸ਼ ਯੂਕ੍ਰੇਨ 'ਤੇ ਹਮਲਾ ਕਰਨ ਲਈ ਆਪਣਾ 'ਵਿਸ਼ੇਸ਼ ਆਪ੍ਰੇਸ਼ਨ' ਸ਼ੁਰੂ ਕਰਨ ਤੋਂ ਬਾਅਦ ਯੂਕ੍ਰੇਨੀ ਫੌਜ 'ਤੇ ਲਗਾਮ ਲਗਾਉਣ 'ਚ ਅਸਮਰੱਥਾ ਦੇ ਮੱਦੇਨਜ਼ਰ ਰੂਸ ਦੇ ਦੂਜੇ ਸਥਾਨ 'ਤੇ ਬਣੇ ਰਹਿਣ 'ਤੇ ਸਵਾਲ ਉਠਾਏ ਜਾ ਰਹੇ ਹਨ। ਯੂਕ੍ਰੇਨ ਦਾ ਝੰਡਾ ਲਹਿਰਾਉਂਦੇ ਹੋਏ ਇੱਕ ਟਵਿੱਟਰ ਯੂਜ਼ਰ ਨੇ ਕਿਹਾ ਕਿ 'ਰੂਸ ਕੋਲ ਦੁਨੀਆ ਦੀ ਨਹੀਂ, ਸਗੋਂ ਯੂਕ੍ਰੇਨ ਵਿੱਚ ਦੂਜੀ ਸਭ ਤੋਂ ਤਾਕਤਵਰ ਫੌਜ ਹੈ।' ਇਕ ਹੋਰ ਯੂਜ਼ਰ ਨੇ ਪੁੱਛਿਆ ਕਿ ਕੀ ਰਸ਼ੀਆ ਅਜੇ ਵੀ ਸੂਚੀ ਵਿਚ ਦੂਜੇ ਨੰਬਰ 'ਤੇ ਹੈ।

# ਫੋਰਬਸ: ਅਮੀਰ ਔਰਤਾਂ ਦੀ ਸੂਚੀ 'ਚ ਇੰਦਰਾ ਨੂਈ, ਜੈਸ਼੍ਰੀ ਉੱਲਾਲ






ਨਿਊਯਾਰਕ : ਭਾਰਤੀ ਮੂਲ ਦੀਆਂ ਚਾਰ ਔਰਤਾਂ ਫੋਰਬਸ ਦੀ 'ਆਪਣਾ ਮੁਕਾਮ ਖ਼ੁਦ ਹਾਸਲ ਕਰਨ ਵਾਲੀਆਂ' 100 ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿੱਚ ਜਗ੍ਹਾ ਬਣਾਉਣ 'ਚ ਸਫਲ ਰਹੀਆਂ ਹਨ। ਇਨ੍ਹਾਂ ਚਾਰ ਔਰਤਾਂ ਵਿੱਚ ਜੈਸ਼ ?ਗੀ ਉੱਲਾਲ ਤੇ ਇੰਦਰਾ ਨੂਈ ਵੀ ਸ਼ਾਮਲ ਹਨ। ਭਾਰਤੀ ਮੂਲ ਦੀਆਂ ਇਨ੍ਹਾਂ ਚਾਰੋਂ ਔਰਤਾਂ ਦੀ ਸੰਪਤੀ ਸਮੂਹਿਕ ਤੌਰ 'ਤੇ 4.06 ਅਰਬ ਡਾਲਰ ਹੈ। ਫੋਰਬਸ ਦੀ ਇਸ ਸੂਚੀ ਵਿੱਚ ਕੰਪਿਊਟਰ ਨੈੱਟਵਰਕਿੰਗ ਫਰਮ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਤੇ ਸੀਈਓ ਜੈਸ਼ ?ਗੀ ਉੱਲਾਲ, ਆਈਟੀ ਕੰਸਲਟਿੰਗ ਤੇ ਆਊਟਸੋਰਸਿੰਗ ਫਰਮ ਸਿੰਟੈਲ ਦੀ ਸਹਿ-ਸੰਸਥਾਪਕ ਨੀਰਜਾ ਸੇਠੀ, ਕਲਾਊਡ ਕੰਪਨੀ ਕੌਨਫਲਿਊਂਟ ਦੀ ਸਹਿ-ਸੰਸਥਾਪਕ ਤੇ ਸਾਬਕਾ ਚੀਫ ਟੈਕਨੋਲੋਜੀ ਅਫਸਰ (ਸੀਟੀਓ) ਨੇਹਾ ਨਾਰਖੇੜੇ ਅਤੇ ਪੈਪਸਿਕੋ ਦੀ ਸਾਬਕਾ ਚੇਅਰਮੈਨ ਤੇ ਸੀਈਓ ਇੰਦਰਾ ਨੂਈ ਸ਼ਾਮਲ ਹਨ। ਸ਼ੇਅਰ ਬਾਜ਼ਾਰਾਂ ਵਿੱਚ ਜਾਰੀ ਤੇਜ਼ੀ ਵਿਚਾਲੇ ਫੋਰਬਸ ਦੀਆਂ 100 ਅਮੀਰ ਔਰਤਾਂ ਦੀ ਸੂਚੀ ਵਿੱਚ ਸ਼ਾਮਲ ਮਹਿਲਾ ਉੱਦਮੀਆਂ ਦੀ ਕੁੱਲ ਸੰਪਤੀ ਇਕ ਸਾਲ ਪਹਿਲਾਂ ਦੇ ਮੁਕਾਬਲੇ 12 ਫੀਸਦ ਵਧ ਕੇ 124 ਅਰਬ ਡਾਲਰ 'ਤੇ ਪਹੁੰਚ ਗਈ ਹੈ। ਉੱਲਾਲ ਸੂਚੀ ਵਿੱਚ 15ਵੇਂ ਸਥਾਨ 'ਤੇ ਹੈ ਅਤੇ ਉਨ੍ਹਾਂ ਦੀ ਕੁੱਲ ਸੰਪਤੀ 2.4 ਅਰਬ ਡਾਲਰ ਹੈ। ਉਹ 2008 ਤੋਂ ਜਨਤਕ ਤੌਰ 'ਤੇ ਕਾਰੋਬਾਰ ਕਰਨ ਵਾਲੇ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਤੇ ਸੀਈਓ ਹੈ। ਅਰਿਸਟਾ ਨੇ 2022 ਵਿੱਚ ਲਗਪਗ 4.4 ਅਰਬ ਡਾਲਰ ਦਾ ਮਾਲੀਆ ਦਰਜ ਕੀਤਾ। ਉਹ ਕਲਾਊਡ ਕੰਪਿਊਟਿੰਗ ਕੰਪਨੀ ਸਨੋਫਲੇਕ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਵੀ ਸ਼ਾਮਲ ਹੈ।

ਸੂਚੀ ਵਿੱਚ 25ਵੇਂ ਸਥਾਨ 'ਤੇ ਮੌਜੂਦ 68 ਸਾਲਾ ਸੇਠੀ ਦੀ ਕੁੱਲ ਸੰਪਤੀ 99 ਕਰੋੜ ਡਾਲਰ ਹੈ। ਸੇਠੀ ਤੇ ਉਨ੍ਹਾਂ ਦੇ ਪਤੀ ਭਰਤ ਦੇਸਾਈ ਵੱਲੋਂ 1980 ਵਿੱਚ ਸਹਿ ਸਥਾਪਤ ਸਿੰਟੈਲ ਨੂੰ ਅਕਤੂਬਰ 2018 ਵਿੱਚ ਫਰਾਂਸਿਸੀ ਆਈਟੀ ਫਰਮ ਐਟੋਸ ਐੱਸਈ ਨੇ 3.4 ਅਰਬ ਡਾਲਰ ਵਿੱਚ ਖਰੀਦਿਆ ਸੀ। ਸੇਠੀ ਨੂੰ ਆਪਣੀ ਹਿੱਸੇਦਾਰੀ ਲਈ ਅਨੁਮਾਨਿਤ ਤੌਰ 'ਤੇ 51 ਕਰੋੜ ਡਾਲਰ ਮਿਲੇ ਸਨ। ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਐੱਮਬੀਏ ਕੀਤੀ ਹੈ ਅਤੇ ਓਕਲੈਂਡ ਯੂਨੀਵਰਸਿਟੀ ਤੋਂ ਐੱਮਐੱਸਸੀ ਕੀਤੀ ਹੈ। ਉੱਧਰ, 38 ਸਾਲਾ ਨਾਰਖੇੜੇ 52 ਕਰੋੜ ਡਾਲਰ ਦੀ ਸੰਪਤੀ ਨਾਲ ਸੂਚੀ ਵਿੱਚ 38ਵੇਂ ਸਥਾਨ 'ਤੇ ਹੈ। ਪੈਪਸਿਕੋ ਦੀ ਸਾਬਕਾ ਚੇਅਰਮੈਨ ਤੇ ਸੀਈਓ ਨੂਈ ਕੰਪਨੀ ਦੇ ਨਾਲ 24 ਸਾਲਾਂ ਤੱਕ ਰਹਿਣ ਤੋਂ ਬਾਅਦ 2019 ਵਿੱਚ ਸੇਵਾਮੁਕਤ ਹੋਈ ਸੀ। ਉਹ 2019 ਵਿੱਚ ਐਮਾਜ਼ੋਨ ਦੇ ਬੋਰਡ ਆਫ ਡਾਇਰੈਕਟਰਜ਼ 'ਚ ਸ਼ਾਮਲ ਹੋਈ ਸੀ। ਉਨ੍ਹਾਂ ਦੀ ਕੁੱਲ ਸੰਪਤੀ 35 ਕਰੋੜ ਡਾਲਰ ਦੀ ਹੈ ਅਤੇ ਉਹ ਸੂਚੀ ਵਿੱਚ 77ਵੇਂ ਸਥਾਨ 'ਤੇ ਹੈ। ਇਸ ਸੂਚੀ ਵਿੱਚ ਏਬੀਸੀ ਸਪਲਾਈ ਦੀ ਸਹਿ ਸੰਸਥਾਪਕ ਡਾਇਨੇ ਹੈਂਡਰਿਕਸ ਲਗਾਤਾਰ ਛੇਵੀਂ ਵਾਰ ਪਹਿਲੇ ਸਥਾਨ 'ਤੇ ਰਹੀ ਹੈ। ਹੈਂਡਰਿਕਸ ਦੀ ਕੁੱਲ ਸੰਪਤੀ 15 ਅਰਬ ਡਾਲਰ ਹੈ।

# ਅਮਰੀਕਾ ਦੇ ਕਲੈਵਲੈਂਡ ਸ਼ਹਿਰ ਵਿਚ ਹੋਈ ਗੋਲੀਬਾਰੀ 'ਚ 9 ਲੋਕ ਜ਼ਖ਼ਮੀ




ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਉਹੀਓ ਰਾਜ ਦੇ ਸ਼ਹਿਰ ਕਲੈਵਲੈਂਡ ਵਿਚ ਹੋਈ ਗੋਲੀਬਾਰੀ ਵਿਚ 9 ਲੋਕਾਂ ਦੇ ਜਖਮੀ ਹੋਣ ਦੀ ਖਬਰ ਹੈ। ਸਥਾਨਕ ਪੁਲਿਸ ਅਨੁਸਾਰ ਉਸ ਦਾ ਵਿਸ਼ਵਾਸ਼ ਹੈ ਕਿ ਇਕ ਵਿਅਕਤੀ ਨੇ ਲੋਕਾਂ ਦੇ ਸਮੂੰਹ ਉਪਰ ਗੋਲੀਬਾਰੀ ਕੀਤੀ ਹੈ ਤੇ ਉਹ ਗੋਲੀਬਾਰੀ ਕਰਕੇ ਮੌਕੇ ਤੋਂ ਫਰਾਰ ਹੋ ਗਿਆ। ਕਲੈਵਲੈਂਡ ਪੁਲਿਸ ਮੁੱਖੀ ਵੇਨੇ ਡਰੂਮੌਂਡ ਨੇ ਕਿਹਾ ਹੈ ਕਿ ਸ਼ਹਿਰ ਦੇ ਵੇਅਰਹਾਊਸ ਡਿਸਟ੍ਰਿਕਟ ਵਿਚ ਇਕ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀਬਾਰੀ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਹਾਲਾਂ ਕਿ ਕੁਝ ਲੋਕ ਗੋਲੀਆਂ ਵੱਜਣ ਕਾਰਨ ਜਖਮੀ ਜਰੂਰ ਹੋਏ ਹਨ। ਪੁਲਿਸ ਮੁੱਖੀ ਅਨੁਸਾਰ ਪੁਲਿਸ ਅਫਸਰ ਪਹਿਲਾਂ ਹੀ ਖੇਤਰ ਵਿਚ ਆਮ ਵਾਂਗ ਗਸ਼ਤ 'ਤੇ ਸਨ ਤੇ ਸੂਚਨਾ ਮਿਲਣ 'ਤੇ ਉਹ ਤੁਰੰਤ ਘਟਨਾ ਸਥਾਨ 'ਤੇ ਪੁੱਜੇ ਤੇ ਉਨਾਂ ਨੇ ਪੀੜਤਾਂ ਨੂੰ ਡਾਕਟਰੀ ਸਹਾਇਤਾ ਦਿੱਤੀ। ਡਰੂਮੌਂਡ ਅਨੁਸਾਰ ਜਖਮੀਆਂ ਵਿਚ 7 ਮਰਦ ਤੇ 2 ਔਰਤਾਂ ਸ਼ਾਮਿਲ ਹਨ ਜਿਨਾਂ ਦੀ ਉਮਰ 23 ਤੋਂ 38 ਸਾਲ ਦੇ ਦਰਮਿਆਨ ਹੈ। ਪੁਲਿਸ ਮੁੱਖੀ ਵੱਲੋਂ ਜਾਰੀ ਬਿਆਨ ਅਨੁਸਾਰ ਪੀੜਤਾਂ ਦੇ ਪੈਰਾਂ ਤੋਂ ਗੋਡਿਆਂ ਤਕ ਤੇ ਬਾਹਾਂ ਉਪਰ ਗੋਲੀਆਂ ਵੱਜੀਆਂ ਹਨ। ਸਾਰੇ ਜਖਮੀਆਂ ਦੀ ਹਾਲਤ ਸਥਿਰ ਹੈ।



ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ।

- ਸਤਨਾਮ ਸਿੰਘ ਖਾਲਸਾ

# ਪਾਪਾ ਜੀ ਨੇ ਗਿਆਨੀ ਨੌਨਿਹਾਲ ਸਿੰਘ, ਬਾਬਾ ਜੀ ਅਤੇ ਖਾਲਸਾ ਨੂੰ ਮਹਾਰਾਜ ਦਾ ਪ੍ਰਕਾਸ਼ ਕਰਨ ਲਈ ਤਿਆਰ ਕੀਤਾ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਅਸੀਂ ਸਾਰੇ 6 ਵਜੇ ਤਿਆਰ ਹੋ ਗਏ ਅਤੇ ਗੁਰਦੁਆਰਾ ਜਾਣ ਲਈ ਤਿਆਰ ਸੀ। ਪਾਪਾ ਜੀ ਨੇ ਗੁਰਦੁਆਰੇ ਦੀਆਂ ਚਾਬੀਆਂ ਲਈਆਂ ਅਤੇ ਅਸੀਂ ਗੁਰਦੁਆਰੇ ਵੱਲ ਤੁਰਨਾ ਸ਼ੁਰੂ ਕਰ ਦਿੱਤਾ। ਸਾਡੇ ਕੋਲ ਕਾਰ ਨਹੀਂ ਸੀ, ਪਰ ਗੁਰਦੁਆਰੇ ਜਾਣ ਲਈ ਕਾਰ ਦੀ ਲੋੜ ਵੀ ਨਹੀਂ ਸੀ ਕਿਉਂਕਿ ਉਹ ਸਾਡੇ ਘਰ ਦੇ ਨਜ਼ਦੀਕ ਹੀ ਸੀ। ਇਹ ਲਗਪਗ ਇੱਕ ਮੀਲ ਲੰਬਾ ਪੈਦਲ ਰਸਤਾ ਸੀ। ਅਸੀਂ ਰੈੱਡ ਲੇਨ ਤੋਂ ਸਟੋਨੀ ਸਟੈਂਟਨ ਰੋਡ ਵੱਲ ਤੁਰੇ, ਪੁਲ ਨੂੰ ਪਾਰ ਕੀਤਾ ਅਤੇ ਲੀਸੈਸਟਰ ਕੌਜ਼ਵੇਅ ਤੋਂ ਸੜਕ ਪਾਰ ਕੀਤੀ ਅਤੇ ਲੀਸੈਸਟਰ ਕੌਜ਼ਵੇਅ ਤੋਂ ਜੌਰਜ ਸਟਰੀਟ ਲਈ ਪਹਿਲਾ ਖੱਬਾ ਮੋੜ ਲਿਆ, ਫਿਰ ਉੱਥੋਂ ਮਸਜਿਦ ਤੋਂ ਸੱਜੇ ਪਾਸੇ ਈਗਲ ਸਟਰੀਟ ਫਿਰ ਪੀਟਰ ਦੇ ਘਰ ਤੋਂ ਖੱਬੇ ਮੁੜ ਲੀਸੈਸਟਰ ਕੌਜ਼ਵੇਅ ਵੱਲ ਨੂੰ ਮੁੜੇ ਅਤੇ ਫਿਰ ਗੁਰਦੁਆਰੇ ਪਹੁੰਚ ਗਏ। ਪਾਪਾ ਜੀ ਰੁਕ ਗਏ ਅਤੇ ਉਨ੍ਹਾਂ ਨੇ ਮਸਜਿਦ ਕੋਲ ਮੁਸਲਮਾਨਾਂ ਨਾਲ ਗੱਲ ਕੀਤੀ। ਗੁਰਦੁਆਰੇ ਨੂੰ ਆਉਂਦੇ ਜਾਂਦੇ ਉਹ ਉਨ੍ਹਾਂ ਨਾਲ ਗੱਲ ਕਰ ਲੈਂਦੇ ਸਨ। ਉਹ ਪਾਪਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਅੱਜ ਗੁਰਦੁਆਰੇ ਦਾ ਉਦਘਾਟਨ ਹੈ। ਇਸ ਲਈ ਜਲਦੀ ਸਵੇਰੇ ਹੀ ਮੁੱਲਾ ਪਾਪਾ ਜੀ ਨੂੰ ਮਿਲਿਆ। ਉਸਨੇ ਸਾਨੂੰ ਸ਼ੁਭਕਾਮਨਾਵਾਂ ਦਿੱਤੀਆਂ। ਪਾਪਾ ਜੀ ਨੇ ਉਨ੍ਹਾਂ ਨੂੰ ਉੱਥੇ ਆਉਣ ਲਈ ਕਿਹਾ, ਪਰ ਉਹ ਨਹੀਂ ਆ ਸਕੇ। ਪਾਪਾ ਜੀ ਸਾਰੇ ਧਰਮਾਂ ਪ੍ਰਤੀ ਬਹੁਤ ਉਦਾਰਵਾਦੀ ਸਨ। ਉਹ ਕਹਿੰਦੇ ਸਨ ਕਿ ਜੇਕਰ ਅਸੀਂ ਇੱਕ ਦੂਜੇ ਦਾ ਸਨਮਾਨ ਨਹੀਂ ਕਰਦੇ ਤਾਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ 'ਤੇ ਪਹਿਰਾ ਨਹੀਂ ਦਿੰਦੇ। ਫਿਰ ਅਸੀਂ ਕਿਵੇਂ ਸਿੱਖ ਅਪਣਾ ਸਕਦੇ ਹਾਂ? ਅਸੀਂ ਸਿੱਖ ਹਾਂ ਅਤੇ ਸਾਡਾ ਉਦੇਸ਼ ਸਿੱਖਣਾ, ਵਿਕਾਸ ਕਰਨਾ ਹੈ ਅਤੇ ਇਹ ਉਦੋਂ ਹੀ ਕਰ ਸਕਦੇ ਹਾਂ ਜਦੋਂ ਅਸੀਂ ਸਾਰੇ ਇਨਸਾਨਾਂ ਅਤੇ ਧਰਮਾਂ ਦਾ ਸਤਿਕਾਰ ਕਰਦੇ ਹਾਂ।

ਜਦੋਂ ਅਸੀਂ ਗੁਰਦੁਆਰੇ ਪਹੁੰਚੇ, ਬੀਜੀ ਦੀਆਂ ਸਾਥੀ ਔਰਤਾਂ ਅਤੇ ਹੋਰ ਲੋਕ ਦਰਵਾਜ਼ੇ 'ਤੇ ਸਾਡਾ ਪਹਿਲਾਂ ਹੀ ਇੰਤਜ਼ਾਰ ਕਰ ਰਹੇ ਸਨ। ਬੀਜੀ ਨੇ ਸਾਰੀਆਂ ਔਰਤਾਂ ਨੂੰ ਉਨ੍ਹਾਂ ਦਾ ਕੰਮ ਦਿੱਤਾ, ਉਨ੍ਹਾਂ ਨੇ ਮੇਜ਼ ਸੈੱਟ ਕੀਤੇ ਅਤੇ ਜਿੱਥੇ ਜ਼ਰੂਰਤ ਸੀ ਉੱਥੇ ਪੋਚਾ ਲਗਾਇਆ। ਪਾਪਾ ਜੀ ਦੀ ਟੀਮ ਦੇ ਸਾਰੇ ਮੈਂਬਰ ਪਹੁੰਚ ਗਏ ਸਨ।

ਬੀਜੀ ਨੇ ਇੱਕ ਔਰਤ ਨੂੰ ਨਿਸ਼ਾਨ ਸਾਹਿਬ ਨੂੰ ਪ੍ਰੈੱਸ ਕਰਨ ਲਈ ਕਿਹਾ ਤਾਂ ਕਿ ਇਹ ਚੜ੍ਹਾਉਣ ਲਈ ਤਿਆਰ ਰਹੇ। ਹਰਦੇਵ ਢਿੱਲੋਂ ਅਤੇ ਉਨ੍ਹਾਂ ਦੇ ਲੜਕੇ ਜੁੱਤਿਆਂ ਦਾ ਇੱਕ ਰੈਕ ਸੰਭਾਲ ਰਹੇ ਸਨ। ਕਸ਼ਮੀਰ ਆਪਣੇ ਅਨੁਭਵ ਦੇ ਆਧਾਰ 'ਤੇ ਉਨ੍ਹਾਂ ਨੂੰ ਦੱਸ ਰਿਹਾ ਸੀ ਕਿ ਇਨ੍ਹਾਂ ਨੂੰ ਕਿਵੇਂ ਚੰਗੀ ਤਰ੍ਹਾਂ ਸੰਭਾਲਿਆ ਜਾ ਸਕਦਾ ਹੈ। ਉਨ੍ਹਾਂ ਨੇ ਉਸਨੂੰ ਸੁਣਿਆ, ਪਰ ਉਨ੍ਹਾਂ ਨੂੰ ਜਿਵੇਂ ਫਿੱਟ ਬੈਠਿਆ, ਉਸ ਤਰ੍ਹਾਂ ਕੀਤਾ। ਪਾਪਾ ਜੀ ਨੇ ਗਿਆਨੀ ਨੌਂਨਿਹਾਲ ਸਿੰਘ, ਬਾਬਾ ਜੀ ਅਤੇ ਖਾਲਸਾ ਨੂੰ ਮਹਾਰਾਜ ਦਾ ਪ੍ਰਕਾਸ਼ ਕਰਨ ਲਈ ਤਿਆਰ ਕੀਤਾ। ਪਾਪਾ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਉਨ੍ਹਾਂ ਦੀ ਆਰਾਮ ਜਗ੍ਹਾ ਤੋਂ ਸਿਰ 'ਤੇ ਸਵਾਰ ਕਰਕੇ ਮੰਚ 'ਤੇ ਸੁਸ਼ੋਭਿਤ ਕੀਤਾ। ਸਮਾਗਮ ਲਗਪਗ 8.30 ਵਜੇ ਸ਼ੁਰੂ ਹੋ ਗਿਆ।

ਜਦੋਂ ਸਮਾਗਮ ਖਤਮ ਹੋ ਗਿਆ ਤਾਂ ਉੱਥੇ ਵੱਡੀ ਸੰਖਿਆ ਵਿੱਚ ਲੋਕ ਵਧਾਈਆਂ ਦੇ ਰਹੇ ਸਨ। ਪਾਪਾ ਜੀ ਨੇ ਨਿਸ਼ਾਨ ਸਾਹਿਬ ਨੂੰ ਉੱਪਰ ਕਰਨ ਲਈ ਕਿਹਾ। ਇੱਕ ਪੌੜੀ ਮੰਗਾਈ ਗਈ ਅਤੇ ਲੋਕਾਂ ਨੇ ਉਸ ਨਾਲ ਛੱਤ 'ਤੇ ਚੜ੍ਹ ਕੇ ਸਾਰੇ ਸੁਰੱਖਿਆ ਨਿਯਮਾਂ ਦੀ ਅਣਦੇਖੀ ਕੀਤੀ, ਪਰ ਸ਼ੁਕਰ ਹੈ ਕਿ ਕੋਈ ਡਿੱਗਿਆ ਨਹੀਂ ਅਤੇ ਨਾ ਹੀ ਕੁਝ ਟੁੱਟਿਆ।

ਗਿਆਨੀ ਨੌਂਨਿਹਾਲ ਸਿੰਘ ਛੱਤ 'ਤੇ ਗਏ ਅਤੇ ਨਿਸ਼ਾਨ ਸਾਹਿਬ ਨੂੰ ਚੜ੍ਹਾਇਆ ਅਤੇ ਅਰਦਾਸ ਕੀਤੀ। ਇਹ ਉਹ ਦੇਸ਼ ਹੈ ਜਿੱਥੇ ਸਿੱਖਾਂ ਦਾ ਨਿਸ਼ਾਨ ਸਾਹਿਬ ਲਹਿਰਾ ਰਿਹਾ ਹੈ ਜਿਸ ਦੇਸ਼ ਨੇ 100 ਸਾਲਾਂ ਤੋਂ ਵੀ ਜ਼ਿਆਦਾ ਸਾਡੇ 'ਤੇ ਸ਼ਾਸਨ ਕੀਤਾ। ਅੱਜ ਉਨ੍ਹਾਂ ਹੀ ਸਿੱਖਾਂ ਦੇ ਵੰਸ਼, ਊਧਮ ਸਿੰਘ ਦੇ ਭਾਈ ਭੈਣਾਂ ਨੇ ਅੱਜ ਕੋਵੈਂਟਰੀ ਵਿੱਚ ਨਿਸ਼ਾਨ ਸਾਹਿਬ ਲਾਇਆ ਜਿੱਥੇ ਪਹਿਲੀ ਵਾਰ ਊਧਮ ਸਿੰਘ ਨੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਸ਼ੁਰੂਆਤ ਕੀਤੀ ਸੀ। ਅੱਜ ਸਿੱਖਾਂ ਨੇ ਆਜ਼ਾਦ ਪੁਰਸ਼ ਅਤੇ ਔਰਤ ਦੇ ਰੂਪ ਵਿੱਚ ਆਪਣੀ ਪਛਾਣ ਬਣਾਈ ਹੈ।

ਸਵੇਰੇ 10 ਵਜੇ ਦਾ ਸਮਾਂ ਨਜ਼ਦੀਕ ਆ ਰਿਹਾ ਸੀ ਜਦੋਂ ਮੇਅਰ ਅਲਡਰਮੈਨ ਰੌਗਰਜ਼ ਅਤੇ ਉਨ੍ਹਾਂ ਦੇ ਸਾਥੀ ਮਹਿਮਾਨਾਂ ਨੇ ਆਉਣਾ ਸੀ। ਪਾਪਾ ਜੀ ਨੇ ਸਾਨੂੰ ਸਾਰਿਆਂ ਨੂੰ ਬਾਹਰ ਜਾਣ ਲਈ ਕਿਹਾ ਤਾਂ ਕਿ ਰਿਬਨ ਨੂੰ ਦਰਵਾਜ਼ੇ ਅੱਗੇ ਲਗਾਇਆ ਜਾ ਸਕੇ ਅਤੇ ਮੇਅਰ ਇਸ ਦਾ ਉਦਘਾਟਨ ਕਰ ਸਕਣ। ਦਰਵਾਜ਼ੇ ਉਦੋਂ ਤੱਕ ਨਹੀਂ ਖੋਲ੍ਹੇ ਜਾ ਸਕਦੇ ਸਨ ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ। ਪਾਪਾ ਜੀ ਨੇ ਗਿਆਨੀ ਨੌਂਨਿਹਾਲ ਸਿੰਘ ਨੂੰ ਗੁਰੂ ਦੀ ਹਾਜ਼ਰੀ ਵਿੱਚ ਰਹਿਣ ਲਈ ਕਿਹਾ ਅਤੇ ਇੱਕ ਹੋਰ ਵਿਅਕਤੀ ਜੋ ਅੰਦਰ ਸੀ, ਉਹ ਬੀਜੀ ਸਨ। ਜਿਨ੍ਹਾਂ ਨੇ ਦਰਵਾਜ਼ੇ 'ਤੇ ਤੇਲ ਚੜ੍ਹਾਉਣ ਅਤੇ ਸਵਾਗਤ ਦੀ ਰਸਮ ਕੀਤੀ ਸੀ।

ਪਾਪਾ ਜੀ ਅਤੇ ਉਨ੍ਹਾਂ ਦੀ ਟੀਮ ਦੇ ਬਾਕੀ ਮੈਂਬਰ ਬਾਬਾ ਜੀ, ਸੁੱਚਾ ਸਿੰਘ, ਪ੍ਰੇਮ ਸਿੰਘ ਖਾਲਸਾ, ਸੋਹਣ ਸਿੰਘ ਗੱਫਾ ਹਾਰਨੈੱਲ ਲੇਨ ਵੈਸਟ ਦੇ ਗੇਟਾਂ 'ਤੇ ਮੇਅਰ ਦੇ ਪੁੱਜਣ ਦਾ ਇੰਤਜ਼ਾਰ ਕਰ ਰਹੇ ਸਨ। ਦਰਵਾਜ਼ੇ 'ਤੇ ਕੇਸਰੀ ਰੰਗ ਦਾ ਰਿਬਨ ਬੰਨ੍ਹਿਆ ਹੋਇਆ ਸੀ। ਮੈਂ ਦਰਵਾਜ਼ੇ ਕੋਲ ਕੁਸ਼ਨ ਅਤੇ ਕੈਂਚੀ ਲੈ ਕੇ ਖੜ੍ਹਾ ਸੀ ਅਤੇ ਪਾਪਾ ਜੀ ਕੋਲ 'ਗੋਲਡ ਕੀ' (ਅਸਲੀ ਸੋਨੇ ਦੀ ਨਹੀਂ) ਮੇਅਰ ਨੂੰ ਦੇਣ ਲਈ ਖੜ੍ਹੇ ਸਨ। ਲੋਕ ਅੱਗੇ ਆਉਣ ਲਈ ਅਤੇ ਉਸ ਫੋਟੋ ਦਾ ਹਿੱਸਾ ਬਣਨ ਲਈ ਧੱਕੇ ਮਾਰ ਰਹੇ ਸਨ ਜਿਹੜੀ ਇਤਿਹਾਸ ਦਾ ਹਿੱਸਾ ਬਣਨ ਜਾ ਰਹੀ ਸੀ।

ਬਾਵਾ ਸਿੰਘ ਪਾਪਾ ਜੀ ਕੋਲ ਆਏ ਅਤੇ ਕਿਹਾ, 'ਧਰਮ ਸਿੰਘ ਜੀ ਇਨ੍ਹਾਂ ਨੂੰ ਆਖੋ ਕਿ ਇਹ ਅੱਛੀ ਤਰ੍ਹਾਂ ਖੜ੍ਹਨ।'

ਬਾਬਾ ਜੀ ਨੇ ਉਨ੍ਹਾਂ ਵੱਲ ਦੇਖਿਆ ਅਤੇ ਕਿਹਾ, 'ਇਹ ਤੇਰੀ ਸਰਕਾਰੀ ਫੌਜ ਨਹੀਂ ਇਹ ਗੁਰੂ ਦੀ ਫੌਜ ਹੈ।'

ਪਾਪਾ ਜੀ ਜਾਣਦੇ ਸਨ ਕਿ ਇਹ ਦੋਵੇਂ ਇੱਥੇ ਵੀ ਬਹਿਸ ਕਰਨਗੇ ਅਤੇ ਫਿਰ ਬਾਵਾ ਸਿੰਘ ਨੇ ਆਪਣੇ ਮੂੰਹ ਵਿੱਚ ਹੀ ਕਿਹਾ, 'ਗਵਾਰ।' ਪਾਪਾ ਜੀ ਨੇ ਇਸ ਬਕਵਾਸ ਨੂੰ ਬੰਦ ਕਰਾਉਣਾ ਸੀ, ਇਸ ਲਈ ਉਨ੍ਹਾਂ ਨੇ ਉੱਚੀ ਆਵਾਜ਼ ਵਿੱਚ ਕਿਹਾ, 'ਬਸ' ਅਤੇ ਉਹ ਦੋਵੇਂ ਚੁੱਪ ਕਰ ਗਏ।

ਪਾਪਾ ਜੀ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਸਤਿਕਾਰਤ ਢੰਗ ਨਾਲ ਇਕੱਠੇ ਹੋਣ ਅਤੇ ਪ੍ਰਵੇਸ਼ ਕਰਨ ਲਈ ਕਤਾਰਾਂ ਨਾ ਤੋੜਨ। ਇਸਦਾ ਕੁਝ ਅਸਰ ਹੋਇਆ, ਪਰ ਜ਼ਿਆਦਾ ਨਹੀਂ।

(ਚਲਦਾ)



# ਜੰਮੂ-ਕਸ਼ਮੀਰ 'ਚ ਦੇਸ਼ ਦੀ ਰਾਖੀ ਕਰਦੇ ਹੜ੍ਹ ਦੀ ਲਪੇਟ 'ਚ ਆ ਕੇ ਪੰਜਾਬ ਦੇ ਦੋ ਪੁੱਤ ਸ਼ਹੀਦ




ਜੰਮੂ : ਜੰਮੂ ਕਸ਼ਮੀਰ ਦੇ ਪੁੰਛ 'ਚ ਭਾਰੀ ਮੀਂਹ ਕਾਰਨ ਅਚਾਨਕ ਆਏ ਹੜ੍ਹ 'ਚ ਰੁੜੇ 2 ਫ਼ੌਜੀਆਂ ਦੀਆਂ ਮ੍ਰਿਤਕ ਦੇਹਾਂ ਬਰਾਮਦ ਹੋਈਆਂ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਫ਼ੌਜ ਦੇ ਦੋਵੇਂ ਜਵਾਨ ਸੁਰਾਨਕੋਟ ਇਲਾਕੇ 'ਚ ਡੋਗਰਾ ਨਾਲੇ ਨੂੰ ਪਾਰ ਕਰ ਰਹੇ ਸਨ ਅਤੇ ਇਸ ਦੌਰਾਨ ਉਹ ਤੇਜ਼ ਵਹਾਅ 'ਚ ਰੁੜ੍ਹ ਗਏ। ਅਧਿਕਾਰੀਆਂ ਅਨੁਸਾਰ, ਨਾਇਬ ਸੂਬੇਦਾਰ ਕੁਲਦੀਪ ਸਿੰਘ ਦੀ ਮ੍ਰਿਤਕ ਦੇਹ ਸ਼ਨੀਵਾਰ ਰਾਤ ਡੋਗਰਾ ਨਾਲੇ ਤੋਂ ਕੱਢ ਲਈ ਗਈ, ਜਦੋਂ ਕਿ ਲਾਂਸ ਨਾਇਕ ਤੇਲੁ ਰਾਮ ਦੀ ਮ੍ਰਿਤਕ ਦੇਹ ਐਤਵਾਰ ਬਰਾਮਦ ਹੋਈ।

ਦੋਵੇਂ ਫ਼ੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਫ਼ੌਜ ਨੇ ਕਿਹਾ ਕਿ ਹਾਦਸੇ ਦੇ ਸਮੇਂ ਜਵਾਨ ਖੇਤਰ 'ਚ ਗਸ਼ਤ ਲਗਾ ਰਹੇ ਸਨ। ਗਸ਼ਤੀ ਦਸਤੇ ਦੇ ਨਾਇਬ ਸੂਬੇਦਾਰ ਕੁਲਦੀਪ ਸਿੰਘ ਨੇ ਲਾਂਸ ਨਾਇਕ ਤੇਲੁ ਰਾਮ ਨੂੰ ਬਚਾਉਣ ਦੀ ਕੋਸ਼ਿਸ਼ 'ਚ ਆਪਣੀ ਜਾਨ ਗੁਆ ਦਿੱਤੀ।" ਫ਼ੌਜ ਦੇ ਬੁਲਾਰੇ ਨੇ ਕਿਹਾ ਕਿ ਨਾਇਬ ਸੂਬੇਦਾਰ ਸਿੰਘ ਤਰਨਤਾਰਨ ਅਤੇ ਲਾਂਸ ਨਾਇਕ ਹੁਸ਼ਿਆਰਪੁਰ ਦੇ ਵਾਸੀ ਹਨ।

# ਚੰਗਾ ਖਾਣ-ਪੀਣ ਦੇ ਮਾਮਲੇ 'ਚ ਪੰਜਾਬੀਆਂ ਦੀ ਬੱਲੇ-ਬੱਲੇ, ਦੇਸ਼ ਭਰ 'ਚ ਦੂਜੇ ਸਥਾਨ ਤੇ ਰਿਹਾ ਪੰਜਾਬ



ਜਲੰਧਰ- ਦੇਸ਼ ਵਿਦੇਸ਼ ਵਿਚ ਖਾਣ-ਪੀਣ ਨੂੰ ਲੈ ਕੇ ਪੰਜਾਬੀਆਂ ਦਾ ਕੋਈ ਮੁਕਾਬਲਾ ਨਹੀਂ ਹੈ। ਇਸ ਵਾਰ 6 ਸਾਲਾਂ ਬਾਅਦ ਪੰਜਾਬ ਨੇ ਸਟੇਟ ਫੂਡ ਸੇਫਟੀ ਇੰਡੈਕਸ (ਐੱਸ. ਐੱਫ਼. ਐੱਸ. ਆਈ) ਵਿਚ ਜਗ ?ਹਾ ਬਣਾ ਲਈ ਹੈ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਿਟੀ ਆਫ਼ ਇੰਡੀਆ (ਐੱਫ਼. ਐੱਸ. ਏ. ਆਈ) ਵੱਲੋਂ 2018-19 ਵਿਚ ਵਿਸ਼ਵ ਫੂਡ ਦਿਵਸ ਮੌਕੇ ਚੰਗਾ ਖਾਣਾ ਖਾਣ ਦਾ ਵਾਤਾਵਰਣ ਬਣਾਉਣ ਲਈ ਸਟੇਟ ਫੂਡ ਸੈਫਟੀ ਇੰਡੈਕਸ ਮੁਕਾਬਲਾ ਸ਼ੁਰੂ ਕੀਤਾ ਸੀ। ਇਸ ਵਿਚ 20 ਵੱਡੇ ਸੂਬੇ, 8 ਛੋਟੇ ਰਾਜ ਅਤੇ 8 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਸ਼ਾਮਲ ਕੀਤਾ ਗਿਆ ਸੀ। ਪਿਛਲੇ ਸਾਲ 2022-23 ਦੀ ਸਟੇਟ ਫੂਡ ਇੰਡੈਕਸ ਦੀ ਰਿਪੋਰਟ ਜਾਰੀ ਕੀਤੀ ਗਈ ਸੀ।

ਰਿਪੋਰਟ ਅਨੁਸਾਰ 2018-19 ਵਿੱਚ ਸ਼ੁਰੂਆਤੀ ਦੌਰ ਵਿੱਚ ਜਦੋਂ ਮੁਕਾਬਲਾ ਦੋ ਵਰਗਾਂ ਵਿੱਚ ਹੋਇਆ ਸੀ ਤਾਂ ਪੰਜਾਬ ਜੇਤੂਆਂ ਦੀ ਸੂਚੀ ਵਿੱਚ ਸੀ। ਰਿਪੋਰਟ ਅਨੁਸਾਰ 100 ਵਿਚੋਂ 63 ਅੰਕ ਲੈ ਕੇ ਵੱਡੇ ਸੂਬਿਆਂ ਵਿਚ ਕੇਰਲ ਪਹਿਲੇ, 57.5 ਅੰਕ ਲੈ ਕੇ ਪੰਜਾਬ ਦੂਜੇ ਨੰਬਰ 'ਤੇ ਅਤੇ 56.5 ਅੰਕਾਂ ਦੇ ਨਾਲ ਤਾਮਿਲਨਾਡੂ ਤੀਜੇ ਸਥਾਨ 'ਤੇ ਰਿਹਾ ਹੈ। ਇਸ ਤੋਂ ਪਹਿਲਾਂ 2019-20 ਅਤੇ 2020-21 ਵਿਚ ਗੁਜਰਾਤ ਅਤੇ 2021-22 ਵਿਚ ਤਾਮਿਲਨਾਡੂ ਪਹਿਲੇ ਸਥਾਨ 'ਤੇ ਰਿਹਾ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸ਼੍ਰੇਣੀ ਵਿਚ 2019-20 ਵਿਚ ਚੰਡੀਗੜ੍ਹ ਅਤੇ ਉਸ ਦੇ ਬਾਅਦ ਜੰਮੂ-ਕਸ਼ਮੀਰ ਲਗਾਤਾਰ ਪਹਿਲੇ ਨੰਬਰ 'ਤੇ ਰਹੇ ਹਨ। ਹਾਲਾਂਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੂਚੀ ਵਿਚ ਪਿੱਛੇ ਹਨ।

ਜ਼ਿਲ੍ਹਾ ਸਿਹਤ ਅਧਿਕਾਰੀ ਸੁਖਵਿੰਦਰ ਸਿੰਘ ਦਾ ਕਹਿਣਾ ਹਰੈ ਕਿ ਸੂਬੇ ਵਿਚ ਚੰਗਾ ਖਾਣਾ ਖਾਣ ਲਈ ਸਵੱਛਤਾ ਦੇ ਨਾਲ-ਨਾਲ ਪੌਸ਼ਟਿਕ ਤੱਤਾਂ ਨੂੰ ਵੀ ਵਾਧਾ ਦਿੱਤਾ ਜਾ ਰਿਹਾ ਹੈ। ਇਹ ਲੋਕਾਂ ਦੀ ਸਿਹਤ ਸੁਰੱਖਿਆ ਲਈ ਸਹਾਇਕ ਹੈ। ਸੇਫ ਫੂਡ ਸੇਫਟੀ ਇੰਡੈਕਸ ਵਿਚ ਮਨੁੱਖੀ ਸਰੋਤ ਦੇ 18, ਪਾਲਣ ਦੇ 28, ਖੁਰਾਕ ਜਾਂਚ ਦੇ ਢਾਂਚੇ ਦੇ 17, ਸਿਖਲਾਈ ਅਤੇ ਸਮਰੱਥਾ ਨਿਰਮਾਣ ਦੇ 8, ਖ਼ਪਤਕਾਰ ਸਸ਼ਕਤੀਕਰਨ ਵਿਚ 19 ਅਤੇ ਸਟੇਟ ਫੂਡ ਸੇਫਟੀ ਇੰਡੈਕਸ ਦੇ ਰੈਂਕ ਵਿਚ ਸੁਧਾਰ ਦੀ ਸ਼੍ਰੇਣੀ ਦੇ 10 ਫ਼ੀਸਦੀ ਵਿਚੋਂ ਸੂਬਿਆਂ ਦੀ ਯੋਗਤਾ ਦੇ ਆਧਾਰ 'ਤੇ ਨੰਬਰ ਦਿੱਤੇ ਜਾਂਦੇ ਹਨ। ਪੰਜਾਬ ਵਿੱਚ ਰੇਲਵੇ ਸਟੇਸ਼ਨਾਂ, ਚੌਪਾਰਟੀਆਂ ਅਤੇ ਵੱਡੇ ਪੱਧਰ 'ਤੇ ਭੋਜਨ ਤਿਆਰ ਕਰਨ ਵਾਲੀਆਂ ਥਾਵਾਂ 'ਤੇ ਸੇਫ਼ ਫੂਡ ਕਾਰਨਰ ਅਤੇ ਈਟ ਰਾਈਟ ਪ੍ਰਮਾਣਿਤ ਕੀਤਾ ਗਿਆ। ਇਹ ਕਾਰਵਾਈ ਪ੍ਰਾਈਵੇਟ ਕੰਪਨੀ ਵੱਲੋਂ ਸਰਵੇ ਦੇ ਆਧਾਰ 'ਤੇ ਕੀਤੀ ਗਈ ਸੀ। ਇਸ ਤੋਂ ਇਲਾਵਾ ਫੂਡ ਟੈਸਟਿੰਗ ਲੈਬ ਵਿੱਚ ਸਮੁੱਚੇ ਮਾਪਦੰਡਾਂ ਤੋਂ ਇਲਾਵਾ ਲੋਕਾਂ ਨੂੰ ਜਾਗਰੂਕਤਾ ਸੰਦੇਸ਼ ਵੀ ਦਿੱਤਾ ਗਿਆ।

# ਸਿੰਘ ਸਭਾ ਲਹਿਰ ਦੀ ਸਥਾਪਨਾ ਦੇ 150 ਸਾਲ ਪੂਰੇ ਹੋਣ 'ਤੇ ਕੀਤੇ ਜਾਣਗੇ ਵਿਸ਼ੇਸ਼ ਗੁਰਮਤਿ ਸਮਾਗਮ: ਐਡਵੋਕੇਟ ਧਾਮੀ



ਨਵੀਂ ਦਿੱਲੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਦੌਰਾਨ ਸਿੰਘ ਸਭਾ ਲਹਿਰ ਦੀ ਆਰੰਭਤਾ ਦੇ 150 ਸਾਲ ਪੂਰੇ ਹੋਣ 'ਤੇ ਵਿਸ਼ੇਸ਼ ਗੁਰਮਤਿ ਸਮਾਗਮ ਕਰਨ ਦਾ ਫੈਸਲਾ ਕੀਤਾ ਗਿਆ। ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਇਕੱਤਰਤਾ 'ਚ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਬਾਰੇ ਵੀ ਵਿਚਾਰਾਂ ਹੋਈਆਂ। ਐਡਵੋਕੇਟ ਧਾਮੀ ਨੇ ਇਕੱਤਰਤਾ ਮਗਰੋਂ ਦੱਸਿਆ ਹੈ ਕਿ ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਅੰਦਰ ਧਾਰਮਿਕ ਚੇਤਨਾ ਫੈਲਾਉਣ ਦੇ ਨਾਲ-ਨਾਲ ਸਿੱਖ ਵਿਰੋਧੀ ਚਾਲਾਂ ਨੂੰ ਵੀ ਰੋਕਿਆ ਸੀ। 1 ਅਕਤੂਬਰ 1873 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਸਿੰਘ ਸਭਾ ਦੀ ਉਦਾਘਟਨੀ ਇਕੱਤਰਤਾ ਹੋਈ ਸੀ, ਜਿਸ ਦਾ 150 ਸਾਲਾ 1 ਅਕਤੂਬਰ 2023 ਨੂੰ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿੱਖੀ ਪ੍ਰਚਾਰ ਲਈ ਕਾਰਜਸ਼ੀਲ ਵੱਖ-ਵੱਖ ਸੰਸਥਾਵਾਂ ਅਤੇ ਦੀਵਾਨ ਕੌਮ ਦੇ ਮਹੱਤਵਪੂਰਨ ਅੰਗ ਹਨ, ਜਿਨ੍ਹਾਂ ਦੇ ਸਹਿਯੋਗ ਨਾਲ ਧਰਮ ਪ੍ਰਚਾਰ ਅੱਗੇ ਵਧਾਇਆ ਜਾਵੇਗਾ। ਸਿੰਘ ਸਭਾਵਾਂ ਦੇ ਸਹਿਯੋਗ ਨਾਲ 150 ਸਾਲਾ ਸਮਾਗਮ ਚੜ੍ਹਦੀ ਕਲਾ ਵਿਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਇਕ ਸਬ-ਕਮੇਟੀ ਗਠਤ ਕੀਤੀ ਜਾਵੇਗੀ, ਜੋ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰੇਗੀ।

ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਦੌਰਾਨ ਵੱਖ-ਵੱਖ ਜੋਨਾਂ ਵਿਚ ਕੀਤੇ ਜਾ ਰਹੇ ਧਰਮ ਪ੍ਰਚਾਰ ਕਾਰਜਾਂ ਦੀ ਸਮੀਖਿਆ ਵੀ ਕੀਤੀ ਗਈ ਅਤੇ ਭਵਿੱਖ ਅੰਦਰ ਹੋਰ ਤੇਜੀ ਨਾਲ ਸਿੱਖ ਧਰਮ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਫੈਸਲਾ ਕੀਤਾ ਗਿਆ। ਇਕੱਤਰਤਾ 'ਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਤੇਜਿੰਦਰਪਾਲ ਸਿੰਘ ਲਾਡਵਾ, ਸ. ਮਨਜੀਤ ਸਿੰਘ ਬੱਪੀਆਣਾ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਹਰਪਾਲ ਸਿੰਘ ਜੱਲਾ, ਓਐਡਸੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਇੰਚਾਰਜ ਸ. ਮਨਜੀਤ ਸਿੰਘ ਆਦਿ ਮੌਜੂਦ ਸਨ।

# ਹਾਈਕੋਰਟ ਵਿਖੇ ਗੁੜਗਾਉਂ ਪਟੌਦੀ 'ਚ 47 ਸਿੱਖਾਂ ਦੇ ਕਤਲੇਆਮ ਮਾਮਲੇ ਦੀ ਹੋਈ ਸੁਣਵਾਈ, ਅਗਲੀ ਪੇਸ਼ੀ 17 ਅਕਤੂਬਰ ਨੂੰ

## *ਨਵੰਬਰ 84 ਦੇ ਦੁਖਾਂਤ ਨੇ ਪੀੜਤਾਂ ਦਾ ਸਭ ਕੁਝ ਮਲੀਆਮੇਟ ਕਰ ਦਿੱਤਾ : ਘੋਲੀਆ*



ਕੋਟਕਪੂਰਾ : 2 ਨਵੰਬਰ 1984 ਨੂੰ ਗੁੜਗਾਉਂ ਪਟੌਦੀ (ਹਰਿਆਣਾ) ਵਿਖੇ ਵਹਿਸ਼ੀਆਨਾ ਭੀੜ ਨੇ 297 ਘਰਾਂ ਨੂੰ ਅੱਗ ਲਾ ਕੇ ਸਾੜ ਫੂਕ ਕਰਨ ਦੇ ਕੇਸ ਦੀ ਅੱਜ ਹਾਈ ਕੋਰਟ 'ਚ ਸੁਣਵਾਈ ਹੋਈ। ਇਸ ਸਬੰਧੀ 2 ਸਰਕਾਰੀ ਧਿਰਾਂ ਨੇ ਨੋਟਿਸ ਦਾ ਜਵਾਬ ਦੇਣ ਲਈ ਹੋਰ ਸਮਾਂ ਮੰਗਿਆ ਅਤੇ ਜਸਟਿਸ ਨੇ ਅਗਲੀ ਪੇਸ਼ੀ 17 ਅਕਤੂਬਰ 2023 'ਤੇ ਪਾ ਦਿੱਤੀ। 2 ਨਵੰਬਰ 1984 ਨੂੰ ਗੁੜਗਾਉਂ ਪਟੌਦੀ (ਹਰਿਆਣਾ) 'ਚ 47 ਸਿੱਖਾਂ ਨੂੰ ਤੜਪਾ-ਤੜਪਾ ਕੇ ਅਰਥਾਤ ਪੂਰੀ ਤਰ੍ਹਾਂ ਦੁਖੀ ਕਰ ਕੇ ਮਾਰ ਦਿਤਾ ਸੀ। ਇਸ ਸਬੰਧੀ ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਵਲੋਂ ਰਿੱਟ ਨੰਬਰ 10904 ਪੀੜਤ ਸੰਤੋਖ ਸਿੰਘ ਸਾਹਨੀ ਰਾਹੀਂ ਸੀਨੀਅਰ ਵਕੀਲ ਗਗਨਦੀਪ ਸਿੰਘ ਬੱਲ ਰਾਹੀਂ 133 ਪਟੀਸ਼ਨਾਂ ਲਾਈਆਂ ਗਈਆਂ ਸਨ, ਜਿਸ ਦੀ ਹਾਈ ਕੋਰਟ ਵਿਖੇ ਜਸਟਿਸ ਵਿਨੋਦ ਕੁਮਾਰ ਭਾਰਦਵਾਜ ਇਕਹਿਰੀ ਬੈਚ ਮੂਹਰੇ ਅੱਜ ਸੁਣਵਾਈ ਹੋਈ।

ਸਿੱਖ ਕਤਲੇਆਮ ਮਾਮਲੇ ਵਿਚ ਮਾਣਯੋਗ ਹਾਈ ਕੋਰਟ ਨੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਅਤੇ ਡੀ.ਸੀ. ਗੁੜਗਾਉਂ ਸਮੇਤ 9 ਧਿਰਾਂ ਨੂੰ ਪਿਛਲੀ ਤਰੀਕ 'ਤੇ ਨੋਟਿਸ ਜਾਰੀ ਕੀਤੇ ਸਨ।

ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਕੇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ 1984 ਸਿੱਖ ਕਤਲੇਆਮ ਮਾਮਲਾ ਦੁਨੀਆਂ ਦੇ ਇਤਿਹਾਸ ਵਿਚ ਇਕਤਰਫਾ ਕਤਲੇਆਮ ਹੈ, ਜੋ ਕਿ ਗਿਣੀ ਮਿੱਥੀ ਯੋਜਨਾ ਰਾਹੀਂ ਕੀਤਾ ਗਿਆ। ਉਹ ਪੀੜਤਾਂ ਨੂੰ ਇਨਸਾਫ਼ ਤੇ ਨਿਆਂ ਦਿਵਾਉਣ ਲਈ ਕਾਨੂੰਨੀ ਪ੍ਰਕਿਰਿਆ ਰਾਹੀਂ ਅਪਣਾ ਸੰਘਰਸ਼ ਨਿਰੰਤਰ ਜਾਰੀ ਰੱਖਣਗੇ, ਜਿੰਨਾ ਚਿਰ ਪੀੜਤਾਂ ਨੂੰ ਇਨਸਾਫ਼ ਨਹੀ ਮਿਲ ਜਾਂਦਾ।

ਉਨ੍ਹਾਂ ਦਾਅਵਾ ਕੀਤਾ ਕਿ ਅੱਜ ਵੀ ਪੀੜਤ ਪ੍ਰਵਾਰ ਗੁਰਬਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ, ਕਿਉਂਕਿ ਨਵੰਬਰ 1984 ਦੇ ਦੁਖਾਂਤ ਨੇ ਸਭ ਕੁਝ ਮਲੀਆਮੇਟ ਕਰ ਕੇ ਰੱਖ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਪੀੜਤ ਗੁਰਜੀਤ ਸਿੰਘ ਪਟੌਦੀ, ਬਲਕਰਨ ਸਿੰਘ ਢਿੱਲੋਂ ਮੋਗਾ, ਗੁਰਦੀਪ ਸਿੰਘ ਕੁਰਕਸ਼ੇਤਰ, ਸਰੂਪ ਸਿੰਘ ਚੂਹੜਚੱਕ, ਸੁਰਜੀਤ ਸਿੰਘ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਆਦਿ ਵੀ ਹਾਜ਼ਰ ਸਨ।

# ਪਾਦਰੀ ਨੇ ਲੜਕੀ ਨੂੰ ਗਰਭਵਤੀ ਕਰ ਕੇ ਕਰਵਾਇਆ ਗਰਭਪਾਤ, ਲੜਕੀ ਦੀ ਮੌਤ

## ਪਾਦਰੀ ਅਤੇ ਨਸਰ ਖਿਲਾਫ਼ ਕੇਸ ਦਰਜ

ਗੁਰਦਾਸਪੁਰ : ਪੁਲਸ ਥਾਣਾ ਦੀਨਾਨਗਰ ਦੇ ਅਧੀਨ ਪੈਂਦੇ ਇਕ ਪਿੰਡ 'ਚ ਚਰਚ 'ਚ ਆਉਣ ਵਾਲੀ ਕੁੜੀ ਦੇ ਨਾਲ ਪਾਦਰੀ ਨੇ ਪਹਿਲਾਂ ਸਰੀਰਿਕ ਸਬੰਧ ਬਣਾਏ ਅਤੇ ਜਦ ਕੁੜੀ ਗਰਭਪਤੀ ਹੋ ਗਈ ਤਾਂ ਪਾਦਰੀ ਨੇ ਨਰਸ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਨੂੰ ਇੰਫੈਕਸ਼ਨ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਦੋਸ਼ੀ ਪਾਦਰੀ ਜਸ਼ਨ ਗਿੱਲ ਪੁੱਤਰ ਅਨਾਇਤ ਮਸੀਹ ਪਿੰਡ ਅਬਲਖੈਰ ਅਤੇ ਪਿੰਡ ਗੋਹਤ ਪੋਕਰ ਦੀ ਰਹਿਣ ਵਾਲੀ ਨਰਸ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪਰ ਦੋਵੇਂ ਦੋਸ਼ੀ ਅਜੇ ਫ਼ਰਾਰ ਹਨ।

ਸਬ ਇੰਸਪੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਕੁੜੀ ਦੇ ਪਰਿਵਾਰ ਵੱਲੋਂ ਦਿੱਤੀ ਸ਼ਿਕਾਇਤ ਦੀ ਜਾਂਚ 'ਚ ਪਾਇਆ ਕਿ ਦੋਸ਼ੀ ਪਾਦਰੀ ਨੇ ਆਪਣੇ ਘਰ 'ਚ ਚਰਚ ਖੋਲ੍ਹ ਰੱਖਿਆ ਸੀ ਅਤੇ ਮ੍ਰਿਤਕ ਕੁੜੀ ਦਾ ਪਰਿਵਾਰ ਉਸ ਚਰਚ 'ਚ ਜਾਇਆ ਕਰਦਾ ਸੀ। ਇਸ ਕਾਰਨ ਪਾਦਰੀ ਦਾ ਸ਼ਿਕਾਇਤਕਰਤਾਂ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ। ਇਸ ਦੌਰਾਨ ਦੋਸ਼ੀ ਪਾਦਰੀ ਨੇ ਉਸ ਪਰਿਵਾਰ ਦੀ 21 ਸਾਲਾ ਕੁੜੀ ਨਾਲ ਸਰੀਰਿਕ ਸਬੰਧ ਬਣਾ ਲਏ, ਜਿਸ ਕਾਰਨ ਕੁੜੀ ਗਰਭਵਤੀ ਹੋ ਗਈ। ਆਪਣੇ ਘਿਨੌਣੇ ਅਪਰਾਧ ਨੂੰ ਲੋਕਾਂ ਅਤੇ ਪਰਿਵਾਰ ਤੋਂ ਲੁਕਾਉਣ ਦੇ ਲਈ ਪਾਦਰੀ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਦੀ ਇਕ ਹੋਰ ਘਿਨੌਣੀ ਹਰਕਤ ਕਰਦੇ ਹੋਏ ਇਕ ਹੋਰ ਗੁਨਾਹ ਕੀਤਾ।

ਇਸ ਦੇ ਤਹਿਤ ਦੋਸ਼ੀ ਪਾਦਰੀ ਨੇ ਆਪਣੀ ਜਾਣ-ਪਛਾਣ ਦੀ ਇਕ ਨਰਸ ਸਤਿੰਦਰਜੀਤ ਕੌਰ ਉਰਫ਼ ਬਬਲੀ ਵਾਸੀ ਪਿੰਡ ਗੋਹਤ ਪੋਖਰ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਦੇ ਢਿੱਡ 'ਚ ਇੰਫੈਕਸ਼ਨ ਫੈਲ ਗਈ। ਇਸ ਕਾਰਨ ਕੁੜੀ ਦੀ ਹਾਲਤ ਗੰਭੀਰ ਹੋ ਗਈ ਅਤੇ ਉਸ ਨੂੰ ਅੰਮ੍ਰਿਤਸਰ ਗੁਰੂ ਨਾਨਕ ਦੇਵ ਹਸਪਤਾਲ ਇਲਾਜ ਦੇ ਲਈ ਲੈ ਜਾਇਆ ਗਿਆ। ਇਸ ਦੌਰਾਨ 25 ਜੂਨ ਨੂੰ ਕੁੜੀ ਦੀ ਮੌਤ ਹੋ ਗਈ। ਇਸ ਦੇ ਬਾਅਦ ਦੀਨਾਨਗਰ ਪੁਲਸ ਨੇ ਦੋਸ਼ੀ ਪਾਦਰੀ ਅਤੇ ਨਰਸ ਬਬਲੀ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ, ਜਦੋਂ ਕਿ ਦੋਵੇਂ ਦੋਸ਼ੀ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਨਰਿੰਦਰ ਮੋਦੀ ਦਾ ਤਿਲਕ ਰਾਸ਼ਟਰੀ ਪੁਰਸਕਾਰ ਨਾਲ ਹੋਵੇਗਾ ਸਨਮਾਨ

ਪੁਣੇ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਗਲੇ ਮਹੀਨੇ ਪੁਣੇ ਵਿੱਚ ਰੱਖੇ ਸਮਾਗਮ ਦੌਰਾਨ ਲੋਕਮਾਨਿਆ ਤਿਲਕ ਰਾਸ਼ਟਰੀ ਪੁਰਸਕਾਰ ਦਿੱਤਾ ਜਾਵੇਗਾ। ਪਹਿਲੀ ਅਗਸਤ ਲਈ ਤਜਵੀਜ਼ਤ ਸਮਾਗਮ ਵਿੱਚ ਐੱਨਸੀਪੀ ਮੁਖੀ ਸ਼ਰਦ ਪਵਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਸਮਾਗਮ ਦੇ ਪ੍ਰਬੰਧਕਾਂ ਨੇ ਕਿਹਾ ਕਿ ਇਸ ਪੁਰਸਕਾਰ ਲਈ ਸ੍ਰੀ ਮੋਦੀ ਦੀ ਚੋਣ ਉਨ੍ਹਾਂ ਦੀ ਸਿਖਰਲੀ ਅਗਵਾਈ ਤੇ ਲੋਕਾਂ ਵਿੱਚ ਦੇਸ਼ਭਗਤੀ ਦੀ ਭਾਵਨਾ ਪੈਦਾ ਕਰਨ ਲਈ ਪਾਏ ਯੋਗਦਾਨ ਨੂੰ ਪਛਾਣ ਦੇਣ ਲਈ ਕੀਤੀ ਗਈ ਹੈ। ਪੁਰਸਕਾਰ ਵਿੱਚ ਮੋਮੈਂਟੋ ਤੇ ਪ੍ਰਸ਼ੰਸਾ-ਪੱਤਰ ਸ਼ਾਮਲ ਹੈ।

# ਮੁਸਲਿਮ ਵਰਲਡ ਲੀਗ ਦੇ ਜਨਰਲ ਸਕੱਤਰ ਅਲ-ਇੱਸਾ ਨੇ ਕੀਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ



ਨਵੀਂ ਦਿੱਲੀ : ਮੁਸਲਿਮ ਵਰਲਡ ਲੀਗ (ਐੱਮ.ਡਬਲਯੂ.ਐੱਲ.) ਦੇ ਜਨਰਲ ਸਕੱਤਰ ਸ਼ੇਖ ਮੁਹੰਮਦ ਬਿਨ ਅਬਦੁਲਕਰੀਮ ਅਲ-ਇੱਸਾ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਕਈ ਮੁੱਦਿਆਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਦਫਤਰ (ਪੀ.ਐੱਮ.ਓ.) ਨੇ ਇਕ ਟਵੀਟ ਰਾਹੀਂ ਇਹ ਜਾਣਕਾਰੀ ਦਿੱਤੀ।

ਪੀ.ਐੱਮ.ਓ. ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁਸਲੀਮ ਵਰਲਡ ਲੀਗ ਦੇ ਜਨਰਲ ਸਕੱਤਰ ਅਤੇ ਮੁਸਲਿਮ ਵਿਦਵਾਨਾਂ ਦੇ ਸੰਗਠਨ ਦੇ ਪ੍ਰਧਾਨ ਸ਼ੇਖ ਮੁਹੰਮਦ ਬਿਨ ਅਬਦੁਲਕਰੀਮ ਅਲ-ਇੱਸਾ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਅੰਤਰ-ਧਾਰਮਿਕ ਸਦਭਾਵਨਾ, ਸ਼ਾਂਤੀ ਨੂੰ ਅੱਗੇ ਵਧਾਉਣ ਅਤੇ ਮਨੁੱਖੀ ਪ੍ਰਗਤੀ ਦੀ ਦਿਸ਼ਾ 'ਚ ਕੰਮ ਕਰਨ ਦੇ ਵੱਖ-ਵੱਖ ਪਹਿਲੂਆਂ 'ਤੇ ਵਿਵਹਾਰਿਕ ਚਰਚਾ ਕੀਤੀ।

ਭਾਰਤ ਦੀ ਯਾਤਰਾ 'ਤੇ ਆਏ ਅਲ-ਇੱਸਾ ਨੇ ਇਥੇ ਖੁਸਰੋ ਫਾਊਂਡੇਸ਼ਨ ਅਤੇ ਇੰਡੀਆ ਇਸਲਾਮਿਕ ਕਲਚਰ ਸੈਂਟਰ ਦੁਆਰਾ ਆਯੋਜਿਤ ਇਕ ਪ੍ਰੋਗਰਾਮ ਨੂੰ ਵੀ ਸੰਬੋਧਨ ਕੀਤਾ। ਉਹ ਭਾਰਤ ਸਰਕਾਰ ਦੇ ਅਧਿਕਾਰਤ ਸੱਦੇ 'ਤੇ ਇਥੇ ਆਏ ਹਨ। ਐੱਮ.ਡਬਲਯੂ.ਐੱਲ. ਇਕ ਅੰਤਰਰਾਸ਼ਟਰੀ ਗੈਰ-ਸਰਕਾਰੀ ਸੰਗਠਨ ਹੈ ਜਿਸਦਾ ਦਫਤਰ ਮੱਕਾ 'ਚ ਹੈ। ਇਸ ਵਿਚ ਸਾਰੇ ਇਸਲਾਮੀ ਦੇਸ਼ਾਂ ਅਤੇ ਸੰਪਰਦਾਵਾਂ ਦੇ ਮੈਂਬਰ ਸ਼ਾਮਲ ਹਨ।

# ਅਮਰੀਕੀ ਰਾਜਦੂਤ ਨੇ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ : ਭਾਰਤ 'ਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਅੱਤਵਾਦ ਨਾਲ ਨਜਿੱਠਣ, ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਅਤੇ ਸੁਰੱਖਿਆ ਖੇਤਰ 'ਚ ਦੋਹਾਂ ਦੇਸ਼ਾਂ ਵਿਚਾਲੇ ਸਹਿਯੋਗ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਗਾਰਸੇਟੀ ਭਾਰਤ 'ਚ ਅਮਰੀਕਾ ਦੇ 26ਵੇਂ ਰਾਜਦੂਤ ਹਨ। ਉਹ ਅਪ੍ਰੈਲ 'ਚ ਭਾਰਤ ਆਏ ਸਨ ਤੇ 11 ਮਈ ਨੂੰ ਰਾਸ਼ਟਰਪਤੀ ਨੂੰ ਆਪਣੇ ਪ੍ਰਮਾਣ ਪੱਤਰ ਸੌਂਪੇ ਸਨ।

ਸ਼ਾਹ ਦੇ ਦਫ਼ਤਰ ਨੇ ਟਵੀਟ ਕੀਤਾ, 'ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਦੀ ਮੁਲਾਕਾਤ ਦੌਰਾਨ ਅੱਤਵਾਦ ਦਾ ਮੁਕਾਬਲਾ ਕਰਨ, ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਅਤੇ ਸੁਰੱਖਿਆ ਖੇਤਰ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਵਧਾਉਣ 'ਤੇ ਉਸਾਰੂ ਚਰਚਾ ਹੋਈ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਅਮਰੀਕਾ ਫੇਰੀ ਦੇ ਸਾਕਾਰਾਤਮਕ ਨਤੀਜਿਆਂ 'ਤੇ ਅੱਗੇ ਵਧਣ ਦੀ ਵਚਨਬੱਧਤਾ ਨੂੰ ਦੁਹਰਾਇਆ ਗਿਆ।" ਅਮਰੀਕੀ ਰਾਜਦੂਤ ਨੇ ਇੱਥੇ ਨਾਰਥ ਬਲਾਕ ਸਥਿਤ ਗ੍ਰਹਿ ਮੰਤਰੀ ਦੇ ਦਫ਼ਤਰ ਵਿਖੇ ਉਨ੍ਹਾਂ ਨਾਲ ਮੁਲਾਕਾਤ ਕੀਤੀ।

# ਝੁਕਣ ਦੇ ਮੂਡ 'ਚ ਨਹੀਂ ਮੋਦੀ, ਲੜਨਗੇ ਇਕਜੁੱਟ ਵਿਰੋਧੀ ਧਿਰ ਨਾਲ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵਿਰੁੱਧ ਸੀ. ਬੀ. ਆਈ., ਈ. ਡੀ. ਤੇ ਇਨਕਮ ਟੈਕਸ ਆਦਿ ਦੀ ਕਾਰਵਾਈ ਨੂੰ ਹੌਲੀ ਕਰਨ ਦੇ ਸੁਝਾਅ ਨੂੰ ਰੱਦ ਕਰ ਦਿੱਤਾ ਹੈ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਾਂਗਰਸ, ਆਪ, ਆਰ. ਜੇ. ਡੀ., ਐੱਨ. ਸੀ. ਪੀ., ਜੇ. ਐੱਮ. ਐੱਮ., ਟੀ. ਐੱਮ. ਸੀ., ਸਪਾ ਅਤੇ ਹੋਰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਸ ਉਨ੍ਹਾਂ ਨੂੰ ਇਕੱਠੇ ਹੋਣ ਲਈ ਮਜਬੂਰ ਕਰ ਰਹੇ ਹਨ ।ਨਤੀਜੇ ਵਜੋਂ ਸੀਟਾਂ ਘਟ ਸਕਦੀਆਂ ਹਨ। ਏਜੰਸੀਆਂ ਇਸ ਵੇਲੇ ਬਿਹਾਰ ਵਿੱਚ ਜਨਤਾ ਦਲ (ਯੂ) ਦੇ ਆਗੂਆਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਕਰ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁਝ ਵਿਰੁੱਧ ਜਾਂਚ ਚੱਲ ਵੀ ਰਹੀ ਹੈ।



ਭਾਜਪਾ ਵਿਰੁੱਧ ਇਹ ਇਕਜੁੱਟ ਲੜਾਈ ਮਈ 2024 ਦੀਆਂ ਚੋਣਾਂ ਵਿਚ ਭਾਜਪਾ ਦੀ ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ ਵਿਚ ਗਿਰਾਵਟ ਦਾ ਕਾਰਨ ਬਣ ਸਕਦੀ ਹੈ। ਇਸ ਖਦਸ਼ੇ ਦਾ ਸੰਕੇਤ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਹਾਲ ਹੀ ਵਿੱਚ ਦਿੱਤੇ ਜਨਤਕ ਬਿਆਨਾਂ ਤੋਂ ਮਿਲਦਾ ਹੈ। ਕਰਨਾਟਕ 'ਚ ਹਾਰ ਤੋਂ ਬਾਅਦ ਸ਼ਾਹ ਨੇ ਜਨ ਸਭਾਵਾਂ 'ਚ ਕਿਹਾ ਕਿ 2024 'ਚ ਭਾਜਪਾ ਨੂੰ ਲੋਕ ਸਭਾ ਦੀਆਂ 300 ਸੀਟਾਂ ਮਿਲਣਗੀਆਂ। ਪਹਿਲਾਂ ਉਹ ਦਾਅਵਾ ਕਰਦੇ ਸਨ ਕਿ ਭਾਜਪਾ 350 ਸੀਟਾਂ ਜਿੱਤੇਗੀ।

ਭਾਜਪਾ ਦੇ ਕਈ ਸੀਨੀਅਰ ਨੇਤਾਵਾਂ ਨੂੰ ਇਹ ਖਦਸ਼ਾ ਹੈ ਕਿ ਬਿਹਾਰ, ਯੂ.ਪੀ., ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਤੇ ਕਰਨਾਟਕ ਆਦਿ ਪ੍ਰਮੁੱਖ ਸੂਬਿਆਂ ਵਿੱਚ 14-15 ਵਿਰੋਧੀ ਪਾਰਟੀਆਂ ਦਾ ਇਕੱਠੇ ਆਉਣਾ 2024 ਵਿੱਚ ਪਾਰਟੀ ਲਈ ਸਖ਼ਤ ਚੁਣੌਤੀ ਪੈਦਾ ਕਰ ਸਕਦਾ ਹੈ। ਕਾਂਗਰਸ ਪਹਿਲਾਂ ਹੀ ਸੰਕੇਤ ਦੇ ਚੁੱਕੀ ਹੈ ਕਿ ਗਾਂਧੀ ਪਰਿਵਾਰ 2024 ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਤੋਂ ਬਾਹਰ ਹੈ। ਇਸ ਨਾਲ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਵਿੱਚ ਨਵਾਂ ਜੋਸ਼ ਭਰ ਗਿਆ ਹੈ ਜੋ ਵਿਰੋਧੀ ਪਾਰਟੀਆਂ ਨੂੰ ਇੱਕਜੁੱਟ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ।

ਮਮਤਾ ਬੈਨਰਜੀ ਨੇ ਪਟਨਾ ਦੀ ਮੀਟਿੰਗ ਵਿੱਚ ਕਾਂਗਰਸ ਪ੍ਰਤੀ ਆਪਣਾ ਪਿਆਰ ਉਦੋਂ ਵਿਖਾਇਆ ਜਦੋਂ ਉਨ੍ਹਾਂ ਅਰਵਿੰਦ ਕੇਜਰੀਵਾਲ ਅਤੇ ਕਾਂਗਰਸ ਨੂੰ ਦੁਵੱਲੇ ਮਤਭੇਦਾਂ ਨੂੰ ਸੁਲਝਾਉਣ ਲਈ ਮੀਟਿੰਗ ਤੋਂ ਬਾਅਦ 'ਚਾਏ ਪੇ ਚਰਚਾ' ਕਰਨ ਦੀ ਸਲਾਹ ਦਿੱਤੀ। ਮੋਦੀ ਝੁਕਣ ਦੇ ਮੂਡ ਵਿੱਚ ਨਹੀਂ ਹਨ ਅਤੇ ਉਹ ਉਨ੍ਹਾਂ ਦੇ ਇੱਕਜੁੱਟ ਹੋਣ 'ਤੇ ਵੀ ਉਨ੍ਹਾਂ ਨਾਲ ਲੜਨਾ ਚਾਹੁੰਦੇ ਹਨ। ਸ਼ਾਇਦ ਮਰਹੂਮ ਇੰਦਰਾ ਗਾਂਧੀ ਦਾ 1971 ਦਾ ਨਾਅਰਾ ਅੱਜ ਵੀ ਉਨ੍ਹਾਂ ਦੇ ਕੰਨਾਂ ਵਿੱਚ ਗੂੰਜਦਾ ਹੈ- 'ਯੇ ਕਹਿਤੇ ਹੈਂ ਇੰਦਰਾ ਹਟਾਓ, ਮੈਂ ਕਹਿਤੀ ਹੂੰ ਗਰੀਬੀ ਹਟਾਓ'। 2024 ਵਿੱਚ ਇੱਕਜੁੱਟ ਵਿਰੋਧੀ ਧਿਰ ਨੂੰ ਹਰਾਉਣ ਲਈ ਮੋਦੀ ਨਵਾਂ ਨਾਅਰਾ ਲੈ ਕੇ ਆ ਸਕਦੇ ਹਨ।

# ਸਮਾਂ ਆ ਗਿਆ ਹੈ, ਹੁਣ ਸਾਨੂੰ ਛੋਟੇ ਭਰਾ ਵਾਲੀ ਸੋਚ ਛੱਡਣੀ ਹੋਵੇਗੀ : ਜਾਖੜ

ਚੰਡੀਗੜ੍ਹ : ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਭਾਜਪਾ 23 ਸੀਟਾਂ 'ਤੇ ਲੜਦੀ ਰਹੀ, 3 ਲੋਕ ਸਭਾ ਸੀਟਾਂ 'ਤੇ ਚੋਣ ਲੜਦੀ ਰਹੀ ਪਰ ਇਸਨੂੰ ਲੰਬਾ ਅਰਸਾ ਹੋ ਗਿਆ ਹੈ। 1996-97 'ਚ ਸਮਝੌਤਾ ਹੋਇਆ ਸੀ। ਇੱਕ ਸਮਾਂ ਆਉਂਦਾ ਹੈ ਜਦੋਂ ਸਕੂਲ ਛੱਡਕੇ ਕਾਲਜ ਜਾਂਦੇ ਹਾਂ, ਤੱਦ ਕਹਿੰਦੇ ਹਨ ਕਿ ਹੁਣ ਖੁਦਮੁਖਤਾਰ ਹੋ ਗਿਆ ਹੈ। ਸਮਾਂ ਆ ਗਿਆ ਹੈ, ਹੁਣ ਸਾਨੂੰ ਛੋਟੇ ਭਰਾ ਵਾਲੀ ਸੋਚ ਛੱਡਣੀ ਹੋਵੇਗੀ, ਛੋਟੇ ਭਰਾ ਵਾਲਾ ਸਿੰਡਰੋਮ ਖਤਮ ਕਰਨਾ ਹੋਵੇਗਾ। ਵਾਜਪਾਈ ਦੇ ਸਮੇਂ ਵਿਚ ਗਠਜੋੜ ਹੋਇਆ, ਉਨ੍ਹਾਂ ਨੇ ਗਠਜੋੜ ਧਰਮ ਦੀ ਗੱਲ ਕਹੀ ਸੀ। ਸੀਟਾਂ ਚਾਹੇ ਘੱਟ ਸੀ ਪਰ ਤਾਕਤ ਸਾਡੀ ਘੱਟ ਨਹੀਂ ਸੀ। ਜਾਖੜ ਨੇ ਪੰਜਾਬ ਭਾਜਪਾ ਦਫ਼ਤਰ ਵਿਚ ਅਹੁਦਾ ਸੰਭਾਲਣ ਮੌਕੇ ਆਯੋਜਿਤ ਸਮਾਰੋਹ ਵਿਚ ਇਹ ਗੱਲ ਕਹੀ। ਉਨ੍ਹਾਂ ਨੇ ਕਿਹਾ ਕਿ ਸਾਡੀ ਹੱਸਦੀ ਖੇਡਦੀ ਜਵਾਨੀ ਸੀ, ਰੰਗਲਾ ਪੰਜਾਬ ਸੀ ਜੋ ਅੱਜ ਉਦਾਸ, ਨਿਰਾਸ਼ ਅਤੇ ਹਤਾਸ਼ ਪੰਜਾਬ ਬਣ ਗਿਆ ਹੈ। ਨਾ ਕਿਸਾਨ ਨੂੰ ਭਵਿੱਖ ਦਿਸ ਰਿਹਾ ਹੈ ਅਤੇ ਨਾ ਹੀ ਨੌਜਵਾਨਾਂ ਨੂੰ। ਕੋਈ ਨਸ਼ੇ ਨਾਲ ਮਰਿਆ ਪਿਆ ਹੈ, ਕੋਈ ਫਿਰੌਤੀਆਂ ਵਿਚ ਫਸਿਆ ਹੈ। ਪੰਜਾਬ ਨੰਬਰ ਇਕ ਸੂਬਾ ਸੀ, ਅੱਜ ਅਸੀਂ ਕਿੱਥੇ ਖੜ੍ਹੇ ਹਾਂ। ਹੁਣ ਸਾਨੂੰ ਇਹ ਸੋਚ ਬਦਲਣੀ ਹੋਵੇਗੀ ਕਿ ਅਸੀਂ ਤਾਂ ਛੋਟੇ ਹਿੱਸੇਦਾਰ ਹਾਂ। ਅੱਜ ਪੰਜਾਬ ਸਾਡਾ ਹੈ, ਅਸੀਂ ਪੰਜਾਬ ਦੇ ਨਾਲ ਖੜ੍ਹਾਂਗੇ, ਪੰਜਾਬ ਤਾਂ ਸਾਰਿਆਂ ਨੂੰ ਗਲੇ ਲਗਾਉਂਦਾ ਹੈ। ਨਿਗਾਹ ਬਦਲੋ, ਨਜ਼ਾਰੇ ਬਦਲ ਜਾਣਗੇ।

**ਅਸੀਂ ਪੰਜਾਬੀਆਂ ਦੇ ਦਿਲ ਜਿੱਤਾਂਗੇ ਤਾਂ ਸੀਟਾਂ ਪਿੱਛੇ-ਪਿੱਛੇ ਆਉਣਗੀਆਂ** : ਜਾਖੜ ਨੇ ਕਿਹਾ ਕਿ ਬਹੁਤ ਵੱਡਾ ਵਿਸ਼ਵਾਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਾਰੇ ਸਾਥੀਆਂ ਨੇ ਮੇਰੇ 'ਚ ਹੈ। ਲੋਕ ਕਹਿੰਦੇ ਹਨ ਕਿ ਜਾਖੜ ਵਿਚ ਭਰੋਸਾ ਜਤਾਇਆ, ਮੇਰਾ ਮੰਨਣਾ ਹੈ ਕਿ ਇਹ ਭਰੋਸਾ ਪਾਰਟੀ ਵਰਕਰ ਵਿਚ ਜਤਾਇਆ ਹੈ। ਇਨ੍ਹਾਂ ਇਹ ਫੈਸਲਾ ਉਨ੍ਹਾਂ ਨੇ ਸੁਨੀਲ ਦੀ ਸ਼ਕਲ ਵੇਖਕੇ ਨਹੀਂ ਲਿਆ ਹੈ। ਵਰਕਰ ਦੀ ਹਿੰਮਤ ਅਤੇ ਜਜ਼ਬੇ ਨੂੰ ਵੇਖਕੇ ਲਿਆ ਹੈ। ਮੇਰੀ ਜ਼ਿੰਮੇਵਾਰੀ ਹੈ ਤੁਹਾਨੂੰ ਆਪਣੀ ਤਾਕਤ ਯਾਦ ਦਿਵਾਉਣਾ। ਭਾਜਪਾ ਵਿਚ ਵਰਕਰ ਪੂਰੀ ਨਿਸ਼ਠਾ ਅਤੇ ਲਗਨ ਨਾਲ ਕੰਮ ਕਰਦੇ ਹਨ। ਇਨਾ ਵੱਡਾ ਵਿਸ਼ਵਾਸ ਤੁਹਾਡੇ ਮਾਧਿਅਮ ਨਾਲ ਕੇਂਦਰੀ ਲੀਡਰਸ਼ਿਪ ਨੇ ਮੇਰੇ ਵਿਚ ਪ੍ਰਗਟਾਇਆ ਹੈ। ਉਸਦੇ ਨਾਲ ਵੱਡੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਸਾਡੀ ਜ਼ਿੰਮੇਵਾਰੀ 13 ਜਾਂ 117 ਸੀਟਾਂ ਲਈ ਨਹੀਂ ਹੈ, ਪਹਿਲਾਂ ਸਾਡੀ ਜ਼ਿੰਮੇਵਾਰੀ ਸਾਡੇ ਰੰਗਲੇ ਪੰਜਾਬ ਨੂੰ ਜੋ ਨਜ਼ਰ ਲੱਗੀ ਹੈ, ਉਸ ਲਈ ਹੈ। ਦੇਸ਼ ਵਿਚ ਹਰ ਸੂਬੇ ਦਾ ਆਪਣਾ ਕਿਰਦਾਰ ਹੈ, ਸਾਰੀਆਂ ਜਗ ?ਹਾ ਲੋਕ ਆਪਣੇ ਦਿਮਾਗ ਨਾਲ ਕੰਮ ਕਰਦੇ ਹਨ ਪਰ ਅਸੀਂ ਪੰਜਾਬੀ ਦਿਲੋਂ ਕੰਮ ਕਰਦੇ ਹਾਂ। ਮੇਰਾ ਮੰਨਣਾ ਹੈ ਕਿ ਅਸੀਂ ਪੰਜਾਬੀਆਂ ਦੇ ਦਿਲ ਜਿੱਤੀਏ। ਅਸੀਂ ਪੰਜਾਬੀਆਂ ਦੇ ਦਿਲ ਜਿੱਤਾਂਗੇ ਤਾਂ ਸੀਟਾਂ ਪਿੱਛੇ-ਪਿੱਛੇ ਆਉਣਗੀਆਂ। ਪੰਜਾਬ ਨੂੰ ਅੱਜ ਨਜ਼ਰ ਲੱਗ ਗਈ ਹੈ, ਪੰਜਾਬ ਦੇ ਲੋਕਾਂ ਨੇ ਭਾਵੁਕ ਹੋ ਕੇ ਫੈਸਲਾ ਕਰ ਲਿਆ, ਉਸਦਾ ਖਾਮਿਆਜ਼ਾ ਭੁਗਤ ਰਹੇ ਹਾਂ। ਉਨ੍ਹਾਂ ਨੇ ਕਿਹਾ ਕਿ ਲੰਮਹੋਂ ਨੇ ਖਤਾ ਕੀ, ਸਦੀਓਂ ਨੇ ਸਜ਼ਾ ਪਾਈ। ਪੰਜਾਬ ਦੀ ਸਭ ਤੋਂ ਵਿਲੱਖਣ ਪਹਿਚਾਣ ਸਾਡੀ ਭਾਈਚਾਰਕ ਸਾਂਝ ਹੈ। ਹਿੰਦੁਸਤਾਨ ਸਭਤੋਂ ਵੱਡਾ ਧਰਮਨਿਰਪੱਖ ਦੇਸ਼ ਹੈ, ਉਸ ਵਿਚ ਸਭ ਤੋਂ ਵੱਡਾ ਧਰਮਨਿਰਪੱਖ ਰਾਜ ਪੰਜਾਬ ਹੈ।



**ਅੱਜ ਪੰਜਾਬ 'ਚ ਕੋਈ ਖੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ** : ਪੰਜਾਬੀਆਂ ਦੀ ਧਾਕ ਅੱਜ ਕੈਨੇਡਾ, ਆਸਟਰੇਲਿਆ, ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਹੈ ਕਿਉਂਕਿ ਉਹ ਵੱਡੇ ਦਿਲ ਵਾਲੇ ਹਨ। ਪੰਜਾਬ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੈ। ਪਰ ਅੱਜ ਪੰਜਾਬ ਵਿਚ ਕੋਈ ਖੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਸਿਰਫ਼ ਗੈਂਗਸਟਰ ਹੀ ਸੁਰੱਖਿਅਤ ਹਨ, ਜੋ ਜੇਲ੍ਹਾਂ ਵਿਚ ਬੈਠੇ ਹਨ। ਉੱਥੋਂ ਹੀ ਲੋਕਾਂ ਨੂੰ ਡਰਾ-ਧਮਕਾ ਰਹੇ ਹਨ। ਪੰਜਾਬ ਦੀ ਭਾਈਚਾਰਕ ਸਾਂਝ 'ਤੇ ਕੁਝ ਲੋਕ ਨਜ਼ਰ ਲਗਾਈ ਬੈਠੇ ਹਨ, ਦਰਾਰ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੋ ਲੋਕ ਸੇਕਿਊਲਰਿਜ਼ਮ ਦਾ ਮਖੌਟਾ ਲਗਾਕੇ ਘੁੰਮਦੇ ਸਨ, ਅੱਜ ਉਹ ਮਖੌਟਾ ਚੀਰ-ਚੀਰ ਹੋ ਚੁੱਕਿਆ ਹੈ। ਉਹ ਪੰਜਾਬ ਵਿਚ ਅੱਗ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਸਾਰਿਆਂ ਨੂੰ ਬੇਨਕਾਬ ਕਰ ਕੇ ਇਸ ਸੂਬੇ ਦੀ ਭਾਈਚਾਰਕ ਸਾਂਝ 'ਤੇ ਸਾਨੂੰ ਪਹਿਰਾ ਦੇਣਾ ਹੈ। ਲੋਕਾਂ ਨੂੰ ਇਸ ਗੱਲ ਦਾ ਭਰੋਸਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਹੱਕਾਂ ਦੀ ਆਵਾਜ਼ ਚੁੱਕਣ ਲਈ ਭਾਜਪਾ ਉਨ੍ਹਾਂ ਨਾਲ ਖੜ੍ਹੀ ਹੈ। ਪੰਜਾਬ ਦਾ ਤਾਂ ਚਰਿੱਤਰ ਹੀ ਕ੍ਰਾਂਤੀ ਰਿਹਾ ਹੈ। ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ ਅਤੇ ਲਾਲਾ ਲਾਜਪਤ ਰਾਏ ਨੇ ਆਪਣੀਆਂ ਕੁਰਬਾਨੀਆਂ ਨਾਲ ਦੇਸ਼ ਨੂੰ ਦਿਸ਼ਾ ਪ੍ਰਦਾਨ ਕੀਤੀ। ਜਾਖੜ ਨੇ ਕਿਹਾ ਕਿ ਅੱਜ ਸਾਡੇ ਸਾਹਮਣੇ ਵੱਡੀ ਚੁਣੌਤੀ ਹੈ ਪਰ ਇਸ ਵਿਚ ਸੰਭਾਵਨਾਵਾਂ ਵੀ ਹਨ। ਅਸੀਂ ਇਨ੍ਹਾਂ ਸੰਭਾਵਨਾਵਾਂ ਨੂੰ ਕਿਵੇਂ ਕੱਢਦੇ ਹਾਂ, ਇਹ ਸਾਡੀ ਮਿਹਨਤ, ਜਜ਼ਬੇ, ਸਮਰਪਣ ਅਤੇ ਪ੍ਰਤੀਬਧਤਾ 'ਤੇ ਨਿਰਭਰ ਕਰਦਾ ਹੈ। ਪੰਜਾਬ ਦੇ ਭਵਿੱਖ ਨੂੰ ਜੋ ਲੋਕ ਅੱਜ ਗਹਿਣੇ ਰੱਖ ਰਹੇ ਹਨ, ਉਸ ਬਾਰੇ ਪਿੰਡ-ਪਿੰਡ, ਗਲੀ-ਗਲੀ ਜਾ ਕੇ ਲੋਕਾਂ ਨੂੰ ਸਮਝਾਉਣਾ ਹੈ। ਉਨ੍ਹਾਂ ਨੇ ਵਰਕਰਾਂ ਵਿਚ ਜੋਸ਼ ਭਰਦੇ ਹੋਏ ਕਿਹਾ ਮੈਂ ਵਰਕਰ ਦੀ ਪਿੱਠ ਨਹੀਂ ਲੱਗਣ ਦੇਵਾਂਗਾ, ਮਿਲਕੇ ਤਗੜੇ ਹੋ ਕੇ ਲੜਾਈ ਲੜਾਂਗੇ। ਸਾਡੇ ਕੋਲ ਕੇਂਦਰ ਸਰਕਾਰ ਵਲੋਂ ਕੀਤੇ ਕੰਮ ਵੀ ਹਨ, ਜੋ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹਿੱਤ ਵਿਚ ਕੀਤੇ ਹਨ।

### ਜਾਖੜ ਪੰਜਾਬ ਵਿਚ ਭਾਜਪਾ ਨੂੰ ਹੋਰ ਮਜ਼ਬੂਤ ਬਣਾਉਣਗੇ - ਵਿਜੈ ਰੂਪਾਣੀ

ਪ੍ਰਦੇਸ਼ ਭਾਜਪਾ ਇੰਚਾਰਜ ਵਿਜੈ ਰੂਪਾਣੀ ਨੇ ਇਸ ਮੌਕੇ ਕਿਹਾ ਕਿ ਭਾਜਪਾ ਨੂੰ ਪੰਜਾਬ ਵਿਚ ਸਰਵਵਿਆਪੀ ਬਣਾਉਣਗੇ। ਉਨ੍ਹਾਂ ਨੇ ਉਮੀਦ ਜਤਾਈ ਕਿ ਜਾਖੜ ਪੰਜਾਬ ਵਿਚ ਭਾਜਪਾ ਨੂੰ ਹੋਰ ਮਜ਼ਬੂਤ ਬਣਾਉਣਗੇ, ਜੋ ਉਮੀਦ ਮੋਦੀ ਅਤੇ ਨੱਡਾ ਨੇ ਉਨ੍ਹਾਂ ਤੋਂ ਰੱਖੀ ਹੈ, ਉਸਨੂੰ ਪੂਰਾ ਕਰਨਗੇ। ਭਾਜਪਾ ਪਰਿਵਾਰ ਦੀ ਪਾਰਟੀ ਨਹੀਂ ਹੈ। ਇਹ ਵਰਕਰ ਦੀ ਪਾਰਟੀ ਹੈ। ਇੱਥੇ ਚਾਹ ਵੇਚਣ ਵਾਲਾ ਵੀ ਪ੍ਰਧਾਨ ਮੰਤਰੀ ਬਣ ਸਕਦਾ ਹੈ, ਬੂਥ 'ਤੇ ਕੰਮ ਕਰਨ ਵਾਲਾ ਰਾਸ਼ਟਰੀ ਪ੍ਰਧਾਨ ਬਣ ਸਕਦਾ ਹੈ। ਇਹ ਅਹੁਦਾ ਨਹੀਂ, ਫਰਜ਼ ਹੈ। ਇਹ ਪ੍ਰਤੀਸ਼ਠਾ ਨਹੀਂ, ਪ੍ਰੀਖਿਆ ਹੈ। ਸਮਾਰੋਹ ਨੂੰ ਮੁਕੇਰੀਆਂ ਤੋਂ ਵਿਧਾਇਕ ਜੰਗੀ ਲਾਲ ਮਹਾਜਨ, ਕੇਂਦਰੀ ਰਾਜ ਮੰਤਰੀ ਸੋਮਪ੍ਰਕਾਸ਼, ਕੌਮੀ ਕਾਜਰਕਾਰਣੀ ਦੇ ਮੈਂਬਰ ਮਨੋਰੰਜਨ ਕਾਲੀਆ ਅਤੇ ਰਾਣਾ ਗੁਰਮੀਤ ਸਿੰਘ ਸੋਢੀ, ਸਾਬਕਾ ਸਾਂਸਦ ਅਵਿਨਾਸ਼ ਰਾਏ ਖੰਨਾ ਨੇ ਵੀ ਸੰਬੋਧਨ ਕੀਤਾ।

# ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ



ਕੀਰਤਪੁਰ ਸਾਹਿਬ : ਗੁਰੂ ਹਰਿਕ੍ਰਿਸ਼ਨ ਸਾਹਬਿ ਦਾ ਪ੍ਰਕਾਸ਼ ਪੁਰਬ ਉਨ੍ਹਾਂ ਦੇ ਜਨਮ ਅਸਥਾਨ ਗੁਰਦੁਆਰਾ ਸੀਸ ਮਹਿਲ ਸਾਹਬਿ ਸ੍ਰੀ ਕੀਰਤਪੁਰ ਸਾਹਬਿ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਬਿ ਦੀ ਛਤਰ ਛਾਇਆ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਬਿ ਸ੍ਰੀ ਅਨੰਦਪੁਰ ਸਾਹਬਿ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਬੜੀ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾਂ 9 ਜੁਲਾਈ ਤੋਂ ਰੱਖੇ ਗਏ 12 ਸ੍ਰੀ ਅਖੰਡ ਪਾਠ ਸਾਹਬਿ ਦੀ ਦੂਜੀ ਲੜੀ ਦੇ ਭੋਗ ਪਾਏ ਗਏ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਬਿ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਅਰਦਾਸ ਕੀਤੀ। ਭਾਈ ਸੁਖਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਬਿ ਨੇ ਕੀਰਤਨ ਕੀਤਾ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਤਖ਼ਤ ਸ੍ਰੀ ਕੇਸਗੜ੍ਹ ਸਾਹਬਿ ਦੇ ਜਥੇਦਾਰ ਸਿੰਘ ਸਾਹਬਿ ਗਿਆਨੀ ਸੁਲਤਾਨ ਸਿੰਘ ਨੇ ਸੰਗਤ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸੰਤ ਬਾਬਾ ਸੁੱਚਾ ਸਿੰਘ ਜੀ ਮੁੱਖ ਸੇਵਾਦਾਰ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਬਿ ਤੋਂ ਇਲਾਵਾ ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਬਿ, ਬਾਬਾ ਪ੍ਰੇਮ ਸਿੰਘ ਭੱਲੜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਬਿ, ਗੁਰਪ੍ਰੀਤ ਸਿੰਘ ਰੋਡੇ ਮੈਨੇਜਰ, ਅਮਰਜੀਤ ਸਿੰਘ ਐਡੀਸ਼ਨਲ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਬਿ, ਹਰਦੇਵ ਸਿੰਘ ਹੈਪੀ ਐਡੀਸ਼ਨਲ ਮੈਨੇਜਰ, ਸੰਦੀਪ ਸਿੰਘ ਕਲੋਤਾ ਮੈਨੇਜਰ ਗੁਰਦੁਆਰਾ ਪਤਾਲਪੁਰੀ ਸਾਹਬਿ,ਅਮਰਜੀਤ ਸਿੰਘ ਮੀਤ ਮੈਨੇਜਰ ਬਾਬਾ ਗੁਰਦਿੱਤਾ ਸਮੇਤ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ।

ਇਸੇ ਦੌਰਾਨ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਅੱਜ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਬਿ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰੇ ਸਹਿਜ ਪਾਠ ਦੇ ਭੋਗ ਉਪਰੰਤ ਸਾਰਾ ਦਨਿ ਧਾਰਮਿਕ ਸਮਾਗਮ ਜਾਰੀ ਰਿਹਾ। ਭਾਈ ਮਹਿਤਾਬ ਸਿੰਘ ਪਰਵਾਨਾ ਦੇ ਇੰਟਰਨੈਸ਼ਨਲ ਪੰਥਕ ਢਾਡੀ ਜਥੇ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਬਿ ਦਾ ਜੀਵਨ ਬ੍ਰਿਤਾਂਤ ਦਾ ਪੂਰਾ ਪ੍ਰਸੰਗ ਢਾਡੀ ਵਾਰਾਂ ਵਿੱਚ ਸੁਣਾਇਆ।

# ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਹੜ ਪੀੜਤਾਂ ਨੂੰ ਰਾਹਤ ਸਮਗਰੀ ਦਾ ਭੇਜਣ ਦਾ ਲਿਆ ਫੈਸਲਾ: ਦਿਲਜੀਤ ਸਿੰਘ ਬੇਦੀ



ਅੰਮ੍ਰਿਤਸਰ : ਬੇਲੋੜੀ ਬਾਰਸ਼ ਤੇ ਆਏ ਹੜ੍ਹ ਕਾਰਨ ਬਹੁਤ ਵੱਡੀ ਪੱਧਰ ਤੇ ਪੰਜਾਬ ਤੇ ਨਾਲ ਲੱਗਦੇ ਸੂਬਿਆਂ ਵਿਚ ਭਾਰੀ ਨੁਕਸਾਨ ਹੋਇਆ ਹੈ ਬਹੁਤ ਸਾਰੇ ਲੋਕ ਘਰਾਂ ਤੇ ਬੇਘਰ ਹੋ ਗਏ ਹਨ ਹੋਏ ਮਾਲੀ ਨੁਕਸਾਨ ਦਾ ਕੋਈ ਅਨੁਮਾਨ ਨਹੀਂ ਹੈ ਜਿਸ ਦੀ ਭਰਪਾਈ ਹੋ ਸਕਣੀ ਅਸੰਭਵ ਹੈ। ਇਸ ਔਖੀ ਘੜੀ ਵਿੱਚ ਨਿਹੰਗ ਸਿੰਘਾਂ ਦੀ ਸ਼ ?ਰੋਮਣੀ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਆਪਣੇ ਪੁਰਖਿਆਂ ਦੇ ਪੁਰਾਤਨ ਇਤਿਹਾਸ ਨੂੰ ਦਹਿਰਾਉਂਦਿਆਂ ਹੜ੍ਹ ਪੀੜਤ ਲੋਕਾਂ ਦਾ ਦੁਖ ਵੰਡਾਉਣ ਲਈ ਲੋੜੀਂਦੀ ਸਹਾਇਤਾ ਵੰਡਣ ਦਾ ਫੈਸਲਾ ਲਿਆ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਆਪਣੇ ਨਿੱਜੀ ਖਜਾਨੇ ਵਿਚੋਂ ਤੇ ਬੁੱਢਾ ਦਲ ਦੇ ਪ੍ਰਬੰਧ ਅਧੀਨ ਚਲ ਰਹੇ ਬੁੱਢਾ ਦਲ ਪਬਲਿਕ ਸਕੂਲਾਂ ਦੇ ਸਮੂਹ ਅੱਧਿਕਾਰੀਆਂ, ਕਰਮਚਾਰੀਆਂ ਮੁਲਾਜ਼ਮਾਂ ਨੇ ਆਪਣੀ ਇੱਕ-ਇੱਕ ਦਿਨ ਦੀ ਤਨਖਾਹ ਦੇਣ ਅਤੇ ਵਿਦਿਆਰਥੀਆਂ ਨੇ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਆਪਣਾ ਬਣਦਾ ਯੋਗਦਾਨ ਪਾਉਣ ਲਈ ਵੱਡਾ ਉਤਸ਼ਾਹ ਦਿਖਾਇਆ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਾਰੀ ਇਕ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿਤੀ ਹੈ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ ਮੁਖੀ ਬੁੱਢਾ ਦਲ ਨੇ ਆਪਣੇ ਵਿੱਤੀ ਖਜਾਨੇ ਵਿਚੋਂ ਅਤੇ ਬੁੱਢਾ ਦਲ ਦੇ ਪ੍ਰਬੰਧ ਅਧੀਨ ਚਲਦੇ ਪਬਲਿਕ ਸਕੂਲਾਂ ਪਟਿਆਲਾ, ਜ਼ੀਰਕਪੁਰ ਅਤੇ ਸਮਾਣਾ ਸਕੂਲਾਂ ਦੇ ਸਾਰੇ ਅਧਿਆਪਕਾਂ ਤੇ ਮੁਲਾਜ਼ਮਾਂ ਨੇ ਇੱਕ-ਇੱਕ ਦਿਨ ਦੀ ਤਨਖਾਹ ਹੜ੍ਹ ਪੀੜਤ ਰਾਹਤ ਫੰਡ ਲਈ ਦਿੱਤੀ ਹੈ। ਇਸੇ ਤਰ੍ਹਾਂ ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਨੇ ਜਥਾਸ਼ਕਤ ਆਪਣਾ ਯੋਗਦਾਨ ਪਾਉਣ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪੀੜਤ ਖੇਤਰ ਵਿੱਚ ਜਿਥੇ ਜਿਆਦਾ ਲੋਕ ਪ੍ਰਭਾਵਤ ਹੋਏ ਹਨ ਦੀ ਸਹਾਇਤਾ ਲਈ ਬੁੱਢਾ ਦਲ ਦੇ ਨਿਹੰਗ ਸਿੰਘ ਪਹੁੰਚ ਕਰਨਗੇ। ਉਨ੍ਹਾਂ ਦੱਸਿਆ ਕਿ ਲੋੜੀਂਦੀਆਂ ਵਸਤਾਂ ਸਭ ਇਕੱਤਰ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਰਸੋਈ ਰਸਦਾਂ ਅਤੇ ਬਿਸਤਰ ਵਸਤਾਂ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਇਸ ਹੜ੍ਹ ਦੀ ਮਾਰ ਹੇਠ ਆਏ ਹਨ ਉਨ੍ਹਾਂ ਤੇ ਅਨ ਐਲਾਨਿਆਂ ਅਸਹਿ ਤੇ ਅਕਹਿ ਕੁਦਰਤੀ ਆਫਤ ਦਾ ਕਹਿਰ ਟੁੱਟਾ ਹੈ। ਨਿਹੰਗ ਸਿੰਘ ਦਲ ਇਸ ਦੁਖਾਂਤ ਦੀ ਘੜੀ ਵਿੱਚ ਉਨ੍ਹਾਂ ਨਾਲ ਯਥਾਸ਼ਕਤ ਪੂਰਾ ਸਹਿਯੋਗ ਕਰਨਗੇ। ਉਨ੍ਹਾਂ ਨਾਲ ਹੀ ਸਾਰੀਆਂ ਸੰਸਥਾਵਾਂ, ਸਭਾ ਸੁਸਾਇਟੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਵੀ ਦਿਲ ਖੋਹਲ ਕੇ ਵੱਧ ਚੜ੍ਹ ਕੇ ਸਹਾਇਤਾ ਲਈ ਅੱਗੇ ਆਉਣ।

# ਅਮਰੀਕਾ ਵਿਖੇ ਨਿਹੰਗ ਸਿੰਘਾਂ ਦੀ ਛਾਉਣੀ ਸਥਾਪਤ ਕਰਨ ਉਪਰੰਤ ਇਤਿਹਾਸਕ ਸ਼ਸਤਰਾਂ ਸਮੇਤ ਬਾਬਾ ਬਲਬੀਰ ਸਿੰਘ ਮੁੜ ਪੰਜਾਬ ਪਰਤੇ

## ਨਿਹੰਗ ਸਿੰਘਾਂ ਵੱਲੋਂ ਮੋਹਾਲੀ ਏਅਰਪੋਰਟ ਤੇ ਉਨ੍ਹਾਂ ਦਾ ਗਾਜਿਆਂ ਵਾਜਿਆਂ ਨਾਲ ਨਿੱਘਾ ਸੁਆਗਤ



ਮੋਹਾਲੀ ਏਅਰਪੋਰਟ ਤੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੇ ਸੁਆਗਤ ਲਈ ਪੁੱਜੀਆਂ ਨਿਹੰਗ ਸਿੰਘ ਫੌਜਾਂ ਅਤੇ ਸੰਗਤਾਂ।

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਗੁਰੂ ਮਹਾਰਾਜ ਦੇ ਇਤਿਹਾਸਕ ਸ਼ਸਤਰਾਂ ਸਮੇਤ ਅਮਰੀਕਾ, ਕਨੇਡਾ ਦੀ ਧਰਮ ਪ੍ਰਚਾਰ ਯਾਤਰਾ ਤੋਂ ਬੀਤੇ ਦਿਨ ਸ਼ਹੀਦ ਸਰਦਾਰ ਭਗਤ ਸਿੰਘ ਹਵਾਈ ਅੱਡੇ ਰਾਹੀਂ ਪੰਜਾਬ ਭਾਰਤ ਪਰਤ ਆਏ ਹਨ। ਉਨ੍ਹਾਂ ਵੱਲੋਂ ਆਪ ਦੇ ਨਾਲ ਲਿਜਾਈਆਂ ਗਈਆਂ ਗੁਰੂ ਮਹਾਰਾਜ ਦੀਆਂ ਪਵਿੱਤਰ ਨਿਸ਼ਾਨੀਆਂ ਸ਼ਸਤਰਾਂ ਅਤੇ ਬਾਬਾ ਜੀ ਦੇ ਸਵਾਗਤ ਲਈ ਵੱਡੀ ਗਿਣਤੀ ਵਿਚ ਨਿਹੰਗ ਸਿੰਘ ਫੌਜਾਂ ਨੇ ਏਅਰਪੋਰਟ ਤੇ ਬੈਂਡ ਵਾਜਿਆਂ, ਨਗਾਰਿਆਂ, ਢੋਲਾਂ, ਨਰਸਿੰਙਿਆਂ ਦੀਆਂ ਧੁੰਨਾਂ ਅਤੇ ਫੁੱਲਾਂ ਦੀ ਵਰਖਾ ਤੇ ਹਾਰਾਂ ਨਾਲ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਪੁਰਜੋਰ ਸੁਆਗਤ ਕੀਤਾ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿਚ ਸਾਰੀ ਯਾਤਰਾ ਸਬੰਧੀ ਜਾਣਕਾਰੀ ਦਿਤੀ ਹੈ ਕਿ ਮੋਹਾਲੀ ਏਅਰਪੋਰਟ ਗੁਰੂ ਮਹਾਰਾਜ ਦੇ ਨਿਸ਼ਾਨ ਤੇ ਸ਼ਸਤਰਾਂ ਦੇ ਸੁਆਗਤ ਲਈ ਨਿਹੰਗ ਸਿੰਘ ਪੂਰੇ ਹੁੰਮ ਹੁੰਮਾ ਕੇ ਪੁਜੇ। ਸ਼ਸਤਰਾਂ ਵਾਲੇ ਵਾਹਨ ਨੂੰ ਵਿਸ਼ੇਸ਼ ਤੌਰ ਤੇ ਫੁੱਲਾਂ ਹਾਰਾਂ ਨਾਲ ਸ਼ਿੰਗਾਰਿਆ ਹੋਇਆ ਸੀ। ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ 96 ਕਰੋੜੀ ਵੀ ਇਕ ਵਿਸ਼ੇਸ਼ ਵਾਹਨ ਵਿਚ ਸਵਾਰ ਸਨ ਨਿਹੰਗ ਸਿੰਘ ਫੌਜਾਂ ਨੇ ਏਅਰਪੋਰਟ ਤੋਂ ਇਕ ਵਿਸ਼ੇਸ਼ ਮਹੱਲੇ ਦੇ ਰੂਪ ਵਿੱਚ ਖਾਲਸਾਈ ਜੈਕਾਰੇ ਲਾਉਂਦਿਆਂ, ਨਿਹੰਗ ਸਿੰਘਾਂ ਨੇ ਗਤਕਾ ਖੇਡਦਿਆਂ ਗੁਰਦੁਆਰਾ ਮਾਤਾ ਸੁੰਦਰ ਕੌਰ ਜੀ ਛਾਉਣੀ ਬੁੱਢਾ ਦਲ ਸੈਕਟਰ 70 ਮੋਹਾਲੀ ਵਿਖੇ ਪੁੱਜਾ। ਬੈਂਡ ਵਾਜਿਆਂ, ਨਰਸਿੰਙ ?ਆਂ ਦੀ ਧੁੰਨਾਂ ਜੈਕਾਰਿਆਂ ਅਤੇ ਸਿੰਘਾਂ ਨੇ ਅਤਿਸ਼ਬਾਜ਼ੀ ਚਲਾ ਕੇ ਇਤਿਹਸਕ ਪਾਵਨ ਸ਼ਸਤਰਾਂ ਤੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦਾ ਸਵਾਗਤ ਕੀਤਾ। ਉਪਰੰਤ ਸ਼ੁਕਰਾਨੇ ਦੀ ਅਰਦਾਸ ਹੋਈ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਗੁ: ਮਾਤਾ ਸੰਦਰ ਕੌਰ ਜੀ ਛਾਉਣੀ ਬੁੱਢਾ ਦਲ ਵਿਖੇ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਬੁੱਢਾ ਦਲ ਵੱਲੋਂ ਬਾਣੀ ਬਾਣੇ ਦੀ ਸੰਭਾਲ ਅਤੇ ਵਿਰਾਸਤੀ ਇਤਿਹਾਸ ਅਤੇ ਸਿੱਖੀ ਪ੍ਰਫਲਤਾ ਦੀ ਠੁੱਕ ਬੰਨਣ ਲਈ ਵਿਦੇਸ਼ਾਂ ਵਿੱਚ ਧਰਮ ਪ੍ਰਚਾਰ ਕਰਨ ਲਈ ਛਾਉਣੀਆਂ ਸਥਾਪਤ ਕੀਤੀਆਂ ਹਨ, ਉਨ੍ਹਾਂ ਕਿਹਾ ਕਿ ਅਮਰੀਕਾ ਦੇ ਸ਼ਹਿਰ ਇੰਡਿਆਨਾ ਅਤੇ ਮਿਲਵਾਕੀ ਵਿਖੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬੁੱਢਾ ਦਲ ਦੀਆਂ ਛਾਉਣੀਆਂ ਸਥਾਪਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਉਥੋਂ ਦੀਆਂ ਸੰਗਤਾਂ ਨੇ ਵੱਡੀ ਖੁਸ਼ੀ ਮਨਾਉਂਦਿਆਂ ਬਹੁਤ ਜ਼ਿਆਦਾ ਮਾਣ ਸਤਿਕਾਰ ਬਖਸ਼ਿਸ਼ ਕੀਤਾ ਹੈ। ਉਨ੍ਹਾਂ ਹੋਰ ਕਿਹਾ ਕਿ ਨਿਊਯਾਰਕ ਦੇ ਸਾਰੇ ਗੁਰੂ ਘਰਾਂ ਦੀਆਂ ਕਮੇਟੀਆਂ ਨੇ ਬੁੱਢਾ ਦਲ ਵੱਲੋਂ ਗੁਰੂ ਸਾਹਿਬਾਨ ਦੇ ਸ਼ਸਤਰਾਂ ਅਤੇ ਇਤਿਹਾਸ ਨੂੰ ਸੰਗਤਾਂ ਦੇ ਰੂਬਰੂ ਕਰਵਾਉਣ ਦੇ ਉਪਰਾਲੇ ਨੂੰ ਧੰਨਭਾਗ ਸਮਝਦਿਆਂ ਜਿਥੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਤਾ ਹੈ ਉਥੇ ਬਾਬਾ ਬਲਬੀਰ ਸਿੰਘ ਨਿਹੰਗ ਮੁਖੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਹੈ। ਵੱਖ-ਵੱਖ ਸ਼ਹਿਰਾਂ ਦੀਆਂ ਸੰਗਤਾਂ ਨੇ ਬੁੱਢਾ ਦਲ ਦੀਆਂ ਛਾਉਣੀਆਂ ਸਥਾਪਤ ਕਰਨ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰਨਾਂ ਦੇਸਾਂ ਅੰਦਰ ਵੀ ਬੁੱਢਾ ਦਲ ਛਾਉਣੀਆਂ ਸਥਾਪਤ ਕਰੇਗਾ। ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਇੰਡਿਆਨਾ, ਮਿਲਵਾਕੀ ਵਿਖੇ ਛਾਉਣੀਆਂ ਸਥਾਪਤ ਕਰਨ ਲਈ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ਼ ਬੁੱਢਾ ਦਲ ਅਮਰੀਕਾ ਨੇ ਰਾਤ ਦਿਨ ਮੇਹਨਤ ਕਰਕੇ ਪੂਰਨ ਸਹਿਯੋਗ ਦਿੱਤਾ ਹੈ। ਏਸੇ ਤਰ੍ਹਾਂ ਕਨੇਡਾ ਵਿੱਚ ਨਿਹੰਗ ਪ੍ਰਭਜੀਤ ਸਿੰਘ, ਗਿਆਨੀ ਸ਼ੇਰ ਸਿੰਘ ਅੰਬਾਲੇ ਵਾਲੇ, ਬਾਬਾ ਮਨਮੋਹਣ ਸਿੰਘ ਬਾਰਨਵਾਲੇ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਇੰਗਲੈਂਡ ਤੇ ਹੋਰ ਸਿੰਘਾਂ ਨੇ ਸਿਰਜੋੜ ਕੇ ਸਹਿਯੋਗ ਕੀਤਾ ਹੈ ਤੇ ਉਨ੍ਹਾਂ ਇਨ੍ਹਾਂ ਸਾਰਿਆਂ ਦਾ ਦਿਲੋਂ ਧੰਨਵਾਦ ਕੀਤਾ ਹੈ। ਇਸ ਮੌਕੇ ਬੁੱਢਾ ਦਲ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਸੁਆਗਤ 'ਚ ਪੁਜੀਆਂ ਸੰਗਤਾਂ ਅਤੇ ਸਮੂਹ ਛਾਉਣੀਆਂ ਦੇ ਨਿਹੰਗ ਸਿੰਘਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਕਰਨਰਾਜਬੀਰ ਸਿੰਘ ਐਡਵੋਕੇਟ, ਬਾਬਾ ਜਸਕਰਨ ਸਿੰਘ ਤੁੜ, ਸਰਵਣ ਸਿੰਘ ਮਝੈਲ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਸੁਖਦੇਵ ਸਿੰਘ ਸੁਖਾ, ਬਾਬਾ ਸੁਖਵਿੰਦਰ ਸਿੰਘ ਮੌਰ ਮੁੱਖ ਪ੍ਰਚਾਰਕ, ਬਾਬਾ ਕਰਮ ਸਿੰਘ ਪਟਿਆਲਾ, ਬਾਬਾ ਬਘੇਲ ਸਿੰਘ, ਬਾਬਾ ਸਤਨਾਮ ਸਿੰਘ ਮਠਿਆਈਸਰ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਸ਼ੇਰ ਸਿੰਘ ਜੱਸੀ ਬਾਗ਼, ਬਾਬਾ ਪਰਮਜੀਤ ਸਿੰਘ, ਬਾਬਾ ਸ਼ੇਰ ਸਿੰਘ ਸਿਵੀਆ, ਬਾਬਾ ਕਰਮ ਸਿੰਘ ਪਟਿਆਲਾ, ਬਾਬਾ ਗੁਰਪ੍ਰੀਤ ਸਿੰਘ ਵੜੀ ਸਾਹਿਬ, ਬਾਬਾ ਭੁਪਿੰਦਰ ਸਿੰਘ, ਬਾਬਾ ਸਰਵਣ ਸਿੰਘ ਮਝੈਲ, ਬਾਬਾ ਕੁਲਵਿੰਦਰ ਸਿੰਘ, ਬਾਬਾ ਜੋਗਾ ਸਿੰਘ, ਬਾਬਾ ਸਰਬਜੀਤ ਸਿੰਘ ਸੋਲਖੀਆਂ, ਬਾਬਾ ਸਰਬਜੀਤ ਸਿੰਘ ਕਟਾਰ ਸਾਹਿਬ, ਬਾਬਾ ਕਰਮ ਸਿੰਘ ਜ਼ੀਰਕਪੁਰ, ਬਾਬਾ ਗੁਰਮੁੱਖ ਸਿੰਘ ਗੜਵੱਈ, ਬਾਬਾ ਗੋਰਾ ਸਿੰਘ, ਬਾਬਾ ਬਲਵਿੰਦਰ ਸਿੰਘ ਬਿੱਟੂ ਪਟਿਆਲਾ, ਬਾਬਾ ਬਲਦੇਵ ਸਿੰਘ ਪਟਿਆਲਾ, ਬਾਬਾ ਰਣਜੋਧ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਭਗਤ ਸਿੰਘ ਬਹਾਦਰਗੜ੍ਹ ਪਟਿਆਲਾ, ਬਾਬਾ ਸ਼ਮਸ਼ੇਰ ਸਿੰਘ, ਬਾਬਾ ਭੁਪਿੰਦਰ ਸਿੰਘ, ਸ. ਪਰਮਜੀਤ ਸਿੰਘ ਬਾਜਵਾ, ਸ. ਇੰਦਰਪਾਲ ਸਿੰਘ ਫੌਜੀ ਹਜ਼ੂਰ ਸਾਹਿਬ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਚਰਨ ਸਿੰਘ ਫਤਿਹਗੜ੍ਹ, ਬਾਬਾ ਗੁਰਬਚਨ ਸਿੰਘ ਦਿਬੜਾ, ਬਾਬਾ ਜਸਬੀਰ ਸਿਮਘ ਨਿਹੰਗ, ਬਾਬਾ ਗਗਨ ਸਿੰਘ ਆਦਿ ਸ਼ਾਮਲ ਸਨ।

# ਗੁਜਰਾਤ ਦੀ ਮਹਿਲਾ ਕਾਂਸਟੇਬਲ ਨੇ ਇਮਤਿਹਾਨ ਦੌਰਾਨ ਬੱਚਿਆਂ ਦੀ ਦੇਖਭਾਲ ਕਰਕੇ ਜਿੱਤਿਆ ਦਿਲ



ਅਹਿਮਦਾਬਾਦ : ਗੁਜਰਾਤ ਵਿੱਚ ਇੱਕ ਮਹਿਲਾ ਕਾਂਸਟੇਬਲ ਦੀ ਮਾਂ ਓਧਵ ਵਿੱਚ ਹਾਈ ਕੋਰਟ ਦੀ ਚਪੜਾਸੀ ਭਰਤੀ ਦੀ ਪ੍ਰੀਖਿਆ ਦੇ ਦੌਰਾਨ ਇੱਕ ਬੱਚੇ ਦੀ ਦੇਖਭਾਲ ਕਰਨ ਦੇ ਦਿਲ ਨੂੰ ਛੂਹਣ ਵਾਲੇ ਕੰਮ ਲਈ ਸੋਸਲ ਮੀਡੀਆ 'ਤੇ ਵਿਆਪਕ ਪ੍ਰਸੰਸਾ ਪ੍ਰਾਪਤ ਕਰ ਰਹੀ ਹੈ।

ਅਹਿਮਦਾਬਾਦ ਪੁਲਿਸ ਨੇ ਆਪਣੇ ਅਧਿਕਾਰਤ ਟਵਿੱਟਰ ਅਕਾਊਂਟ 'ਤੇ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਕਾਂਸਟੇਬਲ ਦਯਾ ਬੇਨ ਨੂੰ ਐਤਵਾਰ ਨੂੰ ਛੇ ਮਹੀਨੇ ਦੇ ਬੱਚੇ ਨਾਲ ਫੜੇ ਅਤੇ ਖੇਡਦੇ ਹੋਏ ਦਿਖਾਇਆ ਗਿਆ।

ਸੋਮਵਾਰ ਨੂੰ ਰਾਜ ਦੇ ਗ੍ਰਹਿ ਮੰਤਰੀ ਹਰਸ ਸੰਘਵੀ ਨੇ ਸੋਸਲ ਮੀਡੀਆ 'ਤੇ ਉਸ ਦੀ ਪ੍ਰਸੰਸਾ ਕੀਤੀ ਅਤੇ ਉਸ ਦੇ ਚੰਗੇ ਇਸਾਰੇ ਨੂੰ ਉਤਸਾਹਿਤ ਕੀਤਾ। ਅਹਿਮਦਾਬਾਦ ਪੁਲਿਸ ਦੇ ਟਵਿੱਟਰ ਪੋਸਟ ਦੇ ਅਨੁਸਾਰ, ਇੱਕ ਮਹਿਲਾ ਉਮੀਦਵਾਰ ਆਪਣੇ ਛੇ ਮਹੀਨੇ ਦੇ ਬੇਟੇ ਨਾਲ ਚਪੜਾਸੀ ਦੀ ਭਰਤੀ ਦੀ ਪ੍ਰੀਖਿਆ ਵਿੱਚ ਬੈਠਣ ਲਈ ਓਧਵ ਪ੍ਰੀਖਿਆ ਕੇਂਦਰ ਪਹੁੰਚੀ।

ਹਾਲਾਂਕਿ, ਇਮਤਿਹਾਨ ਸੁਰੂ ਹੋਣ ਤੋਂ ਕੁਝ ਪਲ ਪਹਿਲਾਂ, ਬੱਚਾ ਲਗਾਤਾਰ ਰੋਣ ਲੱਗ ਪਿਆ। ਸੁਕਰ ਹੈ, ਕਾਂਸਟੇਬਲ ਦਯਾ ਬੇਨ ਨੇ ਅੱਗੇ ਵਧਿਆ ਅਤੇ ਬੱਚੇ ਦੀ ਦੇਖਭਾਲ ਕਰਨ ਦੀ ਪੇਸਕਸ ਕੀਤੀ, ਜਿਸ ਨਾਲ ਮਾਂ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਪ੍ਰੀਖਿਆ 'ਤੇ ਧਿਆਨ ਕੇਂਦਰਤ ਕਰ ਸਕੇ।

ਅਹਿਮਦਾਬਾਦ ਪੁਲਿਸ ਦੀ ਪੋਸਟ ਸੋਸਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਗਈ, ਬਹੁਤ ਸਾਰੇ ਉਪਭੋਗਤਾਵਾਂ ਨੇ ਕਾਂਸਟੇਬਲ ਦਯਾ ਬੇਨ ਦੀ ਉਸ ਦੇ ਹਮਦਰਦੀ ਭਰੇ ਇਸਾਰੇ ਲਈ ਤਾਰੀਫ ਕੀਤੀ।

ਲੋਕਾਂ ਨੇ ਉਸਦੇ ਕੰਮਾਂ 'ਤੇ ਮਾਣ ਪ੍ਰਗਟ ਕੀਤਾ ਅਤੇ ਉਸਨੂੰ ਮਾਂ ਦੇ ਪਿਆਰ ਅਤੇ ਦੇਖਭਾਲ ਦਾ ਸੱਚਾ ਰੂਪ ਮੰਨਿਆ।

ਦਿਲ ਦਹਿਲਾ ਦੇਣ ਵਾਲੀ ਘਟਨਾ ਨੇ ਬਹੁਤ ਸਾਰੇ ਲੋਕਾਂ ਨੂੰ ਗੂੰਜਿਆ, ਜਿਨ੍ਹਾਂ ਨੇ ਕਾਂਸਟੇਬਲ ਦੀ ਨਿਰਸਵਾਰਥ ਅਤੇ ਦੂਜਿਆਂ ਦੀ ਮਦਦ ਕਰਨ ਦੇ ਸਮਰਪਣ ਦੀ ਸਲਾਘਾ ਕੀਤੀ।

# ਪੰਜਾਬ ਸਮੇਤ ਉੱਤਰੀ ਭਾਰਤ ’ਚ ਤਬਾਹੀ ਦਾ ਮੰਜ਼ਰ

- ਕੁਦਰਤੀ ਆਫ਼ਤ ਅੱਗੇ ਬੇਵੱਸ ਹੋਏ ਲੋਕ; ਕਈ ਜ਼ਿਲ੍ਹਿਆਂ ’ਚ ਹਾਲਾਤ ਕਾਬੂ ਤੋਂ ਬਾਹਰ, ਪੰਜਾਬ ਵਿੱਚ ਹਾਲਾਤ ਬਦ ਤੋਂ ਬਦਤਰ ਹੋਏ
- 100 ਪਿੰਡ ਕਰਵਾਏ ਜਾ ਰਹੇ ਨੇ ਖਾਲੀ
- ਐੱਨਡੀਆਰਐੱਫ,ਫ਼ੌਜ, ਪੁਲੀਸ ਅਤੇ ਪ੍ਰਸ਼ਾਸਨ ਦੇ ਨਾਲ ਲੋਕ ਨੁਮਾਇੰਦੇ ਰਾਹਤ ਕਾਰਜਾਂ ’ਚ ਜੁਟੇ



ਚੰਡੀਗੜ੍ਹ : ਪੰਜਾਬ ’ਚ ਪੈ ਰਹੇ ਮੀਂਹ ਕਾਰਨ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ ਅਤੇ ਕਰੀਬ ਅੱਧੇ ਪੰਜਾਬ ’ਚ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਗਏ ਹਨ। ਤੇਜ਼ ਮੀਂਹ ਅਤੇ ਪਾਣੀ ਦੇ ਵਹਾਅ ਨੇ ਛੇ ਜਾਨਾਂ ਲੈ ਲਈਆਂ ਹਨ ਅਤੇ ਦਰਜਨਾਂ ਪਸ਼ੂ ਵੀ ਲਪੇਟ ਵਿਚ ਆ ਗਏ ਹਨ। ਘੱਗਰ ਅਤੇ ਸਤਲੁਜ ਦਰਿਆਵਾਂ ਤੋਂ ਇਲਾਵਾ ਸਰਹਿੰਦ ਨਹਿਰ ’ਚ ਪਾਣੀ ਦਾ ਪੱਧਰ ਇਕਦਮ ਵਧਣ ਕਾਰਨ ਕਈ ਜ਼ਿਲ੍ਹਿਆਂ ਵਿਚ ਹਾਲਾਤ ਬੇਕਾਬੂ ਹੋ ਗਏ ਹਨ। ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ਵਿਚ ਡੁੱਬ ਗਿਆ ਹੈ। ਮੌਸਮ ਵਿਭਾਗ ਨੇ ਪਟਿਆਲਾ, ਰੋਪੜ, ਮੁਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਵੇਰਵਿਆਂ ਅਨੁਸਾਰ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਕਰੀਬ 100 ਤੋਂ ਜ਼ਿਆਦਾ ਪਿੰਡ ਖ਼ਾਲੀ ਕਰਵਾਏ ਜਾ ਰਹੇ ਹਨ। ਕੌਮੀ ਆਫ਼ਤ ਪ੍ਰਬੰਧਨ ਬਲ ਦੀਆਂ 14 ਟੀਮਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ ਜਦੋਂ ਕਿ ਪਟਿਆਲਾ ਜ਼ਿਲ੍ਹੇ ਵਿਚ ਫ਼ੌਜ ਦੀ ਮਦਦ ਲਈ ਗਈ ਹੈ। ਸਤਲੁਜ ਦਰਿਆ ਦੇ ਪਾਣੀ ਦੇ ਵਹਾਅ ’ਚ ਜ਼ਿਲ੍ਹਾ ਮੋਗਾ ਦੇ ਪਿੰਡ ਸੰਘੇੜਾ ਦਾ ਮਲੂਕ ਸਿੰਘ (65) ਰੁੜ ਗਿਆ ਜੋ ਗੂੰਗਾ ਅਤੇ ਬੋਲਾ ਸੀ। ਨਵਾਂਸ਼ਹਿਰ ਜ਼ਿਲ੍ਹੇ ਦੇ ਪਿੰਡ ਪੋਜੇਵਾਲ ਅਤੇ ਰਾਹੋਂ ਖ਼ਿੱਤੇ ਵਿਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ। ਲਾਲੜੂ ਦੇ ਨਜ਼ਦੀਕੀ ਪਿੰਡ ਜੌਲਾ ਕਲਾਂ ਨੇੜੇ ਇੱਕ ਨੌਜਵਾਨ ਮੁਨੀਸ਼ ਕੁਮਾਰ (30) ਮੋਟਰਸਾਈਕਲ ਸਮੇਤ ਬਰਸਾਤੀ ਚੋਅ ਦੇ ਤੇਜ਼ ਰਫ਼ਤਾਰ ਪਾਣੀ ਵਿੱਚ ਰੁੜ੍ਹ ਗਿਆ, ਜਿਸ ਦੀ ਡੁੱਬਣ ਕਾਰਨ ਮੌਤ ਹੋ ਗਈ।

ਇਸ ਤੋਂ ਪਹਿਲਾਂ ਨੂਰਪੁਰ ਬੇਦੀ ਦੇ ਪਿੰਡ ਖੱਡ ਬਠਲੌਰ ਦਾ ਸਤਵਿੰਦਰ ਸਿੰਘ ਢਿੱਗ ਦੀ ਮਾਰ ਹੇਠ ਆ ਕੇ ਜਾਨ ਤੋਂ ਹੱਥ ਧੋ ਬੈਠਾ ਸੀ ਜਦਕਿ ਇੱਕ ਅਣਪਛਾਤਾ ਸਾਧੂ ਪਿੰਡ ਸਮੁੰਦੜੀਆਂ ਕੋਲ ਪਾਣੀ ਵਿਚ ਰੁੜ ਗਿਆ ਸੀ।

ਇਸ ਦੌਰਾਨ ਘੱਗਰ ਨੇ ਪਟਿਆਲਾ ਤੋਂ ਬਾਅਦ ਅੱਜ ਸ਼ਾਮ ਸੰਗਰੂਰ ਜ਼ਿਲ੍ਹੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਘੱਗਰ ਵਿਚ ਪਾਣੀ 1.70 ਲੱਖ ਕਿਊਸਿਕ ਚੱਲ ਰਿਹਾ ਹੈ ਅਤੇ ਖ਼ਤਰੇ ਦੇ ਨਿਸ਼ਾਨ ਤੋਂ ਛੇ ਫੁੱਟ ਉਪਰ ਚਲਾ ਗਿਆ ਹੈ ਜੋ ਦੁਪਹਿਰ ਮਗਰੋਂ 1.22 ਲੱਖ ਕਿਊਸਿਕ ਰਹਿ ਗਿਆ ਸੀ। ਘੱਗਰ ਅਤੇ ਸਤਲੁਜ ਦਰਿਆਵਾਂ ਕਾਰਨ ਹਜ਼ਾਰਾਂ ਏਕੜ ਫ਼ਸਲ ਨੁਕਸਾਨੀ ਗਈ ਹੈ। ਸੰਗਰੂਰ ਜ਼ਿਲ੍ਹੇ ’ਚ ਘੱਗਰ ਦੀ ਸਮਰੱਥਾ 30 ਹਜ਼ਾਰ ਕਿਊਸਿਕ ਪਾਣੀ ਦੀ ਹੈ ਜਦੋਂ ਕਿ ਅੱਜ ਸ਼ਾਮ ਇੱਥੇ 90 ਹਜ਼ਾਰ ਕਿਊਸਿਕ ਪਾਣੀ ਪੁੱਜ ਗਿਆ ਸੀ। ਰਾਜਪੁਰਾ ਤੋਂ ਪਸੀਦਰਾ ਦਾ ਪਾਣੀ ਘੱਗਰ ਵਿਚ ਪੈਂਦਾ ਹੈ ਜਿਸ ਵਿਚ ਪਾਣੀ ਦਾ ਪੱਧਰ 12 ਫੁੱਟ ਦੇ ਮੁਕਾਬਲੇ 21 ਫੁੱਟ ਚੱਲ ਰਿਹਾ ਹੈ। ਪਟਿਆਲਾ ਦੀ ਵੱਡੀ ਨਦੀ ਨੱਕੋ-ਨੱਕ ਭਰੀ ਹੋਈ ਹੈ। ਘੱਗਰ ਦਾ ਪਾਣੀ ਨਰਵਾਣਾ ਨਹਿਰ ਦੇ ਉਪਰੋਂ ਦੀ ਲੰਘ ਰਿਹਾ ਹੈ। ਸਤਲੁਜ ਦਰਿਆ ਵਿਚ ਰੋਪੜ ਹੈੱਡ ਵਰਕਸ ’ਤੇ ਪਾਣੀ ਦਾ ਵਹਾਅ 1.81 ਲੱਖ ਕਿਊਸਿਕ ਰਿਹਾ ਜਦੋਂ ਕਿ ਫਿਲੌਰ ’ਚ ਦਰਿਆ ਦਾ ਪੱਧਰ 2.45 ਲੱਖ ਕਿਊਸਿਕ ’ਤੇ ਪਹੁੰਚ ਗਿਆ। ਸਰਹਿੰਦ ਨਹਿਰ ਵਿਚ 13 ਹਜ਼ਾਰ ਕਿਊਸਿਕ ਦੀ ਸਮਰੱਥਾ ਦੇ ਮੁਕਾਬਲੇ 23 ਹਜ਼ਾਰ ਕਿਊਸਿਕ ਪਾਣੀ ਚੱਲ ਰਿਹਾ ਹੈ। ਇਸ ਦਾ ਅਸਰ ਲੁਧਿਆਣਾ ਅਤੇ ਦੋਰਾਹਾ ’ਤੇ ਪੈ ਸਕਦਾ ਹੈ। ਰੋਪੜ, ਮੁਹਾਲੀ, ਪਟਿਆਲਾ, ਸੰਗਰੂਰ, ਮੋਗਾ ਅਤੇ ਲੁਧਿਆਣਾ ਵਿਚ ਸਭ ਤੋਂ ਵੱਧ ਫ਼ਸਲਾਂ ਦਾ ਨੁਕਸਾਨ ਹੋਇਆ ਹੈ। ਘੱਗਰ ਅਤੇ ਸਤਲੁਜ ਦੇ ਨੇੜਲੇ ਇਲਾਕਿਆਂ ’ਚ ਹਜ਼ਾਰਾਂ ਏਕੜ ਰਕਬਾ ਪਾਣੀ ਵਿਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਰਾਵੀ ’ਚੋਂ ਅੱਜ 1.80 ਲੱਖ ਕਿਊਸਿਕ ਅਤੇ ਹਰੀਕੇ ਹੈੱਡ ਤੋਂ 55 ਹਜ਼ਾਰ ਕਿਊਸਿਕ ਪਾਣੀ ਛੱਡਿਆ ਗਿਆ ਹੈ। ਸਤਲੁਜ ਦਰਿਆ ਦੇ ਕਨਿਾਰੇ ਬਣੇ ਧੁੱਸੀ ਬੰਨ੍ਹ ਵਿਚ ਵੀ ਪਾੜ ਪੈ ਗਿਆ ਹੈ। ਇਸੇ ਤਰ੍ਹਾਂ ਨਰਵਾਣਾ ਬਰਾਂਚ, ਸਿਸਵਾਂ ਅਤੇ ਮੁਹਾਲੀ ਨੇੜੇ ਟਿਵਾਣਾ ’ਚ ਵੀ ਪਾੜ ਪੈ ਗਿਆ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਵਿਚ ਕਈ ਥਾਵਾਂ ’ਤੇ ਪਾੜ ਪੈਣ ਕਾਰਨ ਫ਼ਸਲਾਂ ਡੁੱਬ ਗਈਆਂ ਹਨ ਅਤੇ ਚਿਤਕਾਰਾ ਯੂਨੀਵਰਸਿਟੀ ਤੇ ਨੀਲਮ ਹਸਪਤਾਲ ਵਿਚ ਵੀ ਪਾਣੀ ਭਰ ਗਿਆ ਹੈ। ਹੁਸੈਨੀਵਾਲਾ ਹੈੱਡ ਤੋਂ ਪਾਣੀ ਛੱਡਣ ਨਾਲ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਪਿੰਡਾਂ ਨੂੰ ਖ਼ਾਲੀ ਕਰਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਰਾਹਤ ਕੈਂਪ ਬਣਾਏ ਜਾ ਰਹੇ ਹਨ। ਰੋਪੜ ਅਤੇ ਮੁਹਾਲੀ ਜ਼ਿਲ੍ਹਾ ਪੂਰੀ ਤਰ੍ਹਾਂ ਜਲ-ਥਲ ਹੋ ਗਿਆ ਹੈ। ਛੱਤਬੀੜ ਦੀ ਰਿਹਾਇਸ਼ੀ ਕਾਲੋਨੀ ਵਿਚ ਵੀ ਪਾਣੀ ਭਰ ਗਿਆ ਹੈ। ਫਿਲੌਰ ਦੀ ਪੀਏਪੀ ਅਕੈਡਮੀ ਵਿਚ ਪਾਣੀ ਭਰਨ ਕਾਰਨ ਕਈ ਵਾਹਨ ਡੁੱਬ ਗਏ।

## ਰੋਪੜ ਅਤੇ ਮੁਹਾਲੀ ’ਚ ਰਿਕਾਰਡ ਤੋੜ ਮੀਂਹ ਪਿਆ

ਪੰਜਾਬ ਦੇ ਨੌਂ ਜ਼ਿਲ੍ਹਿਆਂ ਵਿਚ ਬੀਤੇ ਤਿੰਨ ਦਨਿਾਂ ਤੋਂ ਸਭ ਤੋਂ ਵੱਧ ਬਾਰਸ਼ ਹੋਈ ਹੈ ਜਨਿ੍ਹਾਂ ’ਚੋਂ ਸਭ ਤੋਂ ਵੱਧ 546 ਐੱਮਐੱਮ ਮੀਂਹ ਰੋਪੜ ਜ਼ਿਲ੍ਹੇ ਵਿਚ ਪਿਆ ਹੈ। ਮੁਹਾਲੀ ਜ਼ਿਲ੍ਹੇ ਵਿਚ 401 ਐੱਮਐੱਮ, ਨਵਾਂਸ਼ਹਿਰ ਵਿਚ 255, ਫ਼ਤਿਹਗੜ੍ਹ ਸਾਹਿਬ ਵਿਚ 162.8, ਗੁਰਦਾਸਪੁਰ ਵਿਚ 190, ਹੁਸ਼ਿਆਰਪੁਰ ਵਿਚ 169, ਪਟਿਆਲਾ ਵਿਚ 126 ਅਤੇ ਤਰਨਤਾਰਨ ਵਿਚ 106.3 ਐੱਮਐੱਮ ਮੀਂਹ ਪਿਆ ਹੈ।

## ਭਗਵੰਤ ਮਾਨ ਨੇ ਅਮਿਤ ਸ਼ਾਹ ਨੂੰ ਸਥਿਤੀ ਤੋਂ ਜਾਣੂ ਕਰਾਇਆ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਫੋਨ ’ਤੇ ਗੱਲਬਾਤ ਕੀਤੀ ਹੈ ਅਤੇ ਕੇਂਦਰ ਸਰਕਾਰ ਨੂੰ ਸੂਬੇ ਦੇ ਮੌਜੂਦਾ ਹਾਲਾਤ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਸਮਰੱਥ ਹੈ। ਇਸ ਸਬੰਧੀ ਪੰਜਾਬ ਭਰ ਵਿੱਚ ਜ਼ਿਲ੍ਹਾ ਅਤੇ ਬਲਾਕ ਪੱਧਰ ’ਤੇ ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਨਿ੍ਹਾਂ ’ਤੇ 24 ਘੰਟੇ ਕਰਮਚਾਰੀ ਤਾਇਨਾਤ ਰਹਿਣਗੇ।

## ਪੰਜਾਬ ਵਿੱਚ ਐੈਨਡੀਆਰਐੈਫ ਦੀਆਂ 14 ਟੀਮਾਂ ਤਾਇਨਾਤ

ਨਵੀਂ ਦਿੱਲੀ: ਉੱਤਰੀ ਭਾਰਤ ਦੇ ਚਾਰ ਸੂਬਿਆਂ ’ਚ ਮੋਹਲੇਧਾਰ ਮੀਂਹ ਅਤੇ ਹੜ੍ਹਾਂ ਨਾਲ ਸਿੱਝਣ ਲਈ ਐੱਨਡੀਆਰਐੱਫ ਦੀਆਂ 39 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੰਜਾਬ ’ਚ ਕੌਮੀ ਆਫ਼ਤ ਪ੍ਰਬੰਧਨ ਬਲ (ਐੱਨਡੀਆਰਐੱਫ) ਦੀਆਂ 14 ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ ਜਦਕਿ ਹਿਮਾਚਲ ਪ੍ਰਦੇਸ਼ ’ਚ 12, ਉੱਤਰਾਖੰਡ ’ਚ 8 ਅਤੇ ਹਰਿਆਣਾ ’ਚ 5 ਟੀਮਾਂ ਨੇ ਮੋਰਚੇ ਸੰਭਾਲੇ ਹੋਏ ਹਨ। ਐੱਨਡੀਆਰਐੱਫ ਦੇ ਤਰਜਮਾਨ ਨੇ ਕਿਹਾ ਕਿ ਹਾਲਾਤ ਮੁਤਾਬਕ ਸੂਬਿਆਂ ਦੇ ਅਧਿਕਾਰੀਆਂ ਨਾਲ ਤਾਲਮੇਲ ਬਣਾ ਕੇ ਰਾਹਤ ਕਾਰਜ ਚਲਾਏ ਜਾ ਰਹੇ ਹਨ। ਹਰੇਕ ਟੀਮ ’ਚ 30 ਤੋਂ 35 ਬਚਾਅ ਕਰਮੀ ਹਨ ਜੋ ਕਿਸ਼ਤੀਆਂ, ਰੱਸੀਆਂ, ਰੁਖ ਕੱਟਣ ਵਾਲੇ ਔਜ਼ਾਰਾਂ ਅਤੇ ਹੋਰ ਲੋੜੀਂਦੇ ਉਪਕਰਣਾਂ ਨਾਲ ਲੈਸ ਹਨ।

## ਮੁੱਖ ਮੰਤਰੀ ਵੱਲੋਂ ਕਜੌਲੀ ਤੇ ਬੂਥਗੜ੍ਹ ਦਾ ਦੌਰਾ, ਮੀਂਹ ਦੇ ਪਾਣੀ ਕਾਰਨ ਪ੍ਰਭਾਵਿਤ ਇਲਾਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



ਮੋਰਿੰਡਾ : ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ਮੀਨੀ ਪੱਧਰ ’ਤੇ ਚੱਲ ਰਹੇ ਰਾਹਤ ਅਤੇ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਲਈ ਅੱਜ ਮੀਂਹ ਕਾਰਨ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਤੇ ਨੀਵੇਂ ਇਲਾਕਿਆਂ ਵਿੱਚੋਂ ਸੁਰੱਖਿਅਤ ਕੱਢੇ ਲੋਕਾਂ ਨਾਲ ਗੱਲਬਾਤ ਵੀ ਕੀਤੀ। ਪਿੰਡ ਕਜੌਲੀ ਤੇ ਬੂਥਗੜ੍ਹ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸਥਿਤੀ ਚਿੰਤਾਜਨਕ ਹੈ, ਪਰ ਸੂਬਾ ਸਰਕਾਰ ਜਾਨੀ ਨੁਕਸਾਨ ਨੂੰ ਘੱਟ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਚਾਅ ਕਾਰਜਾਂ ਲਈ ਐੱਨਡੀਆਰਐੱਫ ਦੀਆਂ ਟੀਮਾਂ ਲਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮੀਂਹ ਕਾਰਨ ਨੁਕਸਾਨੀਆਂ ਫ਼ਸਲਾਂ, ਘਰਾਂ ਆਦਿ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ ਤੇ ਪੀੜਤਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਸਥਾਨਕ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਕੁਦਰਤ ਦੇ ਕਹਿਰ ਕਾਰਨ ਪੈਦਾ ਹੋਏ ਹਾਲਾਤ ਵਿੱਚ ਸਰਕਾਰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਲਕੁਲ ਨਾ ਘਬਰਾਉਣ। ਉਨ੍ਹਾਂ ਕਿਹਾ ਕਿ ਇਹ ਇੱਕ ਕੁਦਰਤੀ ਆਫ਼ਤ ਹੈ ਤੇ ਸਾਰਿਆਂ ਦੇ ਪੂਰਨ ਸਹਿਯੋਗ ਨਾਲ ਇਸ ਸਥਿਤੀ ਦਾ ਸੁਚੱਜੇ ਢੰਗ ਨਾਲ ਟਾਕਰਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿੱਜੀ ਤੌਰ ’ਤੇ ਸੂਬੇ ਦੇ ਹਰ ਕੋਨੇ ਤੋਂ ਪਲ-ਪਲ ਦੀ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ।



ਟਿਆਲਾ ਦੀ ਗੋਪਾਲ ਕਾਲੋਨੀ ’ਚ ਭਰੇ ਪਾਣੀ ’ਚੋਂ ਲੋਕਾਂ ਨੂੰ ਕਿਸ਼ਤੀ ਰਾਹੀਂ ਬਾਹਰ ਕੱਢਦੇ ਹੋਏ ਫ਼ੌਜ ਦੇ ਜਵਾਨ



ਰਾਜਪੁਰਾ ਨੇੜੇ ਘਰ ਵਿੱਚ ਆਏ ਪਾਣੀ ’ਚੋਂ ਇਕ ਬੱਚੇ ਨੂੰ ਕੱਢ ਕੇ ਬਾਹਰ ਲਿਆਉਂਦਾ ਹੋਇਆ ਫ਼ੌਜੀ

## ਪਟਿਆਲਾ: ਸ਼ਾਹੀ ਪਰਿਵਾਰ ਨੇ ਵੱਡੀ ਨਦੀ ਨੂੰ ਨੱਥ-ਚੂੜਾ ਚੜ੍ਹਾਇਆ



ਪਟਿਆਲਾ : ਚਿਰਾਂ ਦੀ ਰਵਾਇਤ ਦੇ ਮੱਦੇਨਜ਼ਰ ਇਥੋਂ ਦੇ ਸ਼ਾਹੀ ਪਰਿਵਾਰ ਦੀ ਤਰਫੋਂ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਅਤੇ ਉਨ੍ਹਾਂ ਦੀ ਧੀ ਬੀਬਾ ਜੈ ਇੰਦਰ ਕੌਰ ਨੇ ਅੱਜ ਇਥੇ ਪਟਿਆਲਾ ਨਦੀ ਵਿਚ ਨੱਥਾ-ਚੂੜਾ ਚੜ੍ਹਾਇਆ। ਰੀਤ ਚੱਲੀ ਆ ਰਹੀ ਹੈ ਕਿ ਜਦੋਂ ਵੱਡੀ ਨਦੀ ਦੇ ਵਿਚ ਪਾਣੀ ਚੜ੍ਹ ਜਾਂਦਾ ਹੈ ਤਾਂ ਸ਼ਾਹੀ ਪਰਿਵਾਰ ਦੀ ਤਰਫੋਂ ਨਦੀ ਵਿੱਚ ਨੱਥ ਚੂੜਾ ਚੜ੍ਹਾਇਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਰਸਮ ਅਦਾ ਕਰਨ ਤੋਂ ਬਾਅਦ ਪਾਣੀ ਉਤਰਨ ਲੱਗ ਜਾਂਦਾ ਹੈ। ਦੂਜੇ ਪਾਸੇ ਰਾਜਸੀ ਪਾਰਟੀਆਂ ਵੱਲੋਂ ਇਸ ਮਾਮਲੇ ਨੂੰ ਲੈ ਕੇ ਸ਼ਾਹੀ ਪਰਿਵਾਰ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਮੂਰਖ ਬਣਾਉਣ ਦੀ ਇਹ ਕਾਰਵਾਈ ਹੁਣ ਹੋਰ ਨਹੀਂ ਚੱਲੇਗੀ। ਪਟਿਆਲਾ ਨਦੀ ਵਿਚ ਵਧੇਰੇ ਪਾਣੀ ਆਉਣ ਕਰਨ ਇਲਾਕੇ ਦੇ ਕਈ ਖੇਤਰਾਂ ਵਿਚਲੇ ਜਲ-ਥਲ ਹੋ ਗਿਆ।

# ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗਣ ਲੱਗਾ ਸਤਲੁਜ ਦਰਿਆ

### *ਹੜ੍ਹਾਂ ਦਾ ਖਤਰਾ ਬਣਿਆ; ਕਈ ਪਿੰਡਾਂ ਨੂੰ ਕਰਵਾਇਆ ਖਾਲੀ; ਲੋਕ ਸਹਿਮ ਵਿੱਚ*



ਚੰਡੀਗੜ੍ਹ : ਜ਼ਿਲ੍ਹਾ ਲੁਧਿਆਣਾ ਵਿੱਚ ਸਤਲੁਜ ਦਰਿਆ ਖਤਰੇ ਦੇ ਨਿਸ਼ਾਨ ਤੋਂ ਉਪਰ ਵਗ ਰਿਹਾ ਹੈ ਜਿਸ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਨਾਲ ਲੋਕਾਂ ਦੀ ਨੀਂਦ ਉੱਡੀ ਹੋਈ ਹੈ। ਪ੍ਰਸ਼ਾਸਨ ਨੇ ਦਰਿਆ ਵਿੱਚ ਪਾਣੀ ਨੂੰ ਦੇਖਦੇ ਹੋਏ ਕਈ ਪਿੰਡਾਂ ਨੂੰ ਖਾਲੀ ਵੀ ਕਰਵਾਇਆ ਹੈ ਤੇ ਕਈਆਂ ਲਈ ਅਲਰਟ ਵੀ ਜਾਰੀ ਕੀਤਾ ਹੈ। ਮੁਲਾਜ਼ਮਾਂ ਨੂੰ 24 ਘੰਟੇ ਸਥਿਤੀ 'ਤੇ ਨਿਗਾਹ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ। ਨਾਲ ਹੀ ਲੋਕਾਂ ਨੂੰ ਦਰਿਆ ਦੇ ਕੰਢਿਆਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਡੀਸੀ ਤੋਂ ਲੈ ਕੇ ਪ੍ਰਸ਼ਾਸਨ ਸਣੇ ਕਈ ਵਿਭਾਗਾਂ ਦੇ ਅਫ਼ਸਰ ਦਰਿਆ ਨੇੜੇ ਦੌਰੇ ਕਰ ਰਹੇ ਹਨ। ਬਚਾਅ ਟੀਮਾਂ ਹਾਈ ਅਲਰਟ 'ਤੇ ਹਨ। ਉੱਧਰ, ਪਾਣੀ ਦੀ ਪੱਧਰ ਦੇਖਦੇ ਹੋਏ ਲੋਕਾਂ ਦੀਆਂ ਪ੍ਰੇਸ਼ਾਨੀ ਵੀ ਵਧਦੀਆਂ ਦਾ ਰਹੀਆਂ ਹਨ।

ਸਤੁਲਜ ਪੁਲ ਨੇੜੇ ਬਣੀ ਦਰਗਾਹ ਤੇ ਸ਼ਨੀ ਦੇਵ ਦੇ ਮੰਦਿਰ ਵਿੱਚ ਕਈ ਕਈ ਫੁੱਟ ਪਾਣੀ ਭਰ ਚੁੱਕਿਆ ਹੈ। ਸਤਲੁਜ ਦਰਿਆ ਦੇ ਹਾਲਾਤ ਵਿਗੜਦੇ ਜਾ ਰਹੇ ਹਨ। ਬੀਤੇ ਦਨਿੀਂ ਪਾਣੀ ਖਤਰੇ ਦੇ ਨਿਸ਼ਾਨ ਤੋਂ ਥੱਲੇ ਵਹਿ ਰਿਹਾ ਸੀ ਪਰ ਅੱਜ ਸਵੇਰੇ ਹੀ ਪਾਣੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਿਹਾ ਹੈ। ਜੇਕਰ ਪਿੱਛੋਂ ਪਾਣੀ ਹੋਰ ਛੱਡਿਆ ਗਿਆ ਤਾਂ ਸਤਲੁਜ ਨੇੜੇ ਸੈਂਕੜੇ ਪਿੰਡਾਂ ਵਿੱਚ ਹੜ੍ਹ ਆ ਜਾਏਗਾ।

ਦੂਜੇ ਪਾਸੇ ਬੀਤੀ ਰਾਤ ਵੀ ਸਤਲੁਜ ਦਰਿਆ ਨੇੜਲੇ ਪਿੰਡਾਂ ਤਲਵੰਡੀ, ਭੌਂਕੜਾ, ਸ਼ਨੀ, ਰਾਜੇਪੁਰ, ਲਾਡੋਵਾਲ ਆਦਿ 'ਚ ਲੋਕਾਂ ਨੇ ਸੜਕਾਂ 'ਤੇ ਰਾਤ ਗੁਜ਼ਾਰੀ। ਪਿੰਡ ਦੇ ਲੋਕ ਦਰਿਆ ਦੇ ਆਲੇ ਦੁਆਲੇ ਪਹਿਰਾ ਦਿੰਦੇ ਰਹੇ। ਕਈ ਪਿੰਡਾਂ ਵਿੱਚ ਤਾਂ ਪ੍ਰਸ਼ਾਸਨ ਨੇ ਪਹਿਲਾਂ ਹੀ ਬਚਾਅ ਕਾਰਜਾਂ ਦਾ ਸਾਮਾਨ ਭੇਜ ਦਿੱਤਾ ਹੈ। ਦਰਿਆ ਵਿੱਚ ਪਾਣੀ ਦਾ ਪੱਧਰ ਵਧਦੇ ਹੀ ਅੱਜ ਪਿੰਡ ਵਲੀਪੁਰ ਨੇੜੇ ਬੁੱਢੇ ਨਾਲੇ ਦੇ ਇੱਕ ਹਿੱਸੇ ਵਿੱਚ ਪਾੜ ਪੈ ਗਿਆ ਜਿਸ ਕਰਕੇ ਪਿੰਡ ਖਹਿਰਾ ਬੇਟ ਤੇ ਵਲੀਪੁਰ ਦੇ ਇਲਾਕਿਆਂ ਵਿਚ ਪਾਣੀ ਆ ਗਿਆ। ਇੱਥੇ ਦੇ ਕੁਝ ਇਲਾਕੇ ਵਿੱਚ ਬੁੱਢੇ ਨਾਲੇ ਦਾ ਗੰਦਾ ਪਾਣੀ ਖੇਤਾਂ 'ਚ ਵੀ ਦਾਖਲ ਹੋ ਗਿਆ। ਖਹਿਰਾ ਬੇਟ ਦੇ ਹਰਦੀਪ ਸਿੰਘ ਲੱਕੀ ਨੇ ਦੱਸਿਆ ਕਿ ਸਤਲੁਜ ਦਰਿਆ ਦੇ ਪਾਣੀ ਕਾਰਨ ਬੁੱਢਾ ਨਾਲਾ ਓਵਰਫਲੋਅ ਹੋ ਗਿਆ ਹੈ, ਜਿਸ ਕਰਕੇ ਪਾਣੀ ਖੇਤਾਂ ਵਿੱਚ ਆ ਗਿਆ ਹੈ। ਇਸ ਤੋਂ ਇਲਾਵ ਸਤਲੁਜ ਕਰਕੇ ਪਿੰਡ ਗੜ੍ਹੀ ਫਜ਼ਲ, ਕਾਸਬਾਦ, ਭੋਲੇਵਾਲ ਖਾਦਿਮ ਤੇ ਵਲੀਪੁਰੀ ਇਲਾਕੇ ਵਿੱਚ ਸਤਲੁਜ ਦਾ ਪਾਣੀ ਆ ਗਿਆ।

ਇਸ ਦੌਰਾਨ ਪਠਾਨਕੋਟ ਸਥਿਤ ਰਣਜੀਤ ਸਾਗਰ ਡੈਮ ਦੇ ਕੈਚਮੈਂਟ ਖੇਤਰ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਡੈਮ ਦੀ ਝੀਲ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਝੀਲ ਵਿੱਚ ਪਾਣੀ ਦਾ ਪੱਧਰ ਅੱਜ 521.15 ਮੀਟਰ 'ਤੇ ਪਹੁੰਚ ਗਿਆ ਹੈ। 25 ਵਰਗ ਕਿਲੋਮੀਟਰ ਦੀ ਏ ?ਸ ਝੀਲ ਵਿੱਚ ਪਿਛਲੇ ਦੋ ਦਨਿਾਂ ਦੌਰਾਨ ਪਾਣੀ ਦੇ ਪੱਧਰ ਵਿੱਚ 8 ਮੀਟਰ ਦਾ ਵਾਧਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡੈਮ ਦੀ ਝੀਲ ਦੇ ਉੱਪਰ ਵਾਲੇ ਪਾਸੇ ਹਿਮਾਚਲ ਪ੍ਰਦੇਸ਼ ਵਿੱਚ ਪੈਂਦੇ ਚਮੇਰਾ ਪ੍ਰਾਜੈਕਟ ਵੱਲੋਂ 4 ਫਲੱਡ ਗੇਟ ਖੋਲ੍ਹੇ ਗਏ ਸਨ, ਜਨਿ ?ਹਾਂ ਵਿੱਚੋਂ ਇੱਕ ਅੱਜ ਬੰਦ ਕਰ ਦਿੱਤਾ ਗਿਆ ਹੈ, ਜਦਕਿ 3 ਹਾਲੇ ਵੀ ਖੁੱਲ੍ਹੇ ਹਨ। ਇਨ੍ਹਾਂ ਫਲੱਡ ਗੇਟਾਂ ਕਾਰਨ ਰਣਜੀਤ ਸਾਗਰ ਡੈਮ ਦੀ ਝੀਲ ਵਿੱਚ 98 ਹਜ਼ਾਰ 130 ਕਿਊਸਿਕ ਪਾਣੀ ਦੀ ਆਮਦ ਹੋ ਰਹੀ ਸੀ। ਬੀਤੀ ਸ਼ਾਮ ਝੀਲ ਵਿੱਚ ਪਾਣੀ ਦਾ ਪੱਧਰ 517.43 ਮੀਟਰ ਦਰਜ ਕੀਤਾ ਗਿਆ ਸੀ। ਰਣਜੀਤ ਸਾਗਰ ਡੈਮ ਦੇ ਮੁੱਖ ਇੰਜਨੀਅਰ ਸ਼ੇਰ ਸਿੰਘ ਅਨੁਸਾਰ ਰਣਜੀਤ ਸਾਗਰ ਡੈਮ ਦੇ ਚਾਰੋਂ ਯੂਨਿਟ ਚਲਾ ਕੇ 600 ਮੈਗਾਵਾਟ ਬਿਜਲੀ ਉਤਪਾਦਨ ਕੀਤਾ ਜਾ ਰਿਹਾ ਹੈ ਤੇ ਬਿਜਲੀ ਪੈਦਾ ਕਰਨ ਮਗਰੋਂ 20 ਹਜ਼ਾਰ 200 ਕਿਊਸਿਕ ਪਾਣੀ ਹੇਠਾਂ ਮਾਧੋਪੁਰ ਹੈੱਡਵਰਕਸ ਵੱਲ ਛੱਡਿਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਭਰਵੀਆਂ ਬਰਸਾਤਾਂ ਨਾਲ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਸਿੰਜਾਈ ਲਈ ਪਾਣੀ ਦੀ ਮੰਗ ਘੱਟ ਗਈ ਹੈ, ਜਿਸ ਕਰਕੇ ਰਣਜੀਤ ਸਾਗਰ ਡੈਮ ਦੀ ਝੀਲ ਵਿੱਚ ਪਾਣੀ ਰੋਕਿਆ ਜਾ ਰਿਹਾ ਹੈ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਝੀਲ ਵਿੱਚ ਪਾਣੀ ਦੇ ਪੱਧਰ ਦਾ ਵਧਣਾ ਇੱਕ ਵਧੀਆ ਸੰਕੇਤ ਹੈ ਕਿਉਂਕਿ ਝੀਲ ਵਿੱਚ 527.99 ਮੀਟਰ ਤੱਕ ਪਾਣੀ ਸਟੋਰ ਕੀਤਾ ਜਾ ਸਕਦਾ ਹੈ ਤੇ ਹਾਲੇ ਪਾਣੀ ਦਾ ਪੱਧਰ 6 ਮੀਟਰ ਨੀਵਾਂ ਹੈ। ਉਨ੍ਹਾਂ ਕਿਹਾ ਕਿ ਕੈਚਮੈਂਟ ਖੇਤਰ ਵਿੱਚ ਮੀਂਹ ਰੁਕ ਗਿਆ ਹੈ, ਜਿਸ ਕਰਕੇ ਖਤਰੇ ਵਾਲੀ ਕੋਈ ਗੱਲ ਨਹੀਂ ਹੈ। ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ 'ਚ ਪਿਛਲੇ ਤਿੰਨ ਦਨਿਾਂ ਤੋਂ ਪੈ ਰਹੇ ਭਾਰੀ ਮੀਂਹ ਅਤੇ ਪਿਛਲੇ ਖੇਤਰਾਂ ਵਿੱਚੋਂ ਪਾਣੀ ਛੱਡਣ ਕਾਰਨ ਪਟਿਆਲਾ ਜ਼ਿਲ੍ਹਾ ਹੜ੍ਹਾਂ ਦੀ ਲਪੇਟ ਵਿਚ ਆ ਗਿਆ ਕਿਉਂਕਿ ਘੱਗਰ ਸਮੇਤ ਮਾਰਕੰਡਾ, ਐੱਸਵਾਈਐੱਲ, ਟਾਂਗਰੀ ਨਦੀ, ਢਕਾਣਸੂ ਨਕਾ ਤੇ ਪਟਿਆਲਾ ਨਦੀ ਆਦਿ ਸਾਰੇ ਖਤਰੇ ਦੇ ਨਿਸ਼ਾਨ ਤੋਂ ਉਪਰ ਵਹਿ ਰਹੇ ਹਨ। ਇੱਥੋਂ ਤਕ ਕਿ ਇਨ੍ਹਾਂ ਵਿੱਚੋਂ ਜਿੱਥੇ ਕਈ ਥਾਵਾਂ 'ਤੇ ਪਾੜ ਪੈ ਗਏ ਸਨ, ਉਥੇ ਹੀ ਘੱਗਰ ਦਰਿਆ ਤੇ ਨਰਵਾਣਾ ਬ੍ਰਾਂਚ ਨਹਿਰ ਕਈ ਥਾਵਾਂ ਤੋਂ ਉੱਛਲ ਚੁੱਕੀ ਹੈ ਜਿਸ ਕਾਰਨ ਖੇਤਾਂ ਵਿੱਚ ਕੱਲ੍ਹ ਤੋਂ ਭਰੇ ਪਾਣੀ ਦਾ ਪੱਧਰ ਹੋਰ ਵੀ ਉੱਚਾ ਹੋ ਗਿਆ। ਖੇਤਾਂ ਵਿਚਲੇ ਘਰਾਂ ਸਮੇਤ ਕਈ ਪਿੰਡ ਦੀ ਪਾਣੀ ਦੁਆਲੇ ਘਿਰੇ ਹੋਏ ਹਨ। ਸਥਿਤੀ 'ਤੇ ਕਾਬੂ ਰੱਖਣ ਲਈ ਡਿਪਟੀ ਕਮਿਸ਼ਨਰ ਪਟਿਆਲਾ ਸਾਕਸ਼ੀ ਸਾਹਨੀ ਵੱਲੋਂ ਦਨਿ ਰਾਤ ਇੱਕ ਕੀਤਾ ਹੋਇਆ ਹੈ।

## ਸਤਲੁਜ ਨਾਲ ਲੱਗਦੇ ਪਿੰਡਾਂ ਦੀ ਹਜ਼ਾਰਾਂ ਏਕੜ ਫਸਲ ਤਬਾਹ



ਆਨੰਦਪੁਰ ਸਾਹਿਬ : ਸਤਲੁਜ ਉਫਾਨ 'ਤੇ ਰਹੀ। ਬਰਸਾਤੀ ਖੱਡਾਂ, ਚੋਆਂ ਤੇ ਸਵਾਂ ਨਦੀ ਦਾ ਪਾਣੀ ਸਤਲੁਜ ਦਰਿਆ ਵਿੱਚ ਮਿਲਣ ਤੋਂ ਬਾਅਦ ਬੁਰਜ, ਹਰੀਪੁਰ, ਚੰਦਪੁਰ, ਮਹਿੰਦਲੀ ਖੁਰਦ ਦੇ ਲੋਕਾਂ ਦੇ ਲਈ ਹਰ ਬਰਸਾਤ ਦੇ ਦਨਿਾਂ 'ਚ ਪ੍ਰੇਸ਼ਾਨੀਆਂ ਖੜੀਆਂ ਕਰਦਾ ਹੈ। ਅੱਜ ਬੇਸ਼ੱਕ ਪਾਣੀ ਦਾ ਪੱਧਰ ਸਤਲੁਜ ਦਰਿਆ ਅਤੇ ਇਨ੍ਹਾਂ ਪਿੰਡਾਂ 'ਚ ਘੱਟ ਗਿਆ ਪ੍ਰੰਤੂ ਪਿੰਡ ਹਰੀਵਾਲ ਦੇ 3 ਘਰਾਂ ਨੂੰ ਇਹ ਪਾਣੀ ਸਿੱਧੀ ਟੱਕਰ ਮਾਰ ਰਿਹਾ ਸੀ ਤੇ ਹਜ਼ਾਰਾਂ ਏਕੜਾਂ ਫ਼ਸਲ ਤਬਾਹ ਹੋ ਗਈ ਤੇ ਲੋਕਾਂ ਵੱਲੋਂ ਆਪਣੀ ਖਰਾਬ ਹੋਈ ਫ਼ਸਲ ਲਈ ਮੁਆਵਜ਼ੇ ਦੀ ਮੰਗ ਕੀਤੀ ਜਾ ਰਹੀ ਹੈ। ਨਿਰਮਲ ਸਿੰਘ ਹਰੀਵਾਲ, ਪੰਚ ਬਲਬੀਰ ਸਿੰਘ, ਗੁਰਮੀਤ ਸਿੰਘ, ਦੌਲਤ ਰਾਮ ਸਮੇਤ ਵੱਡੀ ਗਿਣਤੀ 'ਚ ਇਕੱਠੇ ਹੋਏ ਪਿੰਡ ਵਾਲਿਆਂ ਨੇ ਦੱਸਿਆ ਕਿ ਪਿੰਡ ਵਿਚ ਬਿਜਲੀ ਦੀ ਸਪਲਾਈ ਪ੍ਰਭਾਵਿਤ ਹੋਈ ਹੈ, ਫ਼ਸਲਾਂ ਖਰਾਬ ਹੋਈਆਂ ਹਨ। ਦੂਜੇ ਪਾਸੇ ਪਿੰਡ ਬੁਰਜ ਦੇ ਇੱਕ ਮਕਾਨ ਅੱਗੇ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲਿਆਂ ਵੱਲੋਂ ਪ੍ਰਦਾਨ ਕੀਤੀ ਮਦਦ ਦੇ ਨਾਲ ਇਸ ਮਕਾਨ ਦੇ ਅੱਗੇ ਬੱਜਰੀ ਦੀਆਂ ਬੋਰੀਆਂ ਨਾਲ ਰੋਕ ਲਗਾਈ ਗਈ ਤੇ ਖਾਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਪਿੰਡ ਹਰੀਵਾਲ, ਮਹਿੰਦਲੀ ਖੁਰਦ ਤੇ ਬੁਰਜ ਦੇ ਲੋਕਾਂ ਮੰਗ ਕੀਤੀ ਕਿ ਹਿਮਾਚਲ ਦੀ ਤਰਜ਼ 'ਤੇ ਦਰਿਆ ਸਤਲੁਜ ਨੂੰ ਪੱਕੇ ਤੌਰ 'ਤੇ ਚੈਨਲਾਈਜ਼ ਕੀਤਾ ਜਾਵੇ। ਦੂਜੇ ਪਾਸੇ ਇਲਾਕੇ ਦੇ ਪਿੰਡਾਂ ਦੀਆਂ ਸੜਕੀ ਨੈਟਵਰਕ ਵੀ ਬਰਸਾਤੀ ਅਤੇ ਦਰਿਆਈ ਬੁਰੀ ਤਰ੍ਹਾਂ ਨੁਕਸਾਨ ਹੋਇਆ ਹੈ।

# ਰਾਵੀ ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਖਤਰਾ ਵਧਿਆ

### ਫਸਲਾਂ ਪਾਣੀ ਵਿੱਚ ਡੁੱਬੀਆਂ; ਕਿਸਾਨਾਂ ਦੀ ਚਿੰਤਾ ਵਧੀ



ਅਜਨਾਲਾ : ਪਹਾੜੀ ਖੇਤਰ ਵਿੱਚ ਲਗਾਤਾਰ ਹੋ ਰਹੀ ਬਾਰਸ਼ ਕਾਰਨ ਭਾਰਤ-ਪਾਕਿਸਤਾਨ ਸਰਹੱਦੀ ਖੇਤਰ ਵਿੱਚ ਵਗਦੇ ਰਾਵੀ ਦਰਿਆ ਵਿੱਚ ਬਹੁਤ ਜ਼ਿਆਦਾ ਪਾਣੀ ਆਉਣ ਕਾਰਨ ਦਰਿਆ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ ਜਿਸ ਨਾਲ ਦਰਿਆ ਨਾਲ ਲਗਦੀਆਂ ਝੋਨੇ, ਮੱਕੀ, ਗੰਨੇ ਆਦਿ ਦੀਆਂ ਫਸਲਾਂ ਪਾਣੀ ਵਿੱਚ ਡੁੱਬਣ ਕਾਰਨ ਕਿਸਾਨਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ ਜਦ ਕਿ ਦਰਿਆ ਵਿੱਚ ਪਾਣੀ ਕੱਲ੍ਹ ਰਾਤ ਤੋਂ ਹੀ ਵਧ ਰਿਹਾ ਹੈ ਜੋ ਕਿ ਸ਼ਾਮ ਦੇ ਸਮੇਂ ਤੱਕ ਵਧਣਾ ਜਾਰੀ ਸੀ। ਭਾਵੇਂ ਕਿ ਪ੍ਰਸ਼ਾਸ਼ਨ ਵੱਲੋਂ ਹੜ੍ਹ ਰੋਕਣ ਅਤੇ ਹੜਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੇ ਪ੍ਰਬੰਧ ਕੀਤੇ ਹੋਏ ਹਨ ਪਰ ਦਰਿਆ ਨੇੜਲੇ ਵਸਦੇ ਲੋਕ ਕਾਫੀ ਚਿੰਤਤ ਹਨ। ਕਿਸਾਨਾਂ ਅੰਮ੍ਰਿਤਪਾਲ ਸਿੰਘ, ਪਰਮਜੀਤ ਸਿੰਘ ਨੇ ਦੱਸਿਆ ਕਿ ਫਸਲਾਂ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬਣ ਕਾਰਨ ਜਿੱਥੇ ਫਸਲਾਂ ਦੇ ਖਰਾਬ ਹੋਣ ਦਾ ਡਰ ਹੈ ਉੱਥੇ ਹੀ ਦੁਬਾਰਾ ਫਸਲ ਬੀਜਣੀ ਅਸੰਭਵ ਹੀ ਲੱਗ ਰਹੀ ਹੈ। ਸਿੰਚਾਈ ਵਿਭਾਗ ਦੇ ਨਿਗਰਾਨ ਇੰਜੀਨੀਅਰ ਜਗਦੀਸ਼ ਰਾਜ ਨੇ ਦੱਸਿਆ ਕਿ ਰਾਵੀ ਦਰਿਆ ਅੰਦਰ ਕਰੀਬ ਪੌਣੇ 3 ਲੱਖ ਕਿਊਸਿਕ ਪਾਣੀ ਆਇਆ ਸੀ ਜੋ ਕਿ ਹੌਲੀ ਹੌਲੀ ਘਟਣਾ ਸ਼ੁਰੂ ਹੋ ਜਾਵੇਗਾ ਕਿਉਂਕਿ ਪਿੱਛੇ ਸਥਿਤੀ ਬਿਲਕੁਲ ਠੀਕ ਹੈ।

**ਸੱਕੀ ਨਾਲੇ ਦੇ ਕਨਿਾਰੇ ਵੀ ਕਈ ਥਾਵਾਂ ਤੋਂ ਟੁੱਟੇ** : ਜ਼ਿਲ੍ਹਾ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਹੱਦੀ ਖੇਤਰ ਵਿਚੋਂ ਗੁਜ਼ਰਦੇ ਸੱਕੀ ਨਾਲੇ ਵਿੱਚ ਵੀ ਜ਼ਿਆਦਾ ਪਾਣੀ ਆਉਣ ਨਾਲ ਇਹ ਆਪਣੇ ਕਨਿਾਰਿਆਂ ਤੋਂ ਬਾਹਰ ਹੋ ਜਾਣ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਕਰ ਰਿਹਾ ਹੈ। ਇਹ ਨਾਲਾ ਬਰਸਾਤੀ ਦਨਿਾਂ ਦੌਰਾਨ ਵਾਧੂ ਪਾਣੀ ਦੀ ਨਿਕਾਸੀ ਕਰਨ ਵਿੱਚ ਸਹਾਈ ਹੁੰਦਾ ਸੀ ਪਰ ਪਿਛਲੇ ਕਈ ਸਾਲਾਂ ਤੋਂ ਇਸ ਨਾਲੇ ਦੀ ਸਫਾਈ ਤੇ ਖਲਾਈ ਨਾ ਹੋਣ ਕਾਰਨ ਇਸ ਦੇ ਕਨਿਾਰਿਆਂ ਤੇ ਲੱਗੇ ਦਰੱਖਤ, ਬੂਟੇ ਅਤੇ ਘਾਹ-ਫੂਸ ਪਾਣੀ ਲੰਘਣ ਵਿੱਚ ਕਾਫੀ ਰੁਕਾਵਟ ਖੜ੍ਹੀ ਕਰ ਰਹੇ ਹਨ। ਇਸ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਬੰਧਿਤ ਅਧਿਕਾਰੀਆਂ ਨੂੰ ਇਸ ਨਾਲੇ ਦੀ ਸਫਾਈ ਕਰਨ ਦੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

## ਸੂਬਿਆਂ ਨੂੰ ਪੀਐੱਮ ਕੇਅਰਜ਼ ਫੰਡ 'ਚੋਂ ਵਾਧੂ ਰਾਹਤ ਦੇਵੇ ਕੇਂਦਰ: ਖੜਗੇ

ਨਵੀਂ ਦਿੱਲੀ: ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਮੋਹਲੇਧਾਰ ਮੀਂਹ ਤੋਂ ਪ੍ਰਭਾਵਿਤ ਸੂਬਿਆਂ ਨੂੰ ਪੀਐੱਮ ਕੇਅਰਜ਼ ਫੰਡ 'ਚੋਂ ਵਾਧੂ ਰਾਹਤ ਉਪਲੱਬਧ ਕਰਵਾਈ ਜਾਵੇ। ਖੜਗੇ ਨੇ ਪਾਰਟੀ ਵਰਕਰਾਂ ਨੂੰ ਕਿਹਾ ਹੈ ਕਿ ਉਹ ਲੋਕਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਟਵੀਟ ਕਰ ਕੇ ਮੋਹਲੇਧਾਰ ਮੀਂਹ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਜਤਾਇਆ ਹੈ। ਉਨ੍ਹਾਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਫੋਨ 'ਤੇ ਗੱਲਬਾਤ ਕੀਤੀ। ਉਧਰ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਉੱਤਰੀ ਭਾਰਤ 'ਚ ਮੀਂਹ ਕਾਰਨ ਹੋਈਆਂ ਮੌਤਾਂ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਪਾਰਟੀ ਵਰਕਰਾਂ ਨੂੰ ਕਿਹਾ ਹੈ ਕਿ ਉਹ ਰਾਹਤ ਕਾਰਜਾਂ 'ਚ ਲੋਕਾਂ ਅਤੇ ਪ੍ਰਸ਼ਾਸਨ ਦੀ ਸਹਾਇਤਾ ਕਰਨ।

# ਰਾਵੀ ਦਰਿਆ ਤੋਂ ਪਾਰ ਫਸੇ 150 ਵਿਅਕਤੀ ਸੁਰੱਖਿਅਤ ਵਾਪਸ ਲਿਆਂਦੇ



ਅੰਮ੍ਰਿਤਸਰ : ਅੰਮ੍ਰਿਤਸਰ ਜ਼ਿਲ੍ਹੇ ਦੇ ਆਖਰੀ ਪਿੰਡ ਘੋਨੇਵਾਲ, ਜਿਸ ਦੇ ਲਗਪਗ 300 ਵਾਸੀ ਰਾਵੀ ਦਰਿਆ ਤੋਂ ਪਾਰ ਆਪਣੇ ਖੇਤਾਂ ਵਿੱਚ ਕੰਮ ਕਰਨ ਗਏ ਸਨ, ਪਰ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵੱਧਣ ਕਾਰਨ ਉਥੇ ਹੀ ਫਸ ਗਏ, ਨੂੰ ਫੌਜ ਦੀ ਮਦਦ ਨਾਲ ਕੁਝ ਹੀ ਘੰਟਿਆਂ ਬਾਅਦ ਸੁਰੱਖਿਅਤ ਕੱਢ ਲਿਆ ਗਿਆ ਹੈ।

ਸ਼ਾਮ ਢਲਦੇ ਜਦੋਂ ਇਹ ਜਾਣਕਾਰੀ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਮਿਲੀ ਤਾਂ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਫੌਜ ਨਾਲ ਸੰਪਰਕ ਕੀਤਾ। ਫੌਜ ਨੇ ਤੁਰੰਤ ਹਰਕਤ ਵਿੱਚ ਆਉਂਦੇ ਆਪਣੇ ਜਵਾਨਾਂ ਨੂੰ ਚਾਰ ਕਿਸ਼ਤੀਆਂ ਨਾਲ ਮੌਕੇ ਉਤੇ ਭੇਜਿਆ, ਜਨਿ ?ਹਾਂ ਨੇ ਇਹ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਦੇਰ ਰਾਤ ਤੱਕ 150 ਦੇ ਕਰੀਬ ਵਿਅਕਤੀਆਂ ਨੂੰ ਵਾਪਸ ਲਿਆਂਦਾ ਜਾ ਚੁੱਕਾ ਹੈ, ਜਦਕਿ ਬਾਕੀਆਂ ਦੀ ਵਾਪਸੀ ਲਈ ਲਗਾਤਾਰ ਮੁਹਿੰਮ ਜਾਰੀ ਹੈ। ਫੌਜ ਦੀ ਸਹਾਇਤਾ ਨਾਲ ਚੱਲ ਰਹੀ ਮੁਹਿੰਮ ਸਮੇਂ ਪੁੱਜੇ ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਵੀ ਦਰਿਆ ਤੋਂ ਪਾਰ ਅਜੇ ਨਾ ਜਾਣ, ਕਿਉਂਕਿ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮੌਕੇ ਰਾਜ ਦੇ ਸੰਕਟ ਨਾਲ ਨਜਿੱਠਣ ਲਈ ਸਰਗਰਮ ਹੈ, ਪਰ ਇਹ ਸੰਕਟ ਤੁਹਾਡੇ ਸਾਰਿਆਂ ਦੇ ਸਾਥ ਬਨਿਾਂ ਹੱਲ ਨਹੀਂ ਹੋਣਾ। ਤੁਸੀਂ ਜਿੱਥੇ ਆਪਣੀ ਜਾਨ ਮਾਲ ਦੀ ਰੱਖਿਆ ਕਰੋ, ਉਥੇ ਦਰਿਆ ਦੇ ਬੰਨ੍ਹ ਉਤੇ ਵੀ ਨਿਗਾਹ ਰੱਖੋ ਤਾਂ ਜੋ ਕਿਧਰੇ ਕੋਈ ਸੰਕਟ ਨਾ ਆਵੇ। ਇਸ ਮੌਕੇ ਹੜ੍ਹ ਦੇ ਪਾਣੀ ਵਿੱਚੋਂ ਕੱਢੇ ਪਿੰਡ ਵਾਸੀਆਂ ਨੇ ਦੱਸਿਆ ਕਿ ਉਹ ਰੋਜ਼ ਦੀ ਤਰ੍ਹਾਂ ਖੇਤਾਂ ਵਿੱਚ ਆਪਣੇ ਕੰਮਾਂ ਲਈ ਗਏ ਸਨ ਪਰ ਵਾਪਸੀ ਵੇਲੇ ਫਸ ਗਏ। ਉਨ੍ਹਾਂ ਸ੍ਰੀ ਧਾਲੀਵਾਲ ਨਾਲ ਸੰਪਰਕ ਕੀਤਾ, ਜੋ ਕੁਝ ਹੀ ਮਿੰਟਾਂ ਵਿੱਚ ਆਪਣੇ ਅਮਲੇ ਨਾਲ ਆ ਪੁੱਜੇ ਤੇ ਉਨ੍ਹਾਂ ਨੂੰ ਸੁਰੱਖਿਅਤ ਕੱਢਿਆ।

# ਸ਼੍ਰੋਮਣੀ ਕਮੇਟੀ ਨੇ ਹੜ੍ਹ ਪੀੜਤਾਂ ਲਈ ਗੁਰਦੁਆਰਿਆਂ ਦੇ ਦਰ ਖੋਲ੍ਹੇ



ਅੰਮ੍ਰਿਤਸਰ : ਭਾਰੀ ਮੀਂਹ ਕਾਰਨ ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਸ਼ ?ਰੋਮਣੀ ਕਮੇਟੀ ਵੱਲੋਂ ਪੀੜਤਾਂ ਲਈ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਨ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਸਬੰਧੀ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਸਰਾਵਾਂ ਵਿਚ ਪੀੜਤਾਂ ਨੂੰ ਮੁਫ਼ਤ ਕਮਰੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪ੍ਰਭਾਵਿਤ ਇਲਾਕਿਆਂ ਵਿਚ ਲੰਗਰ ਅਤੇ ਹੋਰ ਵਸਤਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਵੱਖ-ਵੱਖ ਜ਼ਿਲ੍ਹਿਆਂ ਵਿਚ 25 ਤੋਂ ਵੱਧ ਗੁਰਦੁਆਰਿਆਂ ਵਿਚ ਰਾਹਤ ਕੇਂਦਰ ਸਥਾਪਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਹਰ ਗੁਰਦੁਆਰੇ ਦੀਆਂ ਸਰਾਵਾਂ 'ਚ ਪੀੜਤਾਂ ਨੂੰ ਮੁਫ਼ਤ ਕਮਰੇ ਮੁਹੱਈਆ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੀਂਹ ਕਾਰਨ ਬਣੇ ਹਾਲਾਤ 'ਤੇ ਚਿੰਤਾ ਪ੍ਰਗਟ ਕੀਤੀ ਹੈ।

# ਮੰਤਰੀਆਂ, ਵਿਧਾਇਕਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਪ੍ਰਭਾਵਿਤ ਖੇਤਰਾਂ ਦਾ ਦੌਰਾ

ਪਟਿਆਲਾ : ਪਟਿਆਲਾ ਵਿੱਚ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਪਹੁੰਚੇ ਪੰਜਾਬ ਦੇ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪਟਿਆਲਾ ਲਈ ਦੋ ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਭਾਰੀ ਮੀਂਹ ਦੇ ਮੱਦੇਨਜ਼ਰ ਪ੍ਰਭਾਵਿਤ ਵਿਅਕਤੀਆਂ ਦੀ ਸਹੂਲਤ ਲਈ ਆਰਜ਼ੀ ਕੈਂਪਾਂ ਵਿੱਚ ਪੰਜਾਬ ਸਰਕਾਰ ਵੱਲੋਂ ਖਾਣ-ਪੀਣ ਅਤੇ ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਮੰਤਰੀ ਨੇ ਕਿਹਾ ਕਿ ਇਸ ਹਾਲਾਤ ਨਾਲ ਨਜਿੱਠਣ ਲਈ ਸੂਬੇ ਭਰ ਲਈ 33.50 ਕਰੋੜ ਦੇ ਐਡਵਾਂਸ ਫੰਡ ਜਾਰੀ ਕੀਤੇ ਗਏ ਹਨ। ਉਨ੍ਹਾਂ ਨੇ ਵੱਡੀ ਨਦੀ ਦਾ ਦੌਰਾ ਕਰਨ ਉਪਰੰਤ ਪ੍ਰੇਮ ਬਾਗ ਪੈਲੇਸ ਦਾ ਦੌਰਾ ਕਰ ਕੇ ਇਥੇ ਰਹਿ ਰਹੇ ਪ੍ਰਭਾਵਿਤ ਵਿਅਕਤੀਆਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਪਹਾੜੀ ਖੇਤਰਾਂ ਅਤੇ ਸੂਬੇ ਵਿੱਚ ਪੈ ਰਹੀ ਲਗਾਤਾਰ ਬਾਰਸ਼ ਕਾਰਨ ਨਦੀਆਂ ਤੇ ਨਹਿਰਾਂ ਦਾ ਪਾਣੀ ਓਵਰ ਫਲੋਅ ਹੋ ਕੇ ਘਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਮੰਤਰੀ ਨੇ ਕਿਹਾ ਕਿ ਹਲਕਾ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਆਰਜ਼ੀ ਕੈਂਪਾਂ ਵਿੱਚ ਜਾ ਕੇ ਖ਼ੁਦ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ।



# ਮੋਹਾਲੀ ਵਿਚ ਤੇਜ਼ ਮੀਂਹ ਕਾਰਨ ਵੇਖੋ ਕਿਵੇਂ ਢਹਿ-ਢੇਰੀ ਹੋਇਆ ਘਰ...



ਮੋਹਾਲੀ : ਭਾਰੀ ਬਾਰਸ਼ ਕਾਰਨ ਪੰਜਾਬ ਵਿਚ ਹਾਲਾਤ ਲਗਾਤਾਰ ਵਿਗੜ ਰਹੇ ਹਨ। ਕਈ ਇਲਾਕਿਆਂ ਵਿਚ ਪਾਣੀ ਘਰਾਂ ਵਿਚ ਦਾਖਲ ਹੋ ਗਿਆ ਹੈ। ਮੋਹਾਲੀ ਵਿਚ ਇਕ ਘਰ ਮੀਂਹ ਕਾਰਨ ਡਿੱਗ ਗਿਆ। ਇਸ ਦੀ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਡੇਰਾਬੱਸੀ ਤੋਂ ਵੀ ਡਰਾਉਣੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਇਥੇ ਕਈ ਸੁਸਾਇਟੀਆਂ ਵਿਚ ਪਾਣੀ ਭਰ ਗਿਆ।

ਤਸਵੀਰਾਂ ਵਿਚ ਵੇਖਿਆ ਦਾ ਸਕਦਾ ਹੈ ਕਿ ਪਾਰਕਿੰਗ ਵਿਚ ਖੜ੍ਹੀਆਂ ਕਾਰਾਂ ਪਾਣੀ ਵਿਚ ਡੁੱਬ ਗਈਆਂ ਹਨ। ਭਾਰੀ ਮੀਂਹ ਕਾਰਨ ਰੋਪੜ ਦੀ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਨੇ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਅਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਹੈ।

ਇਸ ਤੋਂ ਇਲਾਵਾ ਕਈ ਪਿੰਡ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਉਧਰ, ਅਨੰਦਪੁਰ ਸਾਹਿਬ ਦੇ ਕਈ ਪਿੰਡਾਂ ਵਿਚ ਹੜ੍ਹਾਂ ਵਰਗੇ ਹਾਲਾਤ ਬਣ ਗਏ। ਸਥਾਨਕ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਟਵੀਟ ਕਰਕੇ ਹਲਕਾ ਵਾਸੀਆਂ ਨੂੰ ਬੇਨਤੀ ਹੈ ਕਿ ਪ੍ਰਸ਼ਾਸਨ ਦਾ ਸਾਥ ਦਿਓ, ਜਿਨ੍ਹਾਂ ਪਿੰਡਾਂ ਨੂੰ ਖ਼ਾਲੀ ਕਰਨੇ ਲਈ ਆਖਿਆ ਜਾ ਰਿਹਾ, ਉਨ੍ਹਾਂ ਨੂੰ ਖਾਲੀ ਕਰੋ। ਤੁਹਾਡਾ ਲੰਗਰ ਪਾਣੀ, ਰਹਿਣ ਦਾ ਪੂਰਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਟਵੀਟ ਕੀਤਾ ਹੈ-ਹਲਕਾ ਵਾਸੀਆਂ ਨੂੰ ਬੇਨਤੀ ਹੈ ਕਿ ਪ੍ਰਸ਼ਾਸਨ ਦਾ ਸਾਥ ਦਿਓ, ਜਿਨ੍ਹਾਂ ਪਿੰਡਾਂ ਨੂੰ ਖ਼ਾਲੀ ਕਰਨੇ ਲਈ ਆਖਿਆ ਜਾ ਰਿਹਾ, ਉਨ੍ਹਾਂ ਨੂੰ ਖਾਲੀ ਕਰੋ। ਤੁਹਾਡਾ ਲੰਗਰ ਪਾਣੀ, ਰਹਿਣ ਦਾ ਪੂਰਾ ਪ੍ਰਬੰਧ ਕੀਤਾ ਜਾ ਰਿਹਾ ਹੈ।

# ਮੋਰਿੰਡਾ ਨੇੜਲੇ ਇਲਾਕਿਆਂ ਵਿੱਚ ਤਿੰਨ ਦਿਨਾਂ ਤੋਂ ਬਿਜਲੀ-ਪਾਣੀ ਠੱਪ



ਮੋਰਿੰਡਾ : ਲਗਾਤਾਰ ਭਾਰੀ ਮੀਂਹ ਕਾਰਨ ਮੋਰਿੰਡਾ ਵਿੱਚ ਮੀਂਹ ਦੇ ਪਾਣੀ ਨੇ ਚਾਲੀ ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਮੋਰਿੰਡਾ ਨੇੜਲੇ ਪਿੰਡ ਆਲਮਪੁਰ ਤੋਂ ਲੈ ਕੇ ਨੌਗਾਵਾਂ ਤੱਕ ਰੇਲ ਦੀ ਪਟੜੀ ਮੀਂਹ ਦੇ ਪਾਣੀ ਕਾਰਨ ਟੁੱਟ ਗਈ, ਜਿਸ ਕਾਰਨ ਮੋਰਿੰਡਾ ਵਿੱਚ ਰੇਲ ਸੇਵਾ ਦਾ ਸੰਪਰਕ ਬਿਲਕੁਲ ਟੁੱਟ ਗਿਆ। ਖਰੜ-ਕੁਰਾਲੀ ਪਾਸੇ ਤੋਂ ਮੀਂਹ ਦਾ ਪਾਣੀ ਇਕੱਠਾ ਹੋ ਕੇ ਬੱਸ ਸਟੈਂਡ ਮੋਰਿੰਡਾ ਨਜ਼ਦੀਕ ਬਣੇ ਰੇਲਵੇ ਅੰਡਰ ਬਰਿੱਜ ਰਾਹੀਂ ਸ਼ਹਿਰ ਵਿੱਚ ਦਾਖ਼ਲ ਹੋ ਗਿਆ ਜਿਸ ਨੇ ਕਾਈਨੌਰ ਬਾਜ਼ਾਰ, ਪੁਰਾਣੀ ਬੱਸੀ ਬਾਜ਼ਾਰ, ਗੁਰਦੁਆਰਾ ਰਾਮਗੜ੍ਹੀਆ ਬਾਜ਼ਾਰ, ਗਾਰਡਨ ਕਲੋਨੀ, ਸੰਤ ਨਗਰ, ਰੈਸਟ ਹਾਊਸ ਵਾਲੇ ਇਲਾਕੇ ਵਿੱਚ ਪਾਣੀ ਹੀ ਪਾਣੀ ਕਰ ਦਿੱਤਾ। ਇੱਥੇ ਇੱਕ ਫੁੱਟ ਤੋਂ ਲੈ ਕੇ ਪੰਜ ਫੁੱਟ ਤੱਕ ਪਾਣੀ ਭਰ ਗਿਆ, ਜਿਸ ਨਾਲ ਲੋਕਾਂ ਨੂੰ ਆਪਣਾ ਸਾਮਾਨ ਚੁੱਕਣ ਦਾ ਵੀ ਮੌਕਾ ਨਹੀਂ ਮਿਲਿਆ। ਕਾਈਨੌਰ ਬਾਜ਼ਾਰ ਦੀਆਂ ਅੱਧੀਆਂ ਦੁਕਾਨਾਂ ਵਿੱਚ ਪਾਣੀ ਭਰਨ ਕਾਰਨ ਦੁਕਾਨਦਾਰਾਂ ਦਾ ਕਰੋੜਾਂ ਦਾ ਨੁਕਸਾਨ ਕਰ ਦਿੱਤਾ। ਬਿਜਲੀ ਘਰ ਵਿੱਚ ਪਾਣੀ ਵੜ ਜਾਣ ਕਾਰਨ ਤਿੰਨ ਦਨਿ ਬਾਅਦ ਵੀ ਖਬਰ ਲਿਖਣ ਤੱਕ ਬਿਜਲੀ ਨਹੀਂ ਆਈ। ਇਸ ਕਾਰਨ ਪੀਣ ਵਾਲੇ ਪਾਣੀ ਦੀ ਵੀ ਕਿੱਲਤ ਰਹੀ। ਇਸ ਤੋਂ ਇਲਾਵਾ ਮੋਰਿੰਡਾ ਇਲਾਕੇ ਦੇ ਲਗਪਗ ਸਾਰੇ ਪਿੰਡਾਂ ਦੀਆਂ ਫਸਲਾਂ ਪਾਣੀ ਵਿੱਚ ਡੁੱਬ ਚੁੱਕੀਆਂ ਹਨ, ਪਿੰਡ ਚਲਾਕੀ, ਡੂਮਛੇੜੀ, ਆਲਮਪੁਰ, ਬਹਿਬਲਪੁਰ, ਸੰਗਤਪੁਰਾ, ਰਸੂਲਪੁਰ, ਢੋਲਣਮਾਜਰਾ, ਆਦਿ ਸਾਰੇ ਹੀ ਪਿੰਡਾਂ ਦੇ ਖੇਤਾਂ ਵਿੱਚ ਚਾਰ-ਚਾਰ ਫੁੱਟ ਪਾਣੀ ਵੜ ਗਿਆ। ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਨਾਲ ਲੈ ਕੇ ਸੰਤ ਨਗਰ ਇਲਾਕੇ 'ਚੋਂ ਪਿੰਡਾਂ ਤੋਂ ਆਏ ਟਰੈਕਟਰਾਂ ਦੀ ਮਦਦ ਨਾਲ ਘਰਾਂ ਚੋਂ ਲੋਕਾਂ ਨੂੰ ਕੱਢਿਆ ਤੇ ਗੁਰਦੁਆਰਾ ਕੋਤਵਾਲੀ ਸਾਹਿਬ ਨਜ਼ਦੀਕ ਬਣੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਠਹਿਰਾਇਆ। ਇਸ ਤੋਂ ਇਲਾਵਾ ਐਨਡੀਆਰਐੱਫ ਦੀ ਟੀਮ ਨੇ ਵੀ ਲੋਕਾਂ ਦੇ ਰਹਿਣ ਦਾ ਪ੍ਰਬੰਧ ਕੀਤਾ। ਜਦੋਂ ਐੱਸਡੀਓ ਮੋਰਿੰਡਾ ਬਿਜਲੀ ਸਬੰਧੀ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਬਿਜਲੀ ਦੇ ਗਰਿੱਡ ਵਿੱਚ ਪਾਣੀ ਬਹੁਤ ਆ ਚੁੱਕਿਆ ਹੈ ਉਹ ਪਾਣੀ ਨੂੰ ਕੱਢਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ, ਜਦੋਂ ਵੀ ਪਾਣੀ ਨਿਕਲੇਗਾ ਬਿਜਲੀ ਸੇਵਾ ਚਾਲੂ ਕਰ ਦਿੱਤੀ ਜਾਵੇਗੀ।

# ਤਲਵੰਡੀ ਸਾਬੋ ਰਜਵਾਹੇ ਵਿੱਚ ਪਾੜ ਪਿਆ



ਤਲਵੰਡੀ ਸਾਬੋ : ਇੱਥੇ ਨੇੜਲੇ ਪਿੰਡਾਂ ਜੱਜਲ ਅਤੇ ਮਲਕਾਣਾ ਦੇ ਵਿਚਕਾਰ ਮਲਕਾਣਾ ਹੱਦ ਵਿਚਲੇ ਤਲਵਡੀ ਸਾਬੋ ਰਜਵਾਹੇ ਵਿੱਚ 40-45 ਫੁੱਟ ਚੌੜਾ ਪਾੜ ਪੈਣ ਕਾਰਨ ਜੱਜਲ ਪਿੰਡ ਦੇ ਖੇਤਾਂ ਵਿੱਚ ਕਈ ਕਈ ਫੁੱਟ ਪਾਣੀ ਭਰ ਗਿਆ। ਇਸ ਕਾਰਨ ਕਿਸਾਨ ਬਹਾਦਰ ਸਿੰਘ, ਹਰਜੀਤ ਸਿੰਘ, ਜੁਗਰਾਜ ਸਿੰਘ, ਗੁਰਦਾਸ ਸਿੰਘ, ਮਨਦੀਪ ਸਿੰਘ, ਲੀਲਾ ਸਿੰਘ, ਰੂਪ ਸਿੰਘ, ਭਾਗ ਸਿੰਘ, ਢਾਡੀ ਸਿੰਘ ਦੇ ਖੇਤਾਂ ਵਿਚ ਕਈ ਕਈ ਫੁੱਟ ਪਾਣੀ ਭਰ ਗਿਆ ਅਤੇ ਖੇਤਾਂ ਵਿਚ ਬੀਜੀਆਂ ਨਰਮੇ ਅਤੇ ਝੋਨੇ ਦੀਆਂ ਫ਼ਸਲਾਂ ਪਾਣੀ ਵਿਚ ਡੁੱਬ ਗਈਆਂ। ਪਿੰਡ ਜੱਜਲ ਦੇ ਖੇਤਾਂ ਵਿੱਚ ਤਲਵੰਡੀ ਸਾਬੋ ਰਜਵਾਹੇ ਵਿੱਚ ਪਏ ਪਾੜ ਨੇ ਪਹਿਲਾਂ ਤੋਂ ਹੀ ਭਾਰੀ ਮੀਂਹ ਦੇ ਪਾਣੀ ਵਿੱਚ ਡੁੱਬੀਆਂ ਫਸਲਾਂ ਨੂੰ ਹੋਰ ਡੋਬ ਕੇ ਪਿੰਡ ਦੇ ਕਿਸਾਨਾਂ ਲਈ ਹੋਰ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਜੱਜਲ ਦਾ ਇੱਕ ਕਿਸਾਨ ਦਰਸ਼ਨ ਸਿੰਘ ਜਦ ਸਵੇਰੇ ਪੰਜ ਕੁ ਵਜੇ ਆਪਣੇ ਖੇਤ ਗੇੜਾ ਮਾਰਨ ਗਿਆ ਤਾਂ ਉਸ ਨੇ ਓਵਰਫਲੋਅ ਹੋਇਆ ਰਜਵਾਹੇ ਦਾ ਪਾਣੀ ਕਨਿਾਰਿਆਂ ਉਪਰੋਂ ਦੀ ਕਿਸਾਨ ਹਰਦਮ ਸਿੰਘ ਫੌਜੀ ਦੇ ਖੇਤ ਵਿੱਚ ਪੈਂਦਾ ਦੇਖਿਆ। ਦਰਸ਼ਨ ਸਿੰਘ ਨੇ ਵਾਪਸ ਪਿੰਡ ਪਹੁੰਚ ਕੇ ਲੋਕਾਂ ਨੂੰ ਸੂਆ ਟੁੱਟਣ ਦੀ ਜਾਣਕਾਰੀ ਦਿੱਤੀ। ਜਦ ਤੱਕ ਪਿੰਡ ਵਾਸੀ ਰਜਵਾਹੇ 'ਤੇ ਪਹੁੰਚੇ ਤਾਂ ਪਾੜ ਪੈ ਚੁੱਕਿਆ ਸੀ। ਪਾਣੀ ਦਾ ਵਹਾਅ ਤੇਜ਼ ਹੋਣ ਕਰਕੇ ਇਹ ਪਾੜ ਸੱਤਰ ਫੁੱਟ ਦੇ ਕਰੀਬ ਚੌੜਾ ਹੋ ਗਿਆ। ਦੋ ਦਨਿ ਪਹਿਲਾਂ ਹੀ ਹੋਈ ਭਾਰੀ ਬਾਰਸ਼ ਦੇ ਪਾਣੀ ਵਿੱਚ ਡੁੱਬੀਆਂ ਝੋਨੇ, ਮੂੰਗੀ ਆਦਿ ਦੀਆਂ ਫਸਲਾਂ ਨੂੰ ਅੱਜ ਟੁੱਟੇ ਸੂਏ ਦੇ ਪਾਣੀ ਨੇ ਹੋਰ ਡੋਬ ਦਿੱਤਾ। ਕਿਸਾਨਾਂ ਨੇ ਦੋਸ਼ ਲਾਇਆ ਕਿ ਬੀਤੀ ਕੱਲ੍ਹ ਸ਼ਾਮ ਰਜਵਾਹੇ ਵਿੱਚ ਪਾਣੀ ਘੱਟ ਸੀ, ਪਰ ਇੱਥੋਂ ਡੇਢ ਕੁ ਕਿਲੋਮੀਟਰ ਅੱਗੇ ਜਾ ਕੇ ਰਜਵਾਹੇ ਦੇ ਹੈੱਡ ਬਣਦੇ ਹਨ। ਜਿਨ੍ਹਾਂ ਨੂੰ ਅਗਲੇ ਪਿੰਡਾਂ ਵਿੱਚੋਂ ਆ ਕੇ ਕੁੱਝ ਬੰਦੇ ਰਾਤ ਸਮੇਂ ਕਥਿਤ ਤੌਰ 'ਤੇ ਬੰਦ ਕਰ ਗਏ। ਇਸ ਕਰਕੇ ਸੂਆ ਰਾਤ ਨੂੰ ਓਵਰਫਲੋਅ ਹੋ ਕੇ ਟੁੱਟ ਗਿਆ। ਕਿਸਾਨਾਂ ਨੇ ਦੱਸਿਆ ਕਿ ਪਾੜ ਪੈਣ ਨਾਲ ਲਗਪਗ ਅੱਸੀ ਏਕੜ ਰਕਬੇ ਵਿੱਚ ਪਾਣੀ ਭਰ ਗਿਆ ਤੇ ਫਸਲਾਂ ਡੁੱਬ ਗਈਆਂ। ਨਹਿਰੀ ਵਿਭਾਗ ਦੇ ਐੱਸਡੀਓ ਫਿਜ਼ੀ ਬਾਂਸਲ ਨੇ ਦੱਸਿਆ ਕਿ ਰਜਵਾਹੇ ਵਿੱਚ ਪਾੜ ਪੈਣ ਬਾਰੇ ਪਤਾ ਲੱਗਦਿਆਂ ਹੀ ਜੋਧਪੁਰ ਪਾਖਰ ਹੈੱਡ ਤੋਂ ਪਾਣੀ ਬੰਦ ਕਰਵਾ ਦਿੱਤਾ ਗਿਆ। ਵਿਭਾਗ ਵੱਲੋਂ ਮੁਲਾਜਮ ਅਤੇ ਜੇਸੀਬੀ ਮਸ਼ੀਨ ਭੇਜ ਕੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਾੜ ਬੰਦ ਕਰਨ ਦੇ ਕਾਰਜ ਆਰੰਭੇ ਗਏ।

# ਗੁਦਾਈਕੇ ਦੇ ਗੁਰਦੁਆਰਾ ਸਾਹਿਬ 'ਚ ਪਾਣੀ ਵੜਨ 'ਤੇ ਲਾਲਜੀਤ ਸਿੰਘ ਭੁੱਲਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸਿਰ 'ਤੇ ਚੁੱਕ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਏ



ਚੰਡੀਗੜ੍ਹ : ਪਿਛਲੇ ਦੋ ਦਿਨਾਂ ਤੋਂ ਲਗਾਤਾਰ ਪੱਟੀ ਹਲਕੇ ਦੇ ਲੋਕਾਂ ਦੀ ਸੇਵਾ ਵਿਚ ਲੱਗੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਪਿੰਡ ਗੁਦਾਈਕੇ ਦੇ ਗੁਰਦੁਆਰਾ ਸਾਹਿਬ ਵਿਚ ਪਾਣੀ ਵੜਨ 'ਤੇ ਖ਼ੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਆਪਣੇ ਸਿਰ 'ਤੇ ਚੁੱਕ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਏ। ਇਸ ਤੋਂ ਇਲਾਵਾ ਭੁੱਲਰ ਕਿਸ਼ਤੀ ਵਿਚ ਸਵਾਰ ਹੋ ਕੇ ਪਾਣੀ ਵਿਚ ਫਸੇ ਪਰਿਵਾਰਾਂ ਨੂੰ ਬਾਹਰ ਕੱਢਣ ਲਈ ਉਨ੍ਹਾਂ ਤੱਕ ਪਹੁੰਚੇ ਅਤੇ ਪਿੰਡ ਘੜੁੰਮ ਤੇ ਬਸਤੀ ਲਾਲ ਸਿੰਘ ਦੇ 6 ਪਰਿਵਾਰਾਂ ਨੂੰ ਸੁਰੱਖਿਅਤ ਬਾਹਰ ਕੱਢਿਆ।

ਲਾਲਜੀਤ ਸਿੰਘ ਭੁੱਲਰ ਪਾਣੀ ਦੀ ਭਿਆਨਕ ਮਾਰ ਹੇਠ ਆਏ ਦਰਿਆ ਸਤਲੁਜ ਦੇ ਨੀਵੇਂ ਇਲਾਕਿਆਂ ਵਿਚ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਲਈ ਖ਼ੁਦ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਕੈਬਨਿਟ ਮੰਤਰੀ ਭੁੱਲਰ ਜ਼ਿਲ੍ਹਾ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਤੇ ਐੱਸ. ਐੱਸ. ਪੀ. ਗੁਰਮੀਤ ਸਿੰਘ ਚੌਹਾਨ ਨਾਲ ਦੇਰ ਰਾਤ ਤੋਂ ਹੀ ਹਰੀਕੇ ਹੈੱਡਵਰਕਸ ਅਤੇ ਧੁੱਸੀ ਬੰਨ੍ਹ ਦਾ ਦੌਰਾ ਕਰਕੇ ਲਗਾਤਾਰ ਪਾਣੀ ਦੇ ਪੱਧਰ ਦਾ ਜਾਇਜ਼ਾ ਲੈ ਰਹੇ ਹਨ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰ ਰਹੇ ਹਨ।

ਇਸ ਤੋਂ ਪਹਿਲਾ ਸਵੇਰੇ ਧੁੱਸੀ ਬੰਨ੍ਹ ਨੂੰ ਢਾਹ ਲੱਗਣ ਦਾ ਪਤਾ ਲੱਗਣ 'ਤੇ ਤੁਰੰਤ ਲਾਲਜੀਤ ਸਿੰਘ ਭੁੱਲਰ ਮੌਕੇ 'ਤੇ ਪਹੁੰਚੇ ਅਤੇ ਅਧਿਕਾਰੀਆਂ ਨੂੰ ਰਾਹਤ ਕਾਰਜਾਂ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਸਕਦਾ ਇਹ ਬੰਨ੍ਹ ਟੁੱਟਣ ਤੋਂ ਬਚਾਇਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁਸ਼ਕਿਲ ਦੀ ਘੜੀ 'ਚ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਵਚਨਬੱਧ ਹੈ।

ਡਿਪਟੀ ਕਮਿਸ਼ਨਰ ਸ਼ ?ਗੀਮਤੀ ਬਲਦੀਪ ਕੌਰ ਨੇ ਕਿਹਾ ਕਿ ਲੋਕਾਂ ਨੂੰ ਮੁਸ਼ਕਿਲ ਦੀ ਇਸ ਘੜੀ ਵਿੱਚੋਂ ਬਾਹਰ ਕੱਢਣ ਲਈ ਜ਼ਿਲ੍ਹਾ ਪ੍ਰਸ਼ਾਸਨ ਦ੍ਰਿੜ੍ਹ ਸੰਕਲਪ ਹੈ ਅਤੇ ਪਾਣੀ ਦੀ ਮਾਰ ਹੇਠ ਆਏ ਪਿੰਡਾਂ ਦੇ ਲੋਕਾਂ ਨੂੰ ਰਾਹਤ ਪੁਹੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਲੋਕਾਂ ਦੇ ਠਹਿਰਣ ਲਈ 7 ਰਾਹਤ ਕੈਂਪ ਬਣਾਏ ਗਏ ਹਨ, ਜਿੱਥੇ ਉਨ੍ਹਾਂ ਨੂੰ ਲੋੜੀਂਦੀਆਂ ਸੁਵਿਧਾਵਾਂ ਪਹੁੰਚਾਈਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਰਾਹਤ ਕੈਂਪਾਂ ਵਿੱਚ ਲੋਕਾਂ ਲਈ ਖਾਣ-ਪੀਣ ਅਤੇ ਦਵਾਈਆਂ ਆਦਿ ਉਪਲੱਬਧ ਹਨ ਅਤੇ ਡਾਕਟਰੀ ਸਹਾਇਤਾ ਲਈ ਮੈਡੀਕਲ ਟੀਮਾਂ ਦੀ ਡਿਊਟੀ ਲਗਾਈ ਗਈ ਹੈ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਪਿੰਡ ਕੋਟ ਬੁੱਢਾ, ਮੁੱਠਿਆਂਵਾਲਾ, ਸੀਤੋ ਮਹਿ ਝੁੱਗੀਆਂ, ਰਾਧਲਕੇ, ਭੰਗਾਲਾ, ਤੂਤ, ਝੁੱਗੀਆਂ ਪੀਰ ਬਖਸ਼, ਰਾਮ ਸਿੰਘ ਵਾਲਾ, ਝੁੱਗੀਆਂ ਨੱਥਾ ਸਿੰਘ ਅਤੇ ਝੁੱਗੀਆਂ ਨੂਰ ਮੁਹੰਮਦ, ਡੂਮਨੀ ਵਾਲਾ, ਜਲੋਕੇ, ਭਾਓ ਵਾਲ, ਭੋਜੋਕੇ, ਬੱਲੜ ਕੇ, ਰਸੂਲਪੁਰ, ਤਲਵੰਡੀ ਮੋਹਰ ਸਿੰਘ, ਕਿਲ੍ਹਾ ਪਤੀ, ਬੰਗਲਾ ਰਾਏ ਆਦਿ ਪਿੰਡਾਂ ਦਾ ਦੌਰਾ ਕਰ ਚੁੱਕੇ ਹਨ, ਜਿੱਥੇ ਉਨ੍ਹਾਂ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।

# ਮੀਂਹ ਨੇ ਦਿੱਲੀ ਵਾਸੀਆਂ ਦੀ ਮੁਸੀਬਤ ਵਧਾਈ

- ਲਗਾਤਾਰ ਪੈ ਰਹੇ ਮੀਂਹ ਕਾਰਨ ਥਾਂ-ਥਾਂ ਪਾਣੀ ਭਰਿਆ; ਆਵਾਜਾਈ ਹੋਈ ਪ੍ਰਭਾਵਿਤ
- ਉਪ ਰਾਜਪਾਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਫੋਨ 'ਤੇ ਕੀਤੀ ਗੱਲਬਾਤ

ਨਵੀਂ ਦਿੱਲੀ : ਕੌਮੀ ਰਾਜਧਾਨੀ ਦਿੱਲੀ ਵਿੱਚ ਲਗਾਤਾਰ ਤਿੰਨ ਦਨਿ ਤੋਂ ਪੈ ਰਹੇ ਮੀਂਹ ਕਾਰਨ ਹਾਲਾਤ ਬਦਤਰ ਹੋ ਗਏ ਹਨ। ਵੱਖ-ਵੱਖ ਥਾਈਂ ਪਾਣੀ ਭਰ ਗਿਆ ਹੈ। ਜਾਣਕਾਰੀ ਅਨੁਸਾਰ ਅੱਜ ਦੱਖਣੀ ਦਿੱਲੀ ਵਿੱਚ ਭਾਰੀ ਮੀਂਹ ਪਿਆ, ਜਿਸ ਕਾਰਨ ਦਫ਼ਤਰਾਂ ਤੋਂ ਘਰਾਂ ਨੂੰ ਪਰਤ ਰਹੇ ਲੋਕਾਂ ਨੂੰ ਰਾਹਾਂ ਵਿੱਚ ਖੱਜਲ-ਖੁਆਰ ਹੋਣਾ ਪਿਆ। ਇਸੇ ਦੌਰਾਨ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਮੀਂਹ ਕਾਰਨ ਪੈਦਾ ਹੋਏ ਹਾਲਤਾਂ ਬਾਰੇ ਵਿਚਾਰ-ਚਰਚਾ ਕੀਤੀ। ਉਧਰ ਮੌਸਮ ਵਿਭਾਗ ਨੇ ਭਲਕੇ ਮੰਗਲਵਾਰ ਲਈ ਯੈਲੋ ਅਲਰਟ ਵੀ ਜਾਰੀ ਕਰ ਦਿੱਤਾ ਹੈ। ਇਸ ਦੌਰਾਨ ਪ੍ਰਸ਼ਾਸਨ ਨੇ ਮੀਂਹ ਦੇ ਮੱਦੇਨਜ਼ਰ ਭਲਕੇ ਮੰਗਲਵਾਰ ਨੂੰ ਵੀ ਐੱਮਸੀਡੀ ਦੇ ਸਕੂਲ ਬੰਦ ਰੱਖਣ ਦਾ ਐਲਾਨ ਕੀਤਾ ਹੈ।

ਯਮੁਨਾ ਨਦੀ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧਣ ਕਰਕੇ ਇਸ ਦੇ ਕਨਿਾਰੇ ਬਣੇ ਕਈ ਮੰਦਰਾਂ ਤੇ ਝੁੱਗੀਆਂ ਵਿੱਚ ਪਾਣੀ ਭਰ ਗਿਆ। ਇਸ ਦੌਰਾਨ ਦਿੱਲੀ ਦੀ ਲੋਕ ਨਿਰਮਾਣ ਮੰਤਰੀ ਆਤਿਸ਼ੀ ਨੇ ਯਮੁਨਾ ਨਦੀ ਦਾ ਜਾਇਜ਼ਾ ਲਿਆ। ਸਿੰਜਾਈ ਤੇ ਹੜ੍ਹ ਰੋਕੂ ਮਹਿਕਮੇ ਦੇ ਅਧਿਕਾਰੀਆਂ ਨਾਲ ਉਹ ਚੰਦਗੀ ਰਾਜ ਅਖਾੜੇ ਕੋਲ ਪਹੁੰਚੇ ਅਤੇ ਮੋਟਰ ਕਿਸ਼ਤੀ ਵਿੱਚ ਬੈਠ ਕੇ ਯਮੁਨਾ ਵਿੱਚ ਪਾਣੀ ਦੀ ਸਥਿਤੀ ਦੇਖੀ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਹਥਨੀਕੁੰਡ ਬੈਰਾਜ ਤੋਂ ਲੱਖਾਂ ਕਿਊਸਿਕ ਪਾਣੀ ਛੱਡੇ ਜਾਣ ਅਤੇ ਲਗਾਤਾਰ ਪੈ ਰਹੇ ਮੀਂਹ ਕਾਰਨ ਸਮੱਸਿਆ ਪੈਦਾ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਯਮੁਨਾ ਕਨਿਾਰੇ 50 ਮੋਟਰ ਕਿਸ਼ਤੀਆਂ ਤਾਇਨਾਤ ਕੀਤੀਆਂ ਗਈਆਂ ਹਨ। ਗੋਤਾਖੋਰ ਤੇ ਡਾਕਟਰੀ ਟੀਮਾਂ ਵੀ ਤਿਆਰ ਹਨ। ਮੁਨਾਦੀ ਕਰਵਾ ਕੇ ਲੋਕਾਂ ਨੂੰ ਯਮੁਨਾ ਤੋਂ ਦੂਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਯਮੁਨਾ ਬਾਜ਼ਾਰ ਦਾ ਬਾਬਾ ਬਾਲਕਨਾਥ ਮੰਦਰ ਪਾਣੀ ਵਿੱਚ ਡੁੱਬ ਗਿਆ ਹੈ।

ਜਾਣਕਾਰੀ ਅਨੁਸਾਰ ਦਿੱਲੀ-ਰੋਹਤਕ ਮਾਰਗ ਉਪਰ ਪਾਣੀ ਭਰਨ ਕਾਰਨ ਕੁੱਝ ਸਮਾਂ ਜਾਮ ਦੇ ਹਾਲਤ ਬਣੇ ਰਹੇ ਤੇ ਸ਼ਾਮ ਨੂੰ ਪਏ ਮੀਂਹ ਨਾਲ ਫਿਰ ਸੜਕਾਂ ਪਾਣੀ ਨਾਲ ਭਰ ਗਈਆਂ। ਰਾਜਧਾਨੀ ਮੈਟਰੋ ਸਟੇਸ਼ਨ ਕੋਲ ਟੋਏ ਪੈ ਗਏ ਤੇ ਆਵਾਜਾਈ ਪ੍ਰਭਾਵਿਤ ਹੋਈ। ਪਟਿਆਲਾ ਹਾਊਸ ਅਦਾਲਤ ਕੋਲ ਇੱਕ ਦਰਖ਼ਤ ਡਿੱਗ ਪਿਆ। ਸਦਰ ਬਾਜ਼ਾਰ ਦੀਆਂ ਦੁਕਾਨਾਂ ਵਿੱਚ ਵੀ ਪਾਣੀ ਭਰ ਗਿਆ। ਉਪਰ ਸ਼ਾਮ ਨੂੰ ਰਿੰਗ ਰੋਡ 'ਤੇ ਆਵਾਜਾਈ ਦੀ ਰਫ਼ਤਾਰ ਮੱਠੀ ਹੋ ਗਈ।

ਉਧਰ ਦੋ ਦਨਿ ਭਾਰੀ ਮੀਂਹ ਅਤੇ ਅੱਜ ਐੱਨਸੀਆਰ ਵਿੱਚ ਦਰਮਿਆਨਾ ਮੀਂਹ ਪੈਣ ਕਰਕੇ ਫਰੀਦਾਬਾਦ ਦੇ ਸੈਕਟਰਾਂ ਸਮੇਤ ਕਲੋਨੀਆਂ ਤੇ



ਬਿਲਡਰਾਂ ਵੱਲੋਂ ਬਣਾਈਆਂ ਕਲੋਨੀਆਂ ਵਿੱਚ ਪਾਣੀ ਭਰ ਗਿਆ ਹੈ। ਜਾਣਕਾਰੀ ਅਨੁਸਾਰ ਸਨਅਤੀ ਸੈਕਟਰ-24 ਦੀ ਮੁੱਖ ਸੜਕ 'ਤੇ ਸੈਕਟਰ-22 ਕੋਲ ਪਾਣੀ ਭਰ ਗਿਆ। ਸੈਕਟਰ-15, 14, 7 ਤੇ 9 ਸੈਕਟਰ ਵੰਡਦੀ ਸੜਕ, ਡਬੂਆ ਕਲੋਨੀ, ਜਵਾਹਰ ਕਲੋਨੀ, ਸੰਜੈ ਕਲੋਨੀ, ਸੰਜੈ ਗਾਂਧੀ ਮੈਮੋਰੀਅਲ ਨਗਰ, ਸੈਕਟਰ-37, 29, 28, 27 ਵਿੱਚ ਵੀ ਪਾਣੀ ਭਰਿਆ। ਵਿਧਾਇਕਾ ਸੀਮਾ ਤ੍ਰਿਖਾ ਦੀ ਨਿੱਜੀ ਰਿਹਾਇਸ਼ ਦੇ ਆਸ-ਪਾਸ ਵੀ ਪਾਣੀ ਭਰ ਗਿਆ ਹੈ। ਇਸ ਦੌਰਾਨ ਗੁਰੂਗ੍ਰਾਮ ਦੀ ਦਿੱਲੀ-ਮਨੇਸਰ ਮਾਰਗ 'ਤੇ ਪਾਣੀ ਭਰਨ ਕਾਰਨ ਜਾਮ ਵਾਲੇ ਹਾਲਤ ਬਣ ਗਏ ਹਨ। ਪੁਰਾਣੇ ਗੁਰੂਗ੍ਰਾਮ ਤੇ ਹੋਰ ਇਲਾਕਿਆਂ ਵਿੱਚ ਬੀਤੇ ਦਨਿ ਤੇ ਅੱਜ ਪਏ ਮੀਂਹ ਨੇ ਜਲ-ਥਲ ਕਰ ਦਿੱਤਾ। ਕਈ ਘਰਾਂ ਵਿੱਚ ਪਾਣੀ ਭਰਨ ਦੀਆਂ ਖ਼ਬਰਾਂ ਹਨ। ਇਸ ਦੌਰਾਨ ਐੱਨਸੀਆਰ ਦੇ ਸ਼ਹਿਰਾਂ ਫਰੀਦਾਬਾਦ, ਗੁਰੂਗ੍ਰਾਮ, ਨੋਇਡਾ, ਗਾਜ਼ੀਆਬਾਦ ਆਦਿ ਵਿੱਚ ਅੱਜ ਸਰਕਾਰੀ ਤੇ ਨਿੱਜੀ ਸਕੂਲ ਬੰਦ ਰਹੇ। ਮੌਸਮ ਦੇ ਵਿਗੜਦੇ ਹਾਲਤ ਦੇਖਦੇ ਹੋਏ ਇਹ ਫ਼ੈਸਲਾ ਲਿਆ ਗਿਆ ਸੀ।

# ਚੀਨ ਵਿੱਚ ਮੀਂਹ ਕਾਰਨ 15 ਮੌਤਾਂ; ਚਾਰ ਲਾਪਤਾ

ਪੇਈਚਿੰਗ : ਚੀਨ ਦੇ ਚੌਂਗਕਿੰਗ ਸ਼ਹਿਰ ਵਿੱਚ ਤੇਜ਼ ਮੀਂਹ ਕਾਰਨ ਲਗਪਗ 15 ਜਣਿਆਂ ਦੀ ਮੌਤ ਹੋ ਗਈ, ਜਦੋਂਕਿ ਚਾਰ ਹੋਰ ਲਾਪਤਾ ਹਨ। ਇਹ ਜਾਣਕਾਰੀ ਸਥਾਨਕ ਅਧਿਕਾਰੀਆਂ ਨੇ ਦਿੱਤੀ ਹੈ।

ਐਮਰਜੈਂਸੀ ਮੈਨੇਜਮੈਂਟ ਦੀ ਮਿਊਂਸਿਪਲ ਬਿਊਰੋ ਮੁਤਾਬਕ, ਤੇਜ਼ ਮੀਂਹ ਮਗਰੋਂ ਯਾਂਗਜ਼ੀ ਦਰਿਆ ਨਾਲ ਲਗਦੇ ਖੇਤਰਾਂ ਵਿੱਚ ਹੜ੍ਹਾਂ ਵਰਗੇ ਹਾਲਾਤ ਬਣ ਗਏ, ਜਿਸ ਕਾਰਨ 19 ਜ਼ਿਲ੍ਹਿਆਂ ਅਤੇ ਕਾਊਂਟੀਆਂ ਵਿੱਚ 1,30,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਸ਼ਨਿਹੂਆ ਏਜੰਸੀ ਨੇ ਬਿਊਰੇ ਦੇ ਹਵਾਲੇ ਨਾਲ ਦੱਸਿਆ ਕਿ 7500 ਹੈਕਟੇਅਰ ਤੋਂ ਵੱਧ ਫ਼ਸਲਾਂ ਨੂੰ ਨੁਕਸਾਨ ਪੁੱਜਾ ਹੈ। ਹੜ੍ਹਾਂ ਦੇ ਮੱਦੇਨਜ਼ਰ ਸ਼ਹਿਰ ਦੇ ਐਮਰਜੈਂਸੀ ਰਿਸਪਾਂਸ ਹੈੱਡਕੁਆਰਟਰ ਦਫ਼ਤਰ ਵੱਲੋਂ ਰਾਹਤ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਗਈ ਹੈ। ਸਭ ਤੋਂ ਵੱਧ ਪ੍ਰਭਾਵਿਤ ਖੇਤਰ ਵਾਨਝੋਊ ਜ਼ਿਲ੍ਹੇ ਵਿੱਚ ਟੈਂਟ, ਕੰਬਲ ਅਤੇ ਫੋਲਡਿੰਗ ਬੈੱਡ ਸਮੇਤ ਆਫ਼ਤ ਰਾਹਤ ਸਮੱਗਰੀ ਦੀਆਂ 29,000 ਤੋਂ ਵੱਧ ਵਸਤਾਂ ਭੇਜੀਆਂ ਗਈਆਂ ਹਨ। ਚੌਂਗਕਿੰਗ ਵਿੱਚ ਸੱਤ ਦਰਿਆ ਖ਼ਤਰੇ ਦੇ ਨਿਸ਼ਾਨ ਦੇ ਉਪਰੋਂ ਦੀ ਵਹਿ ਰਹੇ ਹਨ। ਸ਼ਹਿਰ ਦੇ ਕੁੱਲ 24 ਜ਼ਿਲ੍ਹਿਆਂ ਤੇ ਕਾਊਂਟੀਆਂ ਵਿੱਚ ਸੋਮਵਾਰ ਸਵੇਰੇ ਅੱਠ ਵਜੇ ਤੋਂ ਮੰਗਲਵਾਰ ਸਵੇਰੇ ਅੱਠ ਵਜੇ ਤੱਕ ਤੇਜ਼ ਮੀਂਹ ਪੈਣ ਦੀਆਂ ਰਿਪੋਰਟਾਂ ਹਨ। ਵਾਨਝੋਊ ਦੇ ਬਾਇਯਾਨ ਪਿੰਡ ਵਿੱਚ 24 ਘੰਟਿਆਂ ਦੌਰਾਨ ਸਭ ਤੋਂ ਵੱਧ 251.5 ਐੱਮਐੱਮ ਮੀਂਹ ਪਿਆ ਹੈ।



# ਅਸਲ 'ਚ ਸਿੱਖ ਧਰਮ

**ਲੋੜਵੰਦਾਂ ਦੀ ਸੇਵਾ ਨਿਮਾਣਿਆਂ ਦਾ ਮਾਣ ਨਿਤਾਣਿਆਂ ਦਾ ਤਾਣ ਮਜਲੂਮ ਦੀ ਰੱਖਿਆ ਜਰਵਾਣੇ ਦੀ ਭੱਖਿਆ, ਮੁਸੀਬਤ 'ਚ ਫਸੇ ਬੇਬਸ ਲੋਕਾਂ ਦੀ ਸੇਵਾ ਤੋਂ ਵੱਡਾ ਕੋਈ ਧਰਮ ਨਹੀਂ, ਅਕਾਲ ਪੁਰਖ ਸਿੱਖਾਂ ਉਪਰ ਰਹਿਮਤ ਰੱਖੇ।**












# ਅਮਰੀਕਾ ’ਚ ਹੜ੍ਹ ਨੇ ਮਚਾਈ ਤਬਾਹੀ, ਰਾਸ਼ਟਰਪਤੀ ਬਾਈਡੇਨ ਨੇ ਵਰਮੌਂਟ ’ਚ ਕੀਤਾ ਐਮਰਜੈਂਸੀ ਦਾ ਐਲਾਨ





ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਸੂਬੇ ਵਿੱਚ ਵਿਨਾਸ਼ਕਾਰੀ ਹੜ੍ਹ ਦੇ ਮੱਦੇਨਜ਼ਰ ਵਰਮੌਂਟ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਮੰਗਲਵਾਰ ਦੇਰ ਰਾਤ ਵ੍ਹਾਈਟ ਹਾਉਸ ਨੇ ਇਕ ਬਿਆਨ ਵਿਚ ਕਿਹਾ ਕਿ ਬਾਈਡੇਨ ਨੇ ਐਤਵਾਰ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਸੰਕਟਕਾਲੀਨ ਸਥਿਤੀਆਂ ਕਾਰਨ ਉੱਤਰ-ਪੂਰਬੀ ਰਾਜ ਅਤੇ ਸਥਾਨਕ ਪ੍ਰਤੀਕਿਰਿਆ ਦੇ ਯਤਨਾਂ ਨੂੰ ਪੂਰਕ ਕਰਨ ਲਈ ਸੰਘੀ ਸਹਾਇਤਾ ਦਾ ਆਦੇਸ਼ ਦਿੱਤਾ।

ਸੂਬੇ ਦੇ ਗਵਰਨਰ ਫਿਲ ਸਕਾਟ ਨੇ ਮੰਗਲਵਾਰ ਨੂੰ ਇੱਕ ਟਵੀਟ ਵਿੱਚ ਕਿਹਾ ਕਿ ‘ਵਰਮੌਂਟ ਦੀ ਰਾਜਧਾਨੀ ਅਤੇ ਰਾਜ ਭਰ ਵਿੱਚ ਕਈ ਹੋਰ ਭਾਈਚਾਰੇ ਪਾਣੀ ਦੇ ਹੇਠਾਂ ਹਨ। ਵਰਮੌਂਟ ਵਿੱਚ ਅਸੀਂ ਜਿਸ ਤਬਾਹੀ ਅਤੇ ਹੜ੍ਹ ਦਾ ਸਾਹਮਣਾ ਕਰ ਰਹੇ ਹਾਂ, ਉਹ ਇਤਿਹਾਸਕ ਅਤੇ ਵਿਨਾਸ਼ਕਾਰੀ ਹੈ।’ ਭਾਰੀ ਮੀਂਹ ਨੇ ਸੂਬੇ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਸੜਕਾਂ ਬੰਦ ਹੋ ਗਈਆਂ ਹਨ, ਲੋਕਾਂ ਨੂੰ ਕੱਢਣ ਅਤੇ ਬਚਾਅ ਕਾਰਜ ਸ਼ੁਰੂ ਹੋ ਗਏ ਹਨ। ਯੂ. ਨੈਸ਼ਨਲ ਵੈਦਰ ਸਰਵਿਸ ਅਨੁਸਾਰ ‘ਇਤਿਹਾਸਕ ਦੋ ਦਿਨਾਂ ਦੇ ਮੀਂਹ ਵਾਲੇ ਤੂਫਾਨ’ ਦੌਰਾਨ ਕੁਝ ਖੇਤਰਾਂ ਵਿੱਚ ਨੌਂ ਇੰਚ ਤੋਂ ਵੱਧ ਮੀਂਹ ਪਿਆ।

ਵਰਮੌਂਟ ਦੇ ਸਿਹਤ ਵਿਭਾਗ ਨੇ ਮੰਗਲਵਾਰ ਨੂੰ ਇੱਕ ਟਵੀਟ ਵਿੱਚ ਸਥਾਨਕ ਨਿਵਾਸੀਆਂ ਨੂੰ ਚੇਤਾਵਨੀ ਦਿੱਤੀ ਕਿ ਭਾਵੇਂ ਕਿ ਕੁਝ ਥਾਵਾਂ ’ਤੇ ਆਸਮਾਨ ਨੀਲਾ ਹੈ, ਪਰ ਹੜ੍ਹ ਦਾ ਖ਼ਤਰਾ ਖਤਮ ਨਹੀਂ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਕਿ ਹੜ੍ਹ ਦੇ ਤੇਜ਼ੀ ਨਾਲ ਵਧਣ ਕਾਰਨ ਖਤਰਨਾਕ, ਸੰਭਾਵੀ ਤੌਰ ’ਤੇ ਦੂਸ਼ਿਤ ਪਾਣੀ ਦੇ ਹਾਲਾਤ ਪੈਦਾ ਕੀਤੇ ਹਨ ਜੋ ਕਈ ਦਿਨਾਂ ਤੱਕ ਰਹਿ ਸਕਦੇ ਹਨ। ਲੋਕ ਅਜੇ ਵੀ ਘਰਾਂ ਅਤੇ ਕਾਰਾਂ ਵਿੱਚ ਫਸੇ ਹੋਏ ਹਨ। ਸਥਾਨਕ ਟੀਵੀ ਸਟੇਸ਼ਨ ਡਬਲਯੂਸੀਏਐਕਸ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕੁਝ ਖੇਤਰ ਕਿਸ਼ਤੀ ਦੁਆਰਾ ਜਾਣ ਲਈ ਬਹੁਤ ਖਤਰਨਾਕ ਹਨ ਅਤੇ ਪੰਜ ਹੈਲੀਕਾਪਟਰ ਹਵਾ ਵਿੱਚ ਲੋਕਾਂ ਨੂੰ ਲੱਭਣ ਅਤੇ ਉਨ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ। ਡਰੋਨ ਵੀ ਫਸੇ ਹੋਏ ਕਿਸੇ ਨੂੰ ਲੱਭਣ ਦੀ ਕੋਸ਼ਿਸ਼ ਕਰਨ ਲਈ ਵਰਤੇ ਜਾਣਗੇ। ਰਿਪੋਰਟ ਵਿੱਚ ਕਿਹਾ ਗਿਆ ਕਿ ਹੁਣ ਤੱਕ 110 ਤੋਂ ਵੱਧ ਬਚਾਅ ਕੀਤੇ ਜਾ ਚੁੱਕੇ ਹਨ ਅਤੇ ਵਰਮੌਂਟ ਨੈਸ਼ਨਲ ਗਾਰਡ ਨੂੰ ਮੰਗਲਵਾਰ ਸਵੇਰੇ ਸਖ਼ਤ ਪ੍ਰਭਾਵਿਤ ਖੇਤਰਾਂ ਵਿੱਚ ਮਦਦ ਲਈ ਤਾਇਨਾਤ ਕੀਤਾ ਗਿਆ ਹੈ।

## ਪੰਜਾਬ ’ਚ ਹੜ੍ਹਾਂ ਕਾਰਨ ਹੁਣ ਤੱਕ 11 ਮੌਤਾਂ



ਚੰਡੀਗੜ੍ਹ : ਪੰਜਾਬ ’ਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਸਰਕਾਰ ਵੱਲੋਂ ਤਾਜ਼ਾ ਅੰਕੜਾ ਜਾਰੀ ਕੀਤਾ ਗਿਆ ਹੈ। ਪੰਜਾਬ ਵਿੱਚ ਹੜ੍ਹਾਂ ਕਾਰਨ ਹੁਣ ਤੱਕ 11 ਲੋਕਾਂ ਦੀ ਮੌਤ ਹੋ ਗਈ ਹੈ। ਫਰੀਦਕੋਟ ਵਿੱਚ ਸਭ ਤੋਂ ਜ਼ਿਆਦਾ 3 ਮੌਤਾਂ ਹੋਈਆਂ ਹਨ ਰੋਪੜ, ਫਤਿਹਗੜ੍ਹ ਸਾਹਿਬ ਤੇ ਮੁਹਾਲੀ ਵਿੱਚ 2-2 ਮੌਤਾਂ ਹੋਈਆਂ ਹਨ। ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਵਿੱਚ 1-1 ਮੌਤ ਹੋਈ ਹੈ। ਦੱਸ ਦੇਈਏ ਕਿ 5 ਲੋਕ ਲਾਪਤਾ ਹਨ ਤੇ 12 ਲੋਕ ਜ਼ਖ਼ਮੀ ਵੀ ਹੋਏ ਹਨ। ਪੰਜਾਬ ਦੇ 14 ਜ਼ਿਲ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ। ਸੂਬੇ ਦੇ 1 ਹਜ਼ਾਰ 58 ਪਿੰਡ ਹੜ੍ਹਾਂ ਦੀ ਮਾਰ ਦੇ ਹੇਠ ਹਨ ।

ਪਟਿਆਲਾ ਅਤੇ ਰੋਪੜ ਜ਼ਿਲ੍ਹੇ ਦੀ ਕਰੀਬ ਅੱਧੀ ਆਬਾਦੀ ਪ੍ਰਭਾਵਿਤ ਹੋਈ ਹੈ। ਜਲੰਧਰ ਜ਼ਿਲ੍ਹੇ ਦੀ ਗੱਲ ਕੀਤੀ ਜਾਵੇ ਤਾਂ ਜਲੰਧਰ ਵਿੱਚ 18 ਹਜ਼ਾਰ 300 ਲੋਕ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ। ਲੁਧਿਆਣਾ ਵਿੱਚ 3100 ਲੋਕਾਂ ਹੜ੍ਹਾਂ ਦੀ ਮਾਰ ਦੀ ਹੇਠ ਆਏ ਹਨ। ਮੋਗਾ ਵਿੱਚ 1 ਹਜ਼ਾਰ ਲੋਕ ਪ੍ਰਭਾਵਿਤ ਹੋਏ ਹਨ। ਹੁਣ ਤੱਕ 13 ਹਜ਼ਾਰ 574 ਲੋਕਾਂ ਨੂੰ ਰੈਸਕਿਊ ਕੀਤਾ ਜਾ ਚੁੱਕਿਆ ਹੈ। ਪੰਜਾਬ ਵਿੱਚ ਹੜ੍ਹਾਂ ਕਾਰਨ ਫਸਲ ਦਾ ਵੀ ਵੱਡੇ ਪੱਧਰ ’ਤੇ ਨੁਕਸਾਨ ਹੋਇਆ ਹੈ।

## ਰਣਜੀਤ ਸਾਗਰ ਡੈਮ ਦਾ ਜਲ ਪੱਧਰ ਵਧਿਆ, 13,500 ਕਿਊਸਿਕ ਪਾਣੀ ਪਾਕਿਸਤਾਨ ਵੱਲ ਛੱਡਿਆ



ਸੁਜਾਨਪੁਰ : ਜ਼ਿਲ੍ਹਾ ਪਠਾਨਕੋਟ ਦੇ ਧਾਰ ਖੇਤਰ ’ਚ ਸਥਿਤ ਰਣਜੀਤ ਸਾਗਰ ਡੈਮ ਦਾ ਜਲ ਪੱਧਰ ਵੱਧਣ ’ਤੇ ਜ਼ਿਲ੍ਹਾ ਪਠਾਨਕੋਟ ਅਤੇ ਨਾਲ ਲੱਗਦੇ ਖੇਤਰਾਂ ਨੂੰ ਸੁਰੱਖਿਅਤ ਰੱਖਣ ਲਈ ਸਿੰਚਾਈ ਵਿਭਾਗ ਨੂੰ ਹੁਣ ਰਣਜੀਤ ਸਾਗਰ ਡੈਮ ਦੇ ਪਾਣੀ ਨੂੰ ਪਾਕਿਸਤਾਨ ਵੱਲ ਛੱਡਣਾ ਪੈ ਰਿਹਾ ਹੈ। ਇਸ ਸਬੰਧੀ ਸਿੰਚਾਈ ਵਿਭਾਗ ਦੇ ਐੱਸ. ਡੀ. ਓ. ਪ੍ਰਦੀਪ ਕੁਮਾਰ ਨੇ ਦੱਸਿਆ ਕਿ ਪਿਛਲੇ 24 ਘੰਟੇ ’ਚ ਰਣਜੀਤ ਸਾਗਰ ਡੈਮ ਦੀ ਝੀਲ ਦਾ ਜਲ ਪੱਧਰ 2 ਮੀਟਰ ਵਧਿਆ ਅਤੇ ਪਿਛਲੇ 4 ਦਿਨਾਂ ਵਿਚ ਕਰੀਬ 9 ਮੀਟਰ ਤੱਕ ਇਹ ਜਲ ਪੱਧਰ ਵਧਿਆ ਹੈ। ਰਣਜੀਤ ਸਾਗਰ ਡੈਮ ਦੀ ਝੀਲ ਦਾ ਜਲ ਪੱਧਰ ਕਰੀਬ 522 ਮੀਟਰ ਤੱਕ ਪਹੁੰਚ ਗਿਆ ਹੈ, ਜੋ ਕਿ ਖਤਰੇ ਦੇ ਨਿਸ਼ਾਨ ਤੋਂ ਹੁਣ ਕੁਝ ਮੀਟਰ ਹੀ ਦੂਰੀ ’ਤੇ ਹੈ।

ਦੱਸ ਦਈਏ ਕਿ ਰਣਜੀਤ ਸਾਗਰ ਡੈਮ ਦੀ ਝੀਲ ਦਾ ਖਤਰੇ ਦਾ ਨਿਸ਼ਾਨ 527 ਮੀਟਰ ਦੇ ਕਰੀਬ ਹੈ, ਜਿਸ ਦੇ ਚੱਲਦੇ ਜਿਥੇ ਪ੍ਰਸ਼ਾਸਨ ਅਤੇ ਡੈਮ ਅਧਿਕਾਰੀਆਂ ਵੱਲੋਂ ਲਗਾਤਾਰ ਝੀਲ ਦੇ ਜਲ ਪੱਧਰ ’ਤੇ ਨਿਗਰਾਨੀ ਰੱਖੀ ਜਾ ਰਹੀ ਹੈ। ਅੱਜ ਸਿੰਚਾਈ ਵਿਭਾਗ ਵੱਲੋਂ ਰਾਵੀ ਦਰਿਆ ਦੇ ਰਸਤੇ ਪੰਜਾਬ ਤੇ ਜੰਮੂ ਕਸ਼ਮੀਰ ਦੇ ਸੂਬੇ ਦੁਆਰਾ ਮਾਧੋਪੁਰ ਵਿਚ ਸਥਿਤ ਹੈੱਡਵਰਕਸ ਤੋਂ 13,500 ਕਿਊਸਿਕ ਪਾਣੀ ਪਾਕਿਸਤਾਨ ਦੀ ਵੱਲ ਛੱਡਿਆ ਗਿਆ। ਉਨ੍ਹਾਂ ਨੇ ਕਿਹਾ ਕਿ ਜਦ ਆਉਣ ਵਾਲੇ ਦਿਨਾਂ ’ਚ ਰਣਜੀਤ ਸਾਗਰ ਡੈਮ ਦੀ ਝੀਲ ਦਾ ਜਲ ਪੱਧਰ ਇਸ ਤਰ੍ਹਾਂ ਵੱਧਦਾ ਰਿਹਾ ਤਾਂ ਜ਼ਰੂਰਤ ਪੈਣ ’ਤੇ ਡੈਮ ਦੇ ਸਿਪਲਵੇ ਗੇਟ ਖੋਲ੍ਹਣੇ ਪੈ ਸਕਦੇ ਹਨ, ਜਿਸ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਪੂਰੀ ਅਹਿਮੀਅਤ ਵਰਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਵੀ ਦਰਿਆ ਦੇ ਕਿਨਾਰਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ।

## ਇੰਤਜ਼ਾਰ ਨਾ ਕਰੋ, ਜਲਦੀ ਖ਼ਾਲੀ ਕਰ ਦਿਓ ਘਰ, ਨੀਵੇਂ ਇਲਾਕਿਆਂ ’ਚ ਰਹਿਣ ਵਾਲੇ ਲੋਕਾਂ ਨੂੰ ਕੇਜਰੀਵਾਲ ਦੀ ਅਪੀਲ

ਨਵੀਂ ਦਿੱਲੀ : ਦਿੱਲੀ, ਉੱਤਰਾਖੰਡ, ਹਿਮਾਚਲ ਸਣੇ ਉੱਤਰ ਭਾਰਤ ਦੇ ਕਈ ਸੂਬਿਆਂ ’ਚ ਲਗਾਤਾਰ ਬਾਰਿਸ਼ ਹੋ ਰਹੀ ਹੈ। ਦਿੱਲੀ ’ਚ ਬਾਰਿਸ਼ ਕਾਰਨ ਯਮੁਨਾ ਦੇ ਪਾਣੀ ਦਾ ਪੱਧਰ ਬੁੱਧਵਾਰ ਨੂੰ 3 ਵਜੇ ਤਕ 207.71 ਮੀਟਰ ਪਹੁੰਚ ਗਿਆ। ਯਮੁਨਾ ਦੇ ਵਧਦੇ ਪਾਣੀ ਦੇ ਪੱਧਰ ਨੇ ਸੂਬੇ ਦੇ ਕਈ ਨੀਵੇਂ ਇਲਾਕਿਆਂ ਨੂੰ ਡੁਬੋ ਦਿੱਤਾ ਹੈ। ਇਸ ਵਿਚਕਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬੁੱਧਵਾਰ ਨੂੰ ਹੜ੍ਹ ਦੀ ਸਥਿਤੀ ਦੇ ਮੱਦੇਨਜ਼ਰ ਐਮਰਜੈਂਸੀ ਬੈਠਕ ਬੁਲਾਈ। ਕੇਜਰੀਵਾਲ ਨੇ ਯਮੁਨਾ ਦੇ ਨੇੜੇ ਨੀਵੇਂ ਇਲਾਕਿਆਂ ’ਚ ਰਹਿਣ ਵਾਲੇ ਲੋਕਾਂ ਨੂੰ ਜਲਦੀ ਤੋਂ ਜਲਦੀ ਘਰਾਂ ਨੂੰ ਖ਼ਾਲੀ ਕਰਨ ਦੀ ਅਪੀਲ ਕੀਤੀ ਹੈ।

ਐਮਰਜੈਂਸੀ ਬੈਠਕ ਤੋਂ ਬਾਅਦ ਸੀ.ਐੱਮ. ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ ’ਚ ਕਿਹਾ ਕਿ ਯਮੁਨਾ ਦੇ ਨੇੜੇ ਨੀਵੇਂ ਇਲਾਕਿਆਂ ’ਚ ਰਹਿਣ ਵਾਲੇ ਲੋਕਾਂ ਨੂੰ ਮੇਰੀ ਬੇਨਤੀ ਹੈ ਕਿ ਯਮੁਨਾ ਦਾ ਪਾਣੀ ਲਗਾਤਾਰ ਵੱਧ ਰਿਹਾ ਹੈ। ਤੁਸੀਂ ਪਾਣੀ ਹੋਰ ਵਧਣ ਦਾ ਇੰਤਜ਼ਾਰ ਨਾ ਕਰੋ। ਜਿੰਨੀ ਜਲਦੀ ਹੋ ਸਕੇ ਘਰ ਖ਼ਾਲੀ ਕਰ ਦਿਓ।

ਦਿੱਲੀ ’ਚ ਹਿਮਾਚਲ ਅਤੇ ਹਰਿਆਣਾ ਤੋਂ ਆ ਰਿਹਾ ਪਾਣੀ : ਕੇਜਰੀਵਾਲ ਨੇ ਕਿਹਾ ਕਿ ਯਮੁਨਾ ਦੇ ਪਾਣੀ ਦਾ ਪੱਧਰ 208.71 ਮੀਟਰ ਤਕ ਪਹੁੰਚ ਚੁੱਕਾ ਹੈ ਜੋ ਇਕ ਰਿਕਾਰਡ ਹੈ। ਦਿੱਲੀ ’ਚ ਪਿਛਲੇ ਦੋ-ਤਿੰਨ ਦਿਨਾਂ ਤੋਂ ਬਾਰਿਸ਼ ਨਹੀਂ ਹੋ ਰਹੀ। ਇਥੇ ਪਾਣੀ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਤੋਂ ਆ ਰਿਹਾ ਹੈ। ਮੈਂ ਇਸ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ। ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਆਉਣ ਵਾਲੇ ਪਾਣੀ ਦਾ ਪੱਧਰ ਘੱਟ ਕੀਤਾ ਜਾਵੇ। ਮੈਂ ਨੀਵੇਂ ਇਲਾਕਿਆਂ ’ਚ ਰਹਿ ਰਹੇ ਸਾਰੇ ਲੋਕਾਂ ਨੂੰ ਘਰ ਖ਼ਾਲੀ ਕਰਨ ਦੀ ਅਪੀਲ ਕਰ ਰਿਹਾ ਹਾਂ। ਯਮੁਨਾ ਨਦੀ ਦੇ ਪਾਣੀ ਦਾ ਪੱਧਰ ਵਧਣ ਨਾਲ ਕਈ ਇਲਾਕਿਆਂ ’ਚ ਲੋਕ ਪ੍ਰਭਾਵਿਤ ਹੋਣਗੇ।

1978 ’ਚ ਯਮੁਨਾ ਦੇ ਪਾਣੀ ਦਾ ਪੱਧਰ 207.49 ਮੀਟਰ ਤਕ ਪਹੁੰਚਿਆ ਸੀ, ਜੋ ਸਭ ਤੋਂ ਉੱਚ ਪੱਧਰ ਸੀ। ਇਸ ਵਾਰ 45 ਸਾਲਾਂ ਦਾ ਰਿਕਾਰਡ ਟੁੱਟਾ ਹੈ। ਯਮੁਨਾ ਦਾ ਪਾਣੀ ਰਿੰਗ ਰੋਡ ’ਤੇ ਪਹੁੰਚ ਗਿਆ ਹੈ। ਹੜ੍ਹ ਦੇ ਹਾਲਾਤ ਨੂੰ ਦੇਖਦੇ ਹੋਏ ਕੇਜਰੀਵਾਲ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਿੱਠੀ ਲਿਖੀ ਹੈ। ਹਥਿਨੀਕੁੰਡ ਬੈਰਾਜ ਤੋਂ ਹੌਲੀ ਰਫਤਾਰ ਨਾਲ ਪਾਣੀ ਛੱਡਣ ਦੀ ਮੰਗ ਕੀਤੀ ਹੈ ਤਾਂ ਜੋ ਯਮੁਨਾ ਦੇ ਪਾਣੀ ਦਾ ਪੱਧਰ ਤੇਜ਼ੀ ਨਾਲ ਨਾ ਵਧੇ। ਦੱਸ ਦੇਈਏ ਕਿ ਹਰਿਆਣਾ ਦੇ ਹਥਿਨੀਕੁੰਡ ਬੈਰਾਜ ਤੋਂ ਹਰ ਸਾਲ ਯਮੁਨਾ ’ਚ ਪਾਣੀ ਛੱਡਿਆ ਜਾਂਦਾ ਹੈ। ਕੁਝ ਦਿਨ ਪਹਿਲਾਂ ਦਿੱਲੀ ’ਚ ਮੋਹਲੇਧਾਰ ਮੀਂਹ ਕਾਰਨ ਪਾਣੀ ਭਰ ਗਿਆ ਹੈ ਜਿਸ ਕਾਰਨ ਹਾਲਾਤ ਖ਼ਰਾਬ ਹੋਏ ਸਨ।



# ਹੜ੍ਹ ਪ੍ਰਭਾਵਤ ਲੋਕਾਂ ਲਈ ਸ਼੍ਰੋਮਣੀ ਕਮੇਟੀ ਵਲੋਂ ਲੰਗਰ ਦੀ ਸੇਵਾ







ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਨੂਰਪੁਰ ਬੇਦੀ ਦੇ ਅਗੰਮਪੁਰ ਅਤੇ ਸਿੰਬਲ ਮਾਜਰਾ ਪਿੰਡਾਂ ਵਿੱਚ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਲੰਗਰ ਸੇਵਾ। ਤਖ਼ਤ ਸਾਹਿਬ ਤੋਂ ਇਹ ਸੇਵਾ ਹੋਰ ਪਿੰਡਾਂ ਵਿੱਚ ਵੀ ਭੇਜੀ ਜਾ ਰਹੀ ਹੈ।

## ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ



ਇਹ ਪ੍ਰਮਾਣ ਹੈ ਕਿ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਇਹੀ ਮੁਲਾਜ਼ਮ ਨੇ ਜੋ ਪੰਜਾਬ ਪੁਲਸ ਦੇ ਕਿਰਦਾਰ ਦੀ ਰਾਖੀ ਕਰਦੀਆਂ ਨੇ।

## ਭਾਜਪਾ ਨਾਲ 'ਯਾਰੀ' ਜਾਂ 'ਹਾਥੀ' ਦੀ ਸਵਾਰੀ ! ਦੁਚਿੱਤੀ 'ਚ ਅਕਾਲੀ

ਲੁਧਿਆਣਾ : ਸ਼੍ਰੋਮਣੀ ਅਕਾਲੀ ਦਲ ਦਾ ਮੁੜ ਭਾਜਪਾ ਨਾਲ ਗਠਜੋੜ ਹੋਣ ਦੀਆਂ ਖਬਰਾਂ ਆਏ ਦਿਨ ਜਨਮ ਲੈ ਰਹੀਆਂ ਹਨ। ਭਾਵੇਂ ਦੋਵੇਂ ਪਾਰਟੀਆਂ ਦੇ ਆਗੂਆਂ ਨੇ ਗਠਜੋੜ ਹੋਣ ਤੋਂ ਇਨਕਾਰ ਕਰ ਦਿੱਤਾ ਹੈ ਇਸ ਦਾ ਕਾਰਨ ਹੈ ਕਿ ਅਕਾਲੀ ਦਲ ਨੂੰ ਭਾਜਪਾ ਜਾਂ ਬਸਪਾ ਵਿਚੋਂ ਕਿਸੇ ਇਕ ਨਾਲ ਯਾਰੀ ਰੱਖਣੀ ਪਵੇਗੀ। ਇਸ ਲਈ ਹੁਣ ਹਾਲਾਤ ਇਹ ਦੱਸੇ ਜਾ ਰਹੇ ਹਨ ਕਿ ਭਾਜਪਾ ਨਾਲ ਯਾਰੀ ਜਾਂ ਹਾਥੀ ਦੀ ਸਵਾਰੀ ਭਾਵ ਦੋਹਾਂ ਵਿਚੋਂ ਕਿਸੇ ਇਕ ਨਾਲ ਰਹਿਣਾ ਹੈ ਪਰ ਅੰਦਰਖਾਤੇ ਦੋਵੇਂ ਪਾਰਟੀਆਂ ਇਕ ਦੂਜੇ ਦੇ ਨੇੜੇ ਆਉਣ ਲਈ ਖਿਚੜੀ ਪੱਕਦੀ ਨਜ਼ਰ ਆ ਰਹੀ ਹੈ। ਬਾਕੀ ਸ਼੍ਰੋਮਣੀ ਅਕਾਲੀ ਦਲ ਦਾ ਹਾਲ ਦੀ ਘੜੀ ਬਸਪਾ ਨਾਲ ਗਠਜੋੜ ਹੈ। ਭਾਵੇਂ ਸ਼ ?ਰੋ.ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਾਥੀ ਦੀ ਸਿਆਸੀ ਸਵਾਰੀ ਕਰ ਚੁੱਕੇ ਹਨ। ਉਨ੍ਹਾਂ ਦਾ ਹੁਣ ਬਸਪਾ ਦੇ ਹਾਥੀ ਤੋਂ ਉੱਤਰਨਾ ਸੁਖਾਲਾ ਨਹੀਂ ਹੋਵੇਗਾ ਕਿਉਂਕਿ ਪੰਜਾਬ ਵਿਚ ਬਸਪਾ ਕਿਸੇ ਕੀਮਤ 'ਤੇ ਅਕਾਲੀਆਂ ਦੇ ਭਾਜਪਾ ਨਾਲ ਗਠਜੋੜ ਨੂੰ ਬਰਦਾਸ਼ਤ ਨਾ ਕਰਦੇ ਹੋਏ ਅਕਾਲੀ ਦਲ ਤੋਂ



ਦੂਰ ਹੋ ਜਾਵੇਗੀ ਜਿਸ ਦੇ ਚਲਦੇ ਦਿਹਾਤੀ ਹਲਕੇ ਵਿਚ ਬੈਠੇ ਅਕਾਲੀਆਂ ਨੂੰ ਖਦਸ਼ਾ ਹੈ ਕਿ ਭਾਜਪਾ ਨਾਲ ਗਠਜੋੜ ਕਰਨ 'ਤੇ ਪੰਥਕ, ਦਲਿਤ ਕਿਸਾਨ ਵੋਟ ਹੱਥੋਂ ਨਿਕਲ ਸਕਦੀ ਹੈ ਕਿਉਂਕਿ ਭਾਜਪਾ ਪਿੰਡਾਂ ਵਿਚ ਅਜੇ ਆਟੇ ਵਿਚ ਲੂਣ ਹੈ। ਇਸ ਸਾਰੇ ਮਾਮਲੇ 'ਤੇ ਰਾਜਸੀ ਪੰਡਤਾਂ ਨੇ ਕਿਹਾ ਕਿ ਅਕਾਲੀ ਦਲ ਦਾ ਵੱਡਾ ਜਨ ਆਧਾਰ ਪੇਂਡੂ ਹੋਣ ਕਰਕੇ ਬਸਪਾ ਨੂੰ ਨਾਲ ਰੱਖਣਾ ਜ਼ਰੂਰੀ ਹੈ ਪਰ ਹੁਣ ਭਾਜਪਾ ਨਾਲ ਵੀ ਗਠਜੋੜ ਮਜਬੂਰੀ ਬਣਦਾ ਜਾ ਰਿਹਾ ਹੈ ਪਰ ਜੋ ਵੀ ਹੈ ਹਾਥੀ ਤੋਂ ਉੱਤਰਨਾ ਹੁਣ ਅਕਾਲੀ ਦਲ ਲਈ ਸੁਖਾਲਾ ਨਹੀਂ ਹੋਵੇਗਾ।

## ਸ਼੍ਰੋਮਣੀ ਕਮੇਟੀ ਵੱਲੋਂ ਯੂਨੀਫਾਰਮ ਸਿਵਲ ਕੋਡ ਦਾ ਤਿੱਖਾ ਵਿਰੋਧ

### ਅੰਤ੍ਰਿੰਗ ਕਮੇਟੀ 'ਚ ਲਏ ਅਹਿਮ ਫੈਸਲੇ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ 'ਚ ਯੂਨੀਫ਼ਾਰਮ ਸਿਵਲ ਕੋਡ (UCC) ਬਾਰੇ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਮਗਰੋਂ ਐਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੱਲ ਕਰਦਿਆਂ ਕਿਹਾ ਕਿ ਯੂਨੀਫ਼ਾਰਮ ਸਿਵਲ ਕੋਡ ਦੀ ਦੇਸ਼ ਅੰਦਰ ਕਿਸੇ ਤਰ੍ਹਾਂ ਦੀ ਵੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 14 ਜੁਲਾਈ ਤੱਕ ਸਭ ਕੋਲੋਂ ਇਸ ਸਬੰਧੀ ਸੁਝਾਅ ਮੰਗੇ ਹਨ ਪਰ ਖ਼ੁਦ ਅਜੇ ਤੱਕ ਕੋਈ ਖਰੜਾ ਤਿਆਰ ਨਹੀਂ ਕੀਤਾ ਗਿਆ। ਇਸ ਨੂੰ ਲੈ ਕੇ ਘੱਟ ਗਿਣਤੀ ਭਾਈਚਾਰਿਆਂ 'ਚ ਵੀ ਬੈਚੇਨੀ ਪਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਯੂਨੀਫ਼ਾਰਮ ਸਿਵਲ ਕੋਡ ਬਾਰੇ ਲਾਅ ਕਮਿਸ਼ਨ ਵੱਲੋਂ ਮੰਗੇ ਸੁਝਾਅ 'ਤੇ ਚਰਚਾ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਨੁਮਾਇੰਦਾ ਸੰਸਥਾ ਹੈ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਅਤੇ ਪੰਥਕ ਬੁੱਧੀ ਜੀਵੀਆਂ ਨੇ ਵਿਚਾਰ ਵਟਾਂਦਰੇ ਮਗਰੋਂ ਇਸ ਮੁੱਦੇ 'ਤੇ ਪੂਰਨ ਸਹਿਮਤੀ ਪ੍ਰਗਟਾਈ ਹੈ ਕਿ ਯੂਨੀਫ਼ਾਰਮ ਸਿਵਲ ਕੋਡ ਦੀ ਦੇਸ਼ ਅੰਦਰ ਕਿਸੇ ਤਰ੍ਹਾਂ ਦੀ ਵੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨ ਵੀ ਅਨੇਕਤਾ 'ਚ ਏਕਤਾ ਦੇ ਸਿਧਾਂਤ ਨੂੰ ਮਾਨਤਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀਆਂ ਮਰਿਆਦਾਵਾਂ ਨੂੰ ਕਿਸੇ ਕਾਨੂੰਨ ਦੀ ਕਸੌਟੀ 'ਤੇ ਨਹੀਂ ਪਰਖਿਆ ਜਾ ਸਕਦਾ। ਇਸ ਲਈ ਸਿੱਖ ਕੌਮ ਯੂਸੀਸੀ ਦਾ ਵਿਰੋਧ ਕਰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ 21ਵੇਂ ਲਾਅ ਕਮਿਸ਼ਨ ਨੇ ਵੀ ਯੂਸੀਸੀ ਨੂੰ ਮੁੱਢੋਂ ਰੱਦ ਕਰਦਿਆਂ ਦਲੀਲ ਦਿੱਤੀ ਸੀ ਕਿ ਅਜਿਹੇ ਕਾਨੂੰਨ ਦੀ ਨਾ ਸਾਰਥਿਕਤਾ ਅਤੇ ਨਾ ਹੀ ਲੋੜ ਹੈ। ਅੰਤ੍ਰਿੰਗ ਕਮੇਟੀ ਦੇ ਹੋਰ ਫੈਸਲਿਆਂ ਬਾਰੇ ਐਡਵੋਕੇਟ ਧਾਮੀ ਨੇ ਦੱਸਿਆ ਕਿ 1984 ਵਿਚ ਦਿੱਲੀ ਦੇ ਪੁਲਬੰਗਸ਼ ਗੁਰਦੁਆਰਾ ਸਾਹਿਬ ਵਿਖੇ ਤਿੰਨ ਸਿੱਖਾਂ ਦੇ ਕਤਲੇਆਮ ਦੇ ਦੋਸ਼ੀ ਜਗਦੀਸ਼ ਟਾਈਟਲਰ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ ਕੇਸਾਂ ਦੀ ਪੈਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਟਾਈਟਲਰ ਵਿਰੁੱਧ ਇਸ ਮਾਮਲੇ 'ਤੇ ਸੀਬੀਆਈ ਵੱਲੋਂ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ ਅਤੇ ਇਸ ਵਿਰੁੱਧ ਕੇਸ ਲੜਨ ਵਾਲੇ ਵਕੀਲਾਂ ਦੀਆਂ ਫੀਸਾਂ ਸ਼੍ਰੋਮਣੀ ਕਮੇਟੀ ਵੱਲੋਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਦਿੱਲੀ ਕਮੇਟੀ ਵੱਲੋਂ ਪੈਰ ਪਿੱਛੇ ਕਰਨ ਮਗਰੋਂ ਹੁਣ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਕੇਸਾਂ ਦੀ ਪੈਰਵਾਈ ਕਰਨ ਦਾ ਫੈਸਲਾ ਲਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਪੁਰਾਤਨ ਹੱਥ ਲਿਖਤ ਪਾਵਨ ਸਰੂਪਾਂ ਨੂੰ ਡਿਜੀਟਾਈਜ਼ ਕਰਨ ਵਾਸਤੇ ਪ੍ਰਾਜੈਕਟ ਸਥਾਪਤ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਿਰਧ ਹੋ ਚੁੱਕੇ ਪਾਵਨ ਸਰੂਪਾਂ ਦੇ ਸੰਸਕਾਰ ਲਈ ਪੁੱਜਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਵਿੱਚੋਂ ਪੁਰਾਤਨ ਹੱਥ ਲਿਖਤ ਸਰੂਪਾਂ ਦੀ ਪਛਾਣ ਕਰਕੇ ਇਸ ਤਹਿਤ ਡਿਜੀਟਾਈਜ਼ ਕੀਤਾ ਜਾਵੇਗਾ। ਇਹ ਫੈਸਲਾ ਸਿੱਖ ਕੌਮ ਦੀ ਪੁਰਾਤਨ ਕੀਮਤੀ ਵਿਰਾਸਤ ਨੂੰ ਸੰਭਾਲਣ ਦੇ ਨਜ਼ਰੀਏ ਤੋਂ ਕੀਤਾ ਗਿਆ ਹੈ। ਇਸ ਦੌਰਾਨ ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈਆਂ ਪ੍ਰਬੰਧਕੀ ਬੇਨਿਯਮੀਆਂ ਦੇ ਮਾਮਲੇ ਵਿਚ ਮੁਅੱਤਲ ਕੀਤੇ ਮੁਲਾਜ਼ਮਾਂ ਵੱਲੋਂ ਪੁੱਜੇ ਪੱਖ ਵਿਚਾਰਨ ਲਈ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ। ਇਸ ਕਮੇਟੀ ਵਿਚ ਸ. ਬਲਦੇਵ ਸਿੰਘ ਕਿਆਮਪੁਰ, ਭਾਈ ਗੁਰਚਰਨ ਸਿੰਘ ਗਰੇਵਾਲ, ਬਾਬਾ ਗੁਰਪ੍ਰੀਤ ਸਿੰਘ, ਸ. ਸ਼ੇਰ ਸਿੰਘ ਮੰਡਵਾਲਾ ਅਤੇ ਸ. ਸੁਰਜੀਤ ਸਿੰਘ ਤੁਗਲਵਾਲ ਨੂੰ ਸ਼ਾਮਲ ਕੀਤਾ ਹੈ।

ਪ੍ਰਧਾਨ ਧਾਮੀ ਨੇ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਅਜਿਹੇ ਕਾਨੂੰਨ ਦੇਸ਼ ਦੀ ਘੱਟ ਗਿਣਤੀ ਲੋਕਾਂ ਦੀ ਹੋਂਦ ਅਤੇ ਉਨ੍ਹਾਂ ਦੀਆਂ ਧਾਰਮਿਕ ਰਸਮਾਂ, ਪਰੰਪਰਾਵਾਂ ਤੇ ਸੱਭਿਆਚਾਰ ਦਾ ਘਾਣ ਕਰਨ ਦੇ ਬਰਾਬਰ ਹਨ। ਉਨ੍ਹਾਂ ਕਿਹਾ ਕਿ ਅਸੀਂ ਇਸ ਅਧਾਰ 'ਤੇ ਦੇਸ਼ ਦੀ ਸਰਕਾਰ ਵੱਲੋਂ ਲਿਆਂਦੇ ਮਤੇ ਦਾ ਸਖ਼ਤ ਵਿਰੋਧ ਕਰਦੇ ਹਾਂ। ਇਸ ਦੇ ਨਾਲ ਉਨ੍ਹਾਂ ਨੇ ਗੁਰਬਾਣੀ ਪ੍ਰਸਾਰਨ ਮਾਮਲੇ 'ਤੇ ਗੱਲ ਕਰਦਿਆਂ ਕਿਹਾ ਕਿ ਇਸ ਸਬੰਧੀ ਇਕ ਕਮੇਟੀ ਬਣੀ ਹੈ ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਕਰ ਰਹੇ ਹਨ। ਉਨ੍ਹਾਂ ਕਿਹਾ ਇਸ ਬਾਰੇ ਅਜੇ ਮੀਟਿੰਗਾਂ ਚੱਲ ਰਹੀਆਂ ਹਨ ਅਤੇ ਕੁਝ ਹੀ ਦਿਨਾਂ ਬਾਅਦ ਇਸ ਬਾਰੇ ਦੱਸ ਦਿੱਤਾ ਜਾਵੇਗਾ।

## ਲਖੀਮਪੁਰ ਖੀਰੀ ਹਿੰਸਾ: ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ 'ਚ ਵਾਧਾ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਦਿੱਤੀ ਅੰਤਰਿਮ ਜ਼ਮਾਨਤ ਦੀ ਮਿਆਦ 26 ਸਤੰਬਰ ਤੱਕ ਵਧਾ ਦਿੱਤੀ ਹੈ। ਬੈਂਚ ਨੇ ਕਿਹਾ ਕਿ ਕੇਸ ਦਾ ਟਰਾਇਲ ਜਾਰੀ ਹੈ ਤੇ ਕੇਸ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਇਸ ਤੋਂ ਪਹਿਲਾਂ ਸਿਖਰਲੀ ਕੋਰਟ ਨੇ 24 ਅਪ੍ਰੈਲ ਨੂੰ ਕਿਹਾ ਸੀ ਕਿ ਟਰਾਇਲ ਕੋਰਟ ਨੂੰ ਇਸ ਕੇਸ ਦੀ ਨਿਯਮਤ ਅਧਾਰ 'ਤੇ ਸੁਣਵਾਈ ਕਰਨ ਲਈ ਕਹਿਣਾ ਸੰਭਵ ਨਹੀਂ ਹੈ, ਕਿਉਂਕਿ ਇਸ ਨਾਲ ਹੋਰਨਾਂ ਬਕਾਇਆ ਕੇਸਾਂ 'ਤੇ ਅਸਰ ਪੈ ਸਕਦਾ ਹੈ।



## ਰਾਸ਼ਟਰਵਾਦੀ ਕਾਂਗਰਸ ਪਾਰਟੀ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਸਤਵੰਤ ਸਿੰਘ ਖੁਣ ਖੁਣ ਨੇ ਇੱਕ ਵਿਸ਼ੇਸ਼ ਮੀਟਿੰਗ ਬੁਲਾਈ

ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਅੱਜ ਟਾਂਡਾ ਵਿਖੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਸਤਵੰਤ ਸਿੰਘ ਖੁਣ ਖੁਣ ਨੇ ਇੱਕ ਵਿਸ਼ੇਸ਼ ਮੀਟਿੰਗ ਬੁਲਾਈ। ਜਿਸ ਵਿਚ ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਪਾਰਟੀ ਵਿੱਚ ਜੋ ਵਿਵਾਦ ਚੱਲ ਰਿਹਾ ਹੈ ਉਸ ਵਿਚ ਜਿਲਾ ਹੁਸ਼ਿਆਰਪੁਰ ਦੀ ਸਾਰੀ ਟੀਮ ਰਾਸ਼ਟਰੀਆ ਅਧਿਅਕਸ਼ ਸ਼ਰਦ ਪਵਾਰ ਦੇ ਨਾਲ ਹੈ ਅਤੇ ਉਨ੍ਹਾਂ ਵੱਲੋਂ ਜੋ ਵੀ ਨਿਰਦੇਸ਼ ਜਾਰੀ ਕੀਤੇ ਜਾਣਗੇ ਅਸੀਂ ਉਨ੍ਹਾਂ ਦਾ ਪਾਲਣ ਕਰਾਂਗੇ । ਇਸ ਮੌਕੇ ਉਨ੍ਹਾਂ ਨੇ ਇਕ ਹਲਫੀਆ ਬਿਆਨ ਐਫੀਡੇਵਿਟ ਰਾਹੀਂ ਪਾਰਟੀ ਨੂੰ ਸਮਰਥਨ ਦਿੱਤਾ । ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਜਨਰਲ ਸਕੱਤਰ ਦਵਿੰਦਰ ਚੋਲਾਂਗ, ਜਿਲ੍ਹਾ ਸਕੱਤਰ ਹੇਮ ਰਾਜ ਪਰਵਾਨਾ, ਜ਼ਿਲਾ ਕਾਰਜਕਾਰਨੀ ਮੈਂਬਰ ਬਲਵਿੰਦਰ ਸਾਵੀ, ਹਰਬੰਸ ਸਿੰਘ ਆਦਿ ਹਾਜ਼ਰ ਸਨ ।



*ਸੁੱਕੇ ਪ੍ਰਸ਼ਾਦਿਆਂ ਦਾ ਮਾਮਲਾ*

# ਮੁਅੱਤਲ ਮੁਲਾਜ਼ਮਾਂ ਨੂੰ ਇਨਸਾਫ਼ ਦੀ ਆਸ, ਸਬ-ਕਮੇਟੀ ਬਣਨ ਤੇ ਮੁੜ ਜਾਂਚ ਦੇ ਆਦੇਸ਼ਾਂ ਨਾਲ ਪੱਖ ਰੱਖਣ ਦਾ ਮਿਲੇਗਾ ਮੌਕਾ




ਅੰਮ੍ਰਿਤਸਰ : ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿੱਚ ਬਚੇ ਹੋਏ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ 'ਚ ਹੋਈ ਬੇਨਿਯਮੀ ਦੇ ਮਾਮਲੇ ਦੀ ਮੁੜ ਜਾਂਚ ਦੇ ਆਦੇਸ਼ ਦਿੱਤੇ ਜਾਣ ਤੋਂ ਬਾਅਦ ਇਸ ਮਾਮਲੇ ਵਿੱਚ ਫਸੇ ਕਈ ਕਰਮਚਾਰੀਆਂ ਨੇ ਰਾਹਤ ਮਹਿਸੂਸ ਕੀਤੀ ਹੈ। ਇਸ ਨਾਲ ਉਨ੍ਹਾਂ ਨੂੰ ਇਨਸਾਫ ਮਿਲਣ ਦੀ ਆਸ ਬੱਝੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿੱਚ 51 ਕਰਮਚਾਰੀ ਮੁਅੱਤਲ ਕੀਤੇ ਗਏ ਹਨ, ਜਿਨ੍ਹਾਂ 'ਚ ਸਟੋਰਕੀਪਰ, ਸੁਪਰਵਾਈਜ਼ਰ, ਇੰਸਪੈਕਟਰ ਅਤੇ ਮੈਨੇਜਰ ਪੱਧਰ ਤੇ ਅਧਿਕਾਰੀ ਸ਼ਾਮਲ ਹਨ। ਇਸ ਮਾਮਲੇ ਵਿਚ ਫਸੇ ਕਰਮਚਾਰੀਆਂ ਵੱਲੋਂ ਹਾਲ ਹੀ ਵਿੱਚ ਲਿਖਤੀ ਰੂਪ ਵਿੱਚ ਆਪਣਾ ਰੋਸ ਦਰਜ ਕਰਵਾਇਆ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਰੋਸ ਪੱਤਰ ਦੇ ਕੇ ਉਨ੍ਹਾਂ ਅਫਸੋਸ ਦਾ ਪ੍ਰਗਟਾਵਾ ਕੀਤਾ ਸੀ ਕਿ ਉਨ੍ਹਾਂ ਦਾ ਪੱਖ ਸੁਣੇ ਬਨਿਾਂ ਹੀ ਸਜ਼ਾ ਸੁਣਾ ਦਿੱਤੀ ਗਈ ਹੈ। ਉਹ ਇਸ ਮਾਮਲੇ ਵਿੱਚ ਸਿੱਧੇ ਰੂਪ ਵਿੱਚ ਸ਼ਾਮਲ ਨਹੀਂ ਹਨ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਲਈ ਇਕ ਸਬ-ਕਮੇਟੀ ਬਣਾਈ ਗਈ ਹੈ, ਜਿਸ 'ਚ ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਸ਼ਾਮਲ ਕੀਤੇ ਗਏ ਹਨ। ਸਬ-ਕਮੇਟੀ ਦੇ ਮੈਂਬਰਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ, ਸ਼ੇਰ ਸਿੰਘ ਮੰਡ ਵਾਲਾ ਅਤੇ ਸੁਰਜੀਤ ਸਿੰਘ ਤੁਗਲਵਾਲ ਸ਼ਾਮਲ ਹਨ। ਇਸ ਮਾਮਲੇ 'ਚ ਫਸੇ ਮੈਨੇਜਰ ਪੱਧਰ ਦੇ ਕੁੱਝ ਕਰਮਚਾਰੀਆਂ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਪੱਖ ਵੀ ਸੁਣਿਆ ਜਾਵੇਗਾ, ਜਿਸ ਨਾਲ ਉਹ ਰਾਹਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨਾਲ ਉਨ੍ਹਾਂ ਨੂੰ ਨਿਆਂ ਮਿਲਣ ਦਾ ਭਰੋਸਾ ਮਿਲਿਆ ਹੈ।

**ਮੁਲਾਜ਼ਮਾਂ ਦੇ ਹੱਕਾਂ ਨੂੰ ਧਿਆਨ 'ਚ ਰੱਖਦਿਆਂ ਲਿਆ ਗਿਆ ਫ਼ੈਸਲਾ: ਗਰੇਵਾਲ**

ਸਬ-ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਇਹ ਕਦਮ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੇ ਹੱਕਾਂ ਨੂੰ ਧਿਆਨ ਵਿੱਚ ਰੱਖਦਿਆਂ ਚੁੱਕਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿੱਚ ਫਲਾਇੰਗ ਵਿਭਾਗ ਵੱਲੋਂ ਪੇਸ਼ ਕੀਤੀ ਗਈ ਜਾਂਚ ਰਿਪੋਰਟ ਦੇ ਆਧਾਰ 'ਤੇ 51 ਕਰਮਚਾਰੀਆਂ ਨੂੰ ਮੁਅੱਤਲ ਕੀਤਾ ਸੀ। ਇਸ ਮਾਮਲੇ ਵਿੱਚ ਮੁਅੱਤਲ ਕੀਤੇ ਗਏ ਕਰਮਚਾਰੀਆਂ ਨੂੰ ਹੁਣ ਉਨ੍ਹਾਂ ਦਾ ਲਿਖਤੀ ਜਾਂ ਵਿਅਕਤੀਗਤ ਤੌਰ 'ਤੇ ਪੱਖ ਰੱਖਣ ਦਾ ਮੌਕਾ ਦਿੱਤਾ ਜਾਵੇਗਾ ਪਰ ਅਗਲੇ ਹੁਕਮਾਂ ਤੱਕ ਇਹ ਸਾਰੇ ਕਰਮਚਾਰੀ ਮੁਅੱਤਲ ਹੀ ਰਹਿਣਗੇ।

*1984 ਸਿੱਖ ਵਿਰੋਧੀ ਦੰਗੇ*

# ਟਾਈਟਲਰ ਖ਼ਿਲਾਫ਼ ਚਾਰਜਸ਼ੀਟ 'ਤੇ 19 ਨੂੰ ਫ਼ੈਸਲਾ ਕਰੇਗੀ ਅਦਾਲਤ



ਨਵੀਂ ਦਿੱਲੀ : ਇਥੋਂ ਦੀ ਅਦਾਲਤ 19 ਜੁਲਾਈ ਨੂੰ ਫੈਸਲਾ ਕਰੇਗੀ ਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਥਿਤ ਪੁਲ ਬੰਗਸ਼ ਕਤਲੇਆਮ ਨਾਲ ਸਬੰਧਤ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ ?ਲਾਫ਼ ਚਾਰਜਸ਼ੀਟ ਦਾ ਨੋਟਿਸ ਲੈਣਾ ਹੈ ਜਾਂ ਨਹੀਂ। ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ (ਏਸੀਐੱਮਐੱਮ) ਵਿਧੀ ਗੁਪਤਾ ਆਨੰਦ ਨੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਨਾਲ-ਨਾਲ ਸ਼ਿਕਾਇਤਕਰਤਾ ਵੱਲੋਂ ਪੇਸ਼ ਹੋਏ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ 7 ਜੁਲਾਈ ਨੂੰ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਜੱਜ ਨੇ ਅਦਾਲਤ ਦੇ ਕਰਮਚਾਰੀਆਂ ਨੂੰ ਇਹ ਵੀ ਦੇਖਣ ਲਈ ਕਿਹਾ ਕਿ ਕੀ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਅਦਾਲਤ ਤੋਂ ਪ੍ਰਾਪਤ ਕੇਸ ਰਿਕਾਰਡ ਪੂਰਾ ਹੈ ਜਾਂ ਨਹੀਂ। ਉਨ੍ਹਾਂ ਇਸ ਮਾਮਲੇ ਦੀ ਅਗਲੀ ਸੁਣਵਾਈ 19 ਜੁਲਾਈ ਤੱਕ ਰਿਪੋਰਟ ਦਾਖ਼ਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਜੱਜ ਨੇ ਕਿਹਾ ਕਿ ਕੜਕੜਡੂਮਾ ਵਿੱਚ ਅਦਾਲਤ ਦੇ ਕਰਮਚਾਰੀ ਵੱਲੋਂ ਦਾਇਰ ਦਸਤਾਵੇਜ਼ ਬਹੁਤ ਜ਼ਿਆਦਾ ਹਨ ਅਤੇ ਇਸ ਵਿੱਚ ਸੱਤ ਨਿਆਂਇਕ ਫਾਈਲਾਂ ਸਨ। ਉਨ੍ਹਾਂ ਨੇ ਸੀਬੀਆਈ ਨੂੰ ਟਾਈਟਲਰ ਦੀ ਆਵਾਜ਼ ਦੇ ਨਮੂਨਿਆਂ ਦੀ ਫੋਰੈਂਸਿਕ ਜਾਂਚ ਸਬੰਧੀ ਫੋਰੈਂਸਿਕ ਸਾਇੰਸ ਲੈਬਾਰਟਰੀ (ਐਫਐਸਐਲ) ਦੀ ਰਿਪੋਰਟ ਦਾਇਰ ਕਰਨ ਦੇ ਨਿਰਦੇਸ਼ ਦਿੱਤੇ। ਸੀਬੀਆਈ ਨੇ ਇਸ ਮਾਮਲੇ ਵਿੱਚ ਟਾਈਟਲਰ ਖ਼ਿਲਾਫ਼ 20 ਮਈ ਨੂੰ ਚਾਰਜਸ਼ੀਟ ਦਾਖ਼ਲ ਕੀਤੀ ਸੀ।

# ਪੱਛਮੀ ਬੰਗਾਲ ਦੀਆਂ ਪੰਚਾਇਤੀ ਚੋਣਾਂ 'ਚ ਹਿੰਸਾ ਦੇ ਨੰਗੇ ਨਾਚ ਨੇ ਖੜ੍ਹੇ ਕੀਤੇ ਕਈ ਤਰ੍ਹਾਂ ਦੇ ਸਵਾਲ



ਪੱਛਮੀ ਬੰਗਾਲ ਦੀਆਂ ਪੰਚਾਇਤ ਚੋਣਾਂ 'ਚ ਵੋਟਾਂ ਪਾਉਣ ਵਾਲੇ ਦਿਨ ਭਿਆਨਕ ਹਿੰਸਕ ਵਾਰਦਾਤਾਂ ਦਾ ਵਾਪਰਨਾ ਇਸ ਇਕੱਲੇ ਸੂਬੇ ਲਈ ਹੀ ਨਹੀਂ ਸਗੋਂ ਦੇਸ਼ ਦੇ ਨਾਗਰਿਕਾਂ ਲਈ ਯਕੀਨੀ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਜਮਹੂਰੀਅਤ ਲਈ ਅਜਿਹੀ ਹਿੰਸਾ ਠੀਕ ਨਹੀਂ ਹੈ। ਇਹ ਹੋਰ ਵੀ ਚਿੰਤਾਜਨਕ ਮਾਮਲਾ ਹੈ ਕਿ ਪੰਚਾਇਤ ਚੋਣਾਂ ਦੌਰਾਨ ਵੱਡੇ ਪੱਧਰ 'ਤੇ ਹਿੰਸਾ ਫੈਲਣ ਦਾ ਖ਼ਦਸ਼ਾ ਪਹਿਲਾਂ ਤੋਂ ਹੀ ਸੀ ਪਰ ਉਸ ਨੂੰ ਰੋਕਿਆ ਨਹੀਂ ਜਾ ਸਕਿਆ। ਸੂਬਾਈ ਚੋਣ ਕਮਿਸ਼ਨ ਭਾਵੇਂ ਜੋ ਮਰਜ਼ੀ ਦਾਅਵੇ ਕਰੇ, ਉਹ ਆਜ਼ਾਦਾਨਾ ਤੇ ਨਿਰਪੱਖ ਚੋਣਾਂ ਕਰਵਾਉਣ ਤੋਂ ਅਸਮਰੱਥ ਰਿਹਾ।

ਅਜੋਕੇ ਅਤਿ ਆਧੁਨਿਕ ਭਾਰਤ 'ਚ ਅਜਿਹੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਵੋਟਿੰਗ ਪੇਪਰ ਲੁੱਟੇ ਜਾਣ, ਜਬਰੀ ਵੋਟਿੰਗ ਕਰਵਾਈ ਜਾਵੇ, ਸ਼ਰਾਰਤੀ ਅਨਸਰ ਬਕਸੇ ਲੈ ਕੇ ਨੱਸ ਜਾਣ ਤੇ ਉਨ੍ਹਾਂ ਨੂੰ ਤਲਾਬਾਂ, ਨਾਲਿਆਂ 'ਚ ਸੁੱਟ ਦੇਣ ਜਾਂ ਫਿਰ ਅੱਗ ਦੇ ਹਵਾਲੇ ਕਰ ਦੇਣ। ਬੰਗਾਲ 'ਚ ਸਿਰਫ਼ ਇਹੋ ਨਹੀਂ ਹੋਇਆ ਸਗੋਂ ਪੋਲਿੰਗ ਸਟੇਸ਼ਨਾਂ 'ਤੇ ਸ਼ਰੇਆਮ ਬੰਬ ਸੁੱਟੇ ਗਏ ਤੇ ਗੋਲ਼ੀਆਂ ਵਰ੍ਹਾਈਆਂ ਗਈਆਂ। ਵਿਰੋਧੀ ਪਾਰਟੀਆਂ ਦੇ ਕਾਰਕੁੰਨਾਂ ਤੇ ਉਮੀਦਵਾਰਾਂ 'ਤੇ ਕਾਤਲਾਨਾ ਹਮਲੇ ਵੀ ਕੀਤੇ ਗਏ। ਚੋਣ ਹਿੰਸਾ 'ਚ ਮਰਨ ਵਾਲਿਆਂ ਦਾ ਸਰਕਾਰੀ ਅੰਕੜਾ ਭਾਵੇਂ ਕੁਝ ਵੀ ਦੱਸਿਆ ਜਾਵੇ, ਇਸ ਹਿੰਸਾ 'ਚ ਇਕ ਦਰਜਨ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ। ਇਸ ਚੋਣ ਹਿੰਸਾ ਦੌਰਾਨ ਮਰਨ ਵਾਲੇ ਸਾਰੀਆਂ ਹੀ ਪਾਰਟੀਆਂ ਦੇ ਲੋਕ ਹਨ, ਇਸ ਲਈ ਇਹ ਸਪੱਸ਼ਟ ਹੈ ਕਿ ਹਿੰਸਾ ਦਾ ਜਵਾਬ ਹਿੰਸਾ ਨਾਲ ਦਿੱਤਾ ਜਾ ਰਿਹਾ ਹੈ। ਬੰਗਾਲ 'ਚ ਹਰ ਪੱਧਰ ਦੀਆਂ ਚੋਣਾਂ 'ਚ ਜਿਵੇਂ ਹਿੰਸਕ ਵਾਰਦਾਤਾਂ ਵਾਪਰਦੀਆਂ ਹਨ, ਉਹੋ ਜਿਹੀਆਂ ਕਿਸੇ ਵੇਲੇ ਦੇਸ਼ ਦੇ ਹੋਰਨਾਂ ਹਿੱਸਿਆਂ 'ਚ ਵੀ ਹੁੰਦੀਆਂ ਸਨ ਪਰ ਹੁਣ ਉਹ ਬੀਤੇ ਦੀ ਗੱਲ ਬਣ ਚੁੱਕੀਆਂ ਹਨ। ਇਸ ਨਤੀਜੇ 'ਤੇ ਪੁੱਜਣ ਤੋਂ ਇਲਾਵਾ ਹੋਰ ਕੋਈ ਉਪਾਅ ਨਹੀਂ ਹੈ ਕਿ ਅਜਿਹੇ ਮਾੜੇ ਸਿਆਸੀ ਸੱਭਿਆਚਾਰ ਕਾਰਨ ਪੱਛਮੀ ਬੰਗਾਲ ਚੋਣ ਹਿੰਸਾ ਦੇ ਮਾਮਲੇ 'ਚ ਅੱਜ ਵੀ ਉੱਥੇ ਹੀ ਖੜ੍ਹਾ ਹੈ, ਜਿੱਥੇ ਉਹ ਚਾਰ-ਪੰਜ ਦਹਾਕੇ ਪਹਿਲਾਂ ਖੜ੍ਹਾ ਸੀ।

ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੇ ਬਾਅਦ 'ਚ ਬੰਗਾਲ 'ਚ ਸੱਤਾਧਾਰੀ ਪਾਰਟੀ ਦੇ ਲੋਕਾਂ ਨੇ ਕਿਸ ਤਰ੍ਹਾਂ ਆਪਣੇ ਵਿਰੋਧੀਆਂ ਨੂੰ ਖ਼ੌਫ਼ਜ਼ਦਾ ਕੀਤਾ ਸੀ। ਇਹ ਸੱਤਾਧਾਰੀ ਪਾਰਟੀ ਦੀ ਹੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਹਿੰਸਾ ਰੋਕੇ। ਹੈਰਾਨ ਤੇ ਅਫ਼ਸੋਸ ਦੀ ਗੱਲ ਇਹ ਹੈ ਕਿ ਕੇਂਦਰੀ ਬਲਾਂ ਦੀ ਤਾਇਨਾਤੀ ਤੋਂ ਬਾਅਦ ਵੀ ਬੰਗਾਲ 'ਚ ਰੱਜ ਕੇ ਹਿੰਸਕ ਵਾਰਦਾਤਾਂ ਵਾਪਰੀਆਂ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਆਖ਼ਰ ਉਨ੍ਹਾਂ ਬਲਾਂ ਦੀ ਯੋਗ ਵਰਤੋਂ ਕਿਉਂ ਨਹੀਂ ਕੀਤੀ ਗਈ।

ਪੰਚਾਇਤਾਂ 'ਤੇ ਕਬਜ਼ੇ ਦੀ ਇਸ ਦੌੜ ਦੌਰਾਨ ਇਸ ਲਈ ਵੀ ਖ਼ੂਨ-ਖ਼ਰਾਬਾ ਹੋ ਰਿਹਾ ਹੈ ਕਿਉਂਕਿ ਪੇਂਡੂ ਵਿਕਾਸ ਲਈ ਚੋਖਾ ਧਨ ਮਿਲਦਾ ਹੈ ਤੇ ਇਹ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਵਿਕਾਸ ਕਾਰਜਾਂ ਲਈ ਜਾਰੀ ਹੋਣ ਵਾਲੀ ਰਕਮ ਦਾ ਇਕ ਵੱਡਾ ਹਿੱਸਾ ਕਿਸ ਤਰ੍ਹਾਂ ਭ੍ਰਿਸ਼ਟ ਤੱਤਾਂ ਦੀ ਜੇਬ 'ਚ ਜਾਂਦਾ ਹੈ।

# 80 ਲੋਕਾਂ ਦੀ ਮੌਤ, 100 ਘਰ ਤਬਾਹ, 1300 ਸੜਕਾਂ ਬੰਦ ਤੇ 1050 ਕਰੋੜ ਦਾ ਨੁਕਸਾਨ... ਹਿਮਾਚਲ 'ਚ ਹੜ੍ਹ ਨੇ ਮਚਾਈ ਤਬਾਹੀ







ਸ਼ਿਮਲਾ : ਹਿਮਾਚਲ ਵਿਚ ਮੌਨਸੂਨ ਦੀ ਬਾਰਿਸ਼ ਨੇ ਤਬਾਹੀ ਮਚਾ ਦਿੱਤੀ ਹੈ। ਹਿਮਾਚਲ ਪ੍ਰਦੇਸ਼ 'ਚ ਹੜ੍ਹ ਕਾਰਨ ਹੁਣ ਤਕ 80 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਵਿਚ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਵੀ ਸ਼ਾਮਿਲ ਹਨ। ਇਸ ਦੇ ਨਾਲ ਹੀ 470 ਪਾਲਤੂ ਜਾਨਵਰਾਂ ਦੀ ਮੌਤ ਹੋਈ ਹੈ। ਹੁਣ ਤੱਕ ਮੌਨਸੂਨ ਨੇ 100 ਘਰ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਹਨ, ਜਦੋਂਕਿ 350 ਘਰਾਂ ਨੂੰ ਨੁਕਸਾਨ ਪਹੁੰਚਿਆ ਹੈ।

**ਦਸ ਲੋਕ ਅਜੇ ਵੀ ਲਾਪਤਾ** : 10 ਲੋਕ ਅਜੇ ਵੀ ਲਾਪਤਾ ਹਨ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਉੱਥੇ ਹੀ 900 ਲੋਕ ਫਸੇ ਹੋਏ ਹਨ, ਜਿਨ੍ਹਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਫੌਜ ਦੇ ਹੈਲੀਕਾਪਟਰ ਰਾਹੀਂ ਚੰਦਰਤਾਲ ਤੋਂ ਪੰਜ ਬਿਮਾਰ ਅਤੇ ਬਜ਼ੁਰਗ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਚੰਦਰਤਾਲ 'ਚ ਕਰੀਬ 350 ਲੋਕ ਫਸੇ ਹੋਏ ਹਨ। ਹੁਣ ਤੱਕ 1050 ਕਰੋੜ ਰੁਪਏ ਦੇ ਨੁਕਸਾਨ ਦਾ ਅੰਦਾਜ਼ਾ ਲਗਾਇਆ ਜਾ ਚੁੱਕਾ ਹੈ। ਇਸ ਸਬੰਧੀ ਅਧਿਕਾਰੀ ਤੇ ਕਰਮਚਾਰੀ ਮੁਲਾਂਕਣ ਕਰ ਰਹੇ ਹਨ।

**1299 ਸੜਕਾਂ ਆਵਾਜਾਈ ਲਈ ਬੰਦ** : ਮੌਸਮ ਵਿਭਾਗ ਵੱਲੋਂ ਜਾਰੀ ਤਾਜ਼ਾ ਭਵਿੱਖਬਾਣੀ ਮੁਤਾਬਿਕ ਅਗਲੇ ਤਿੰਨ ਦਿਨਾਂ ਯਾਨੀ ਸ਼ੁੱਕਰਵਾਰ ਤਕ ਮੌਸਮ ਸਾਫ਼ ਰਹਿਣ ਦੀ ਸੰਭਾਵਨਾ ਹੈ। ਸ਼ਨਿਚਰਵਾਰ 15 ਜੁਲਾਈ ਤੋਂ ਪੱਛਮੀ ਗੜਬੜੀ ਦੇ ਇਕ ਵਾਰ ਫਿਰ ਸਰਗਰਮ ਹੋਣ ਦੀ ਉਮੀਦ ਹੈ। ਇਸ ਕਾਰਨ ਮੀਂਹ ਪੈਣ ਦੀ ਸੰਭਾਵਨਾ ਹੈ। ਸੂਬੇ ਵਿਚ ਤਿੰਨ ਕੌਮੀ ਮਾਰਗਾਂ ਸਮੇਤ 1299 ਸੜਕਾਂ ਆਵਾਜਾਈ ਲਈ ਬੰਦ ਹਨ।

**ਫਸੇ ਲੋਕਾਂ ਨੂੰ ਕੱਢਣ ਦੀ ਕੀਤੀ ਜਾ ਰਹੀ ਕੋਸ਼ਿਸ਼** : ਸ਼ੁੱਕਰਵਾਰ ਨੂੰ ਸੂਬੇ ਦੇ ਸੁੰਦਰਨਗਰ ਸਮੇਤ ਦੋ-ਤਿੰਨ ਥਾਵਾਂ 'ਤੇ ਮੀਂਹ ਪਿਆ, ਜਦੋਂਕਿ ਜ਼ਿਆਦਾਤਰ ਥਾਵਾਂ 'ਤੇ ਬੱਦਲ ਛਾਏ ਰਹੇ। ਆਉਣ ਵਾਲੇ ਦਿਨਾਂ ਵਿਚ ਮੌਸਮ ਸਾਫ਼ ਰਹਿਣ ਨਾਲ ਰਾਹਤ ਅਤੇ ਬਚਾਅ ਕਾਰਜਾਂ ਵਿਚ ਤੇਜ਼ੀ ਆ ਸਕਦੀ ਹੈ। ਮੀਂਹ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਹੁਣ ਤੱਕ 80 ਲੋਕਾਂ ਦੀ ਮੌਤ ਹੋ ਚੁੱਕੀ ਹੈ। ਉੱਥੇ ਫਸੇ ਸੈਲਾਨੀਆਂ ਅਤੇ ਹੋਰ ਲੋਕਾਂ ਨੂੰ ਕੱਢਣ ਦੇ ਯਤਨ ਕੀਤੇ ਜਾ ਰਹੇ ਹਨ।

ਸੂਬੇ 'ਚ ਮੰਗਲਵਾਰ ਨੂੰ ਰੋਹੜੂ 'ਚ ਸੱਤ ਮਿਲੀਮੀਟਰ, ਕੋਟਖਾਈ 'ਚ ਚਾਰ ਮਿਲੀਮੀਟਰ, ਸੁੰਦਰਨਗਰ 'ਚ ਚਾਰ ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਹੈ। ਪਿਛਲੇ 24 ਘੰਟਿਆਂ ਦੌਰਾਨ ਨਾਹਨ ਵਿੱਚ ਸਭ ਤੋਂ ਵੱਧ 256 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਹੈ। ਬੱਦਲਾਂ ਅਤੇ ਧੁੱਪ ਦੇ ਵਿਚਕਾਰ ਵੱਧ ਤੋਂ ਵੱਧ ਤਾਪਮਾਨ ਵਿੱਚ ਤਿੰਨ ਤੋਂ ਨੌਂ ਡਿਗਰੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸੁੰਦਰਨਗਰ ਵਿੱਚ 9.6 ਡਿਗਰੀ, ਮੰਡੀ ਅਤੇ ਊਨਾ ਵਿਚ 9.4 ਡਿਗਰੀ ਦਾ ਵਾਧਾ ਦਰਜ ਕੀਤਾ ਗਿਆ ਹੈ।

# ਟਰੇਸੀ ਕਮਿਊਨਿਟੀ ਦੇ ਦੋ ਹੀਰੇ, ਅਮਰੀਕ ਸਿੰਘ ਅਤੇ ਅਰਵਿੰਦ ਰਾਮ ਦੀ ਯਾਦ 'ਚ, ਟਰੇਸੀ ਸਿਟੀ ਹਾਲ ਵਿਚ ਕੈਂਡਲ ਵਿਜਲ ਕੀਤਾ ਗਿਆ

## ਟੈਸਲਾ ਕਾਰਾਂ ਨੂੰ ਵਾਰ-ਵਾਰ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਚੁੱਕੇ ਸਵਾਲ







ਟਰੇਸੀ (ਹਰਪਾਲ ਸਿੰਘ) : ਬਹੁਤ ਹੀ ਮਿਲਾਪੜੇ, ਮਿੱਠੇ-ਸੁਭਾਅ ਵਾਲੇ ਟਰੇਸੀ ਕਮਿਊਨਿਟੀ ਦੇ ਦੋ ਹੀਰੇ ਅਮਰੀਕ ਸਿੰਘ ਅਤੇ ਅਰਵਿੰਦ ਰਾਮ ਜੋ ਕਿ ਬੀਤੇ ਸ਼ੁੱਕਰਵਾਰ ਨੂੰ ਇਸ ਫ਼ਾਨੀ ਸੰਸਾਰ ਨੂੰ ਇਕ ਐਕਸੀਡੈਂਟ ਰਾਹੀਂ ਅਲਵਿਦਾ ਕਹਿ ਗਏ। ਉਨ੍ਹਾਂ ਦੇ ਇਸ ਵਿਛੋੜੇ ਨਾਲ ਪੂਰੀ ਕਮਿਊਨਿਟੀ ਵਿਚ ਇਕ ਸੋਗ ਦੀ ਲਹਿਰ ਛਾ ਗਈ। ਜਿਸ ਨੇ ਵੀ ਇਸ ਖ਼ਬਰ ਨੂੰ ਸੁਣਿਆ ਉਹ ਯਕੀਨ ਨਹੀਂ ਕਰ ਸਕਿਆ। ਅਮਰੀਕ ਸਿੰਘ ਅਤੇ ਅਰਵਿੰਦ ਰਾਮ ਬਹੁਤ ਹੀ ਪੱਕੇ ਦੋਸਤ ਸਨ, ਜਿਨ੍ਹਾਂ ਦੇ ਸੁਪਨੇ ਆਪਣੀ ਕਮਿਊਨਿਟੀ ਲਈ ਬਹੁਤ ਵੱਡੇ ਸਨ, ਪਰ ਵਾਹਿਗੁਰੂ ਨੂੰ ਜੋ ਮਨਜ਼ੂਰ ਸੀ ਉਹ ਆਪਣੇ ਸੁਪਨੇ ਅਧੂਰੇ ਛੱਡ ਗਏ। ਅਮਰੀਕ ਸਿੰਘ ਅਤੇ ਅਰਵਿੰਦ ਰਾਮ ਜੋ ਕਿ ਟੈਸਲਾ ਕਾਰ ਵਿਚ ਸਵਾਰ ਸਨ, ਜੋ ਕਿ ਕੁਝ ਕੁ ਦਿਨ ਪਹਿਲਾਂ ਖਰੀਦੀ ਸੀ, ਐਕਸੀਡੈਂਟ ਦੌਰਾਨ ਟੈਸਲਾ ਕਾਰ ਨੂੰ ਅੱਗ ਨੇ ਬਹੁਤ ਬੁਰੇ ਤਰੀਕੇ ਨਾਲ ਲਪੇਟ ਵਿਚ ਲੈ ਲਿਆ ਕਿ ਉਹ ਆਪਣੇ ਆਪ ਨੂੰ ਬਚਾ ਨਹੀਂ ਸਕੇ। ਸਵ. ਅਮਰੀਕ ਸਿੰਘ ਜਿਨ੍ਹਾਂ ਦਾ ਪਿਛਲਾ ਪਿੰਡ ਵਾਂਦਰ ਜਟਾਣਾ, ਜ਼ਿਲ੍ਹਾ ਮੁਕਤਸਰ ਸੀ ਜੋ ਕਿ ਵੈਲਸ ਫਾਰਗੋ ਬੈਂਕ ਵਿਚ ਸੀਨੀਅਰ ਵੈਬ ਡਿਵੈਲਪਰ ਸੀ। ਅਮਰੀਕ ਸਿੰਘ ਟਰੇਸੀ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਵੀ ਖੜ੍ਹਾ ਹੋਇਆ ਸੀ, ਬਹੁਤ ਹੀ ਦੂਰ-ਅੰਦੇਸ਼ੀ ਰੱਖਣ ਵਾਲਾ ਗੱਭਰੂ ਸਾਨੂੰ ਅਲਵਿਦਾ ਕਹਿ ਗਿਆ। ਉਸ ਦੀ ਯਾਦ ਵਿਚ ਕੈਂਡਲ ਵਿਜਲ ਜੋ ਕਿ ਮੰਗਲਵਾਰ ਰਾਤ ਟਰੇਸੀ ਸਿਟੀ ਹਾਲ ਵਿਚ ਕੀਤਾ ਗਿਆ ਜਿਸ ਵਿਚ ਆਪਣੀ ਟਰੇਸੀ ਕਮਿਊਨਿਟੀ ਤੋਂ ਇਲਾਵਾ ਟਰੇਸੀ, ਲੈਥਰੋਪ, ਮਨਟੀਕਾ, ਸਟਾਕਟਨ ਤੋਂ ਸਾਰੇ ਆਫੀਸ਼ਲਾ ਅਤੇ ਕਮਿਊਨਿਟੀ ਮੈਂਬਰਾਂ ਨੇ ਸ਼ਰਧਾਂਜਲੀ ਦਿੱਤੀ। ਸਾਰਿਆਂ ਨੇ ਆਖਿਆ ਕਿ ਦੋਵਾਂ ਨੌਜਵਾਨਾਂ ਨੇ ਥੋੜ੍ਹੇ ਸਮੇਂ ਵਿਚ ਬਹੁਤ ਹੀ ਜ਼ਿਆਦਾ ਕਮਿਊਨਿਟੀ ਲਈ ਕੰਮ ਕੀਤੇ। ਉਨ੍ਹਾਂ ਦੇ ਜਾਣ ਨਾਲ ਕਮਿਊਨਿਟੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅਮਰੀਕ ਸਿੰਘ ਦਾ ਅੰਤਮ ਸਸਕਾਰ ਮਿਤੀ ਜੁਲਾਈ 15 ਨੂੰ ਟਰੇਸੀ ਵਿਖੇ ਹੋਵੇਗਾ। ਇਸ ਮੁਸੀਬਤ ਦੀ ਘੜੀ ਵਿਚ ਪਰਿਵਾਰ ਦੀ ਮਦਦ ਕਰਨ ਲਈ ਤੁਸੀਂ GoFundMe 'ਤੇ ਜਾ ਕੇ ਕਰ ਸਕਦੇ ਹੋ।










# ਕਮਿਉਨਟੀ ਦੇ ਨੌਜਵਾਨ ਨਿਸ਼ਕਾਮ ਸੇਵਕ, ਇੰਜੀਨੀਅਰ ਟਰੇਸੀ ਕੈਲੀਫੋਰਨੀਆ ਦੇ ਦੋ ਸਕੇ ਭਰਾਵਾਂ ਵਰਗੇ ਭਿਆਨਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਏ





ਟਰੇਸੀ/ਕੈਲੀਫੋਰਨੀਆਂ : ਕੈਲੀਫੋਰਨੀਆਂ ਕਮਿਉਨਟੀ ਦੇ ਨੌਜਵਾਨ ਨਿਸ਼ਕਾਮ ਸੇਵਕ ਟਰੇਸੀ ਕੈਲੀਫੋਰਨੀਆ ਦੇ ਦੋ ਸਕੇ ਭਰਾਵਾਂ ਵਰਗੇ ਦੋਸਤ ਭਿਆਨਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਏ। ਇਸ ਮੰਦਭਾਗੀ ਖ਼ਬਰ ਨੇ ਪੰਜਾਬੀ ਭਾਈਚਾਰੇ ਨੂੰ ਗਹਿਰੇ ਸਦਮੇ ਵਿੱਚ ਪਾ ਦਿੱਤਾ ਹੈ। ਸ਼ੁੱਕਰਵਾਰ ਰਾਤੀ 9.45 ਵਜੇ ਟਰੇਸੀ ਦੇ ਮਕਾਰਥਰ ਬੁਲੇਵਾਰਡ ਅਤੇ ਗਰੈਂਟ ਲਈਨ ਰੋਡ ਤੇ ਤੇਜ਼ ਰਫ਼ਤਾਰ ਟੈਸਲਾ ਕਾਰ ਫਾਇਰ ਹਾਈਡਰਿੰਟ ਨਾਲ ਟਕਰਾ ਗਈ, ਬਾਅਦ ਵਿੱਚ ਦਰਖ਼ਤ ਨਾਲ ਜਾ ਵੱਜੀ 'ਤੇ ਕਾਰ ਨੂੰ ਅੱਗ ਲੱਗ ਗਈ। ਮਿੰਟਾ ਸਕਿੰਟਾਂ ਵਿੱਚ ਕਾਰ ਅੱਗ ਦੀਆਂ ਲਪਟਾਂ ਵਿੱਚ ਆ ਗਈ ਅਤੇ ਕਾਰ ਵਿੱਚ ਸਵਾਰ ਦੋ ਭਾਰਤੀ ਨੌਜਵਾਨ ਅਰਵਿੰਦ ਰਾਮ (37) (ਮਹਾਰਾਸ਼ਟਰ) ਅਤੇ ਅਮਰੀਕ ਸਿੰਘ ਵਾਂਦਰ (34) ਪਿੰਡ ਵਾਂਦਰ (ਕੋਟਕਪੂਰਾ) ਪੰਜਾਬ, ਮੱਚਦੀ ਕਾਰ ਵਿੱਚ ਜਿਉਂਦੇ ਝੁਲਸਕੇ ਮੌਤ ਦੇ ਮੂੰਹ ਜਾ ਪਏ। ਇਨ੍ਹਾਂ ਦੀ ਕਾਰ ਦੇ ਪਿੱਛੇ ਇਹਨਾਂ ਦੇ ਹੋਰ ਦੋਸਤ ਦੂਸਰੀ ਕਾਰ ਵਿੱਚ ਆ ਰਹੇ ਸਨ, ਜਿਨ੍ਹਾਂ ਨੇ ਆਪਣੇ ਦੋਸਤਾਂ ਨੂੰ ਬਚਾਉਣ ਲਈ ਬਹੁਤ ਵਾਹ ਲਾਈ, ਪਰ ਕਾਰ ਲਾਕ ਹੋ ਗਈ ਅਤੇ ਅੱਗ ਦੀਆਂ ਲਪਟਾਂ ਕਾਰਨ ਉਹ ਵੀ ਕੁਝ ਨਹੀਂ ਕਰ ਸਕੇ ਤੇ ਦੇਖਦੇ ਹੀ ਦੇਖਦੇ ਸਭ ਕੁਝ ਖਤਮ ਹੋ ਗਿਆ। ਗੱਡੀ ਅਰਵਿੰਦ ਰਾਮ ਚਲਾ ਰਿਹਾ ਸੀ। ਮਰਨ ਵਾਲੇ ਨੌਜਵਾਨ ਕਿੱਤੇ ਦੇ ਤੌਰ 'ਤੇ ਇੰਜੀਨੀਅਰ ਸਨ। ਇਹ ਦੋਵੇਂ ਨੌਜਵਾਨ ਬੜੇ ਅਗਾਂਹਵਧੂ ਸਨ ਤੇ ਅਮਰੀਕ ਸਿੰਘ ਵਾਂਦਰ ਸਿਟੀ ਦੀ ਰਾਜਨੀਤੀ ਵਿੱਚ ਵੀ ਸਰਗਰਮ ਰਹਿੰਦਾ ਸੀ। ਇਨ੍ਹਾਂ ਨੌਜਵਾਨਾਂ ਦੀ ਬੇਵਕਤੀ ਮੌਤ ਕਾਰਨ ਟਰੇਸੀ ਏਰੀਏ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇ ਵਿੱਚ ਹੈ। ਪੁਲਿਸ ਘਟਨਾ ਦੇ ਕਾਰਨਾਂ ਦੀ ਤਫ਼ਤੀਸ਼ ਕਰ ਰਹੀ ਹੈ ਅਤੇ ਉਸਨੇ ਭਾਈ ਮਹਾਂ ਸਿੰਘ ਕਾਲਜ ਮੁਕਤਸਰ ਤੋਂ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਸੀ। ਉਹ ਆਪਣੇ ਮਾਤਾ ਪਿਤਾ ਦਾ ਇਕਲੌਤਾ ਪੁੱਤਰ ਸੀ ਅਤੇ 2013 ਵਿਚ ਅਮਰੀਕਾ ਆਇਆ ਸੀ। ਅਮਰੀਕ ਸਿੰਘ ਆਪਣੇ ਪਿਛੇ ਮਾਤਾ, ਪਿਤਾ, ਪਤਨੀ, 8 ਸਾਲ ਦਾ ਬੇਟਾ ਜੋਬਨ ਅਤੇ ਬੇਟੀ ਜਪੁਜੀ ਪੰਜ ਸਾਲ ਨੂੰ ਵਿਲਕਦੇ ਹੋਏ ਛੱਡ ਗਿਆ ਹੈ। ਉਹ ਵੇਲਜ਼ ਫਾਰਗੋ ਕੰਪਨੀ ਵਿਚ ਸੀਨੀਅਰ ਵੈੱਬ ਡਿਵੈੱਲਪਰ ਸੀ।






# ਫੌਜ ਨੇ ਹੈਲੀਕਾਪਟਰ ਰਾਹੀਂ ਜਲੰਧਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਭੋਜਨ, ਪਾਣੀ ਵੰਡਿਆ



ਜਲੰਧਰ : ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਸ਼ਾਹਕੋਟ ਸਬ-ਡਵੀਜ਼ਨ ਅਧੀਨ ਪੈਂਦੇ ਇਨ੍ਹਾਂ ਪਿੰਡਾਂ ਵਿੱਚ ਫਸੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਭਾਰਤੀ ਫੌਜ ਦੇ ਛੇ ਹੈਲੀਕਾਪਟਰ ਸੇਵਾ ਵਿੱਚ ਲਾਏ ਗਏ ਹਨ। ਅਧਿਕਾਰੀਆਂ ਨੇ ਬੁੱਧਵਾਰ ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ 18 ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਭੋਜਨ, ਪਾਣੀ ਅਤੇ ਸੁੱਕੇ ਰਾਸ਼ਨ ਦੇ ਪੈਕੇਟ ਨੂੰ ਹਵਾ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ ਜਦੋਂ ਕਿ ਸੈਂਕੜੇ ਪਰਿਵਾਰ ਘਰਾਂ ਵਿੱਚ ਫਸੇ ਹੋਏ ਸਨ। ਜਲੰਧਰ ਦੇ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਸ਼ਾਹਕੋਟ ਸਬ-ਡਵੀਜ਼ਨ ਅਧੀਨ ਪੈਂਦੇ ਇਨ੍ਹਾਂ ਪਿੰਡਾਂ ਵਿੱਚ ਫਸੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਭਾਰਤੀ ਫੌਜ ਦੇ ਛੇ ਹੈਲੀਕਾਪਟਰ ਸੇਵਾ ਵਿੱਚ ਲਾਏ ਗਏ ਹਨ। ਸ਼ਰਮਾ ਨੇ ਖਾਣ ਪੀਣ ਦੀਆਂ ਵਸਤਾਂ ਅਤੇ ਸੁੱਕੇ ਰਾਸ਼ਨ ਦੇ ਪੈਕੇਟ ਤਿਆਰ ਕਰਨ ਲਈ ਸਮਾਰਟ ਸਿਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਜਤਿੰਦਰ ਜੋਰਵਾਲ ਅਤੇ ਜਲੰਧਰ ਦੇ ਉਪ ਮੰਡਲ ਮੈਜਿਸਟਰੇਟ ਪਰਮਵੀਰ ਸਿੰਘ ਦੀ ਅਗਵਾਈ ਹੇਠ ਇੱਕ ਟੀਮ ਦਾ ਗਠਨ ਕੀਤਾ ਸੀ। ਇਨ੍ਹਾਂ ਪੈਕੇਟਾਂ ਨੂੰ ਬੁੱਧਵਾਰ ਤੜਕੇ ਜਲੰਧਰ ਛਾਉਣੀ ਲਿਜਾਇਆ ਗਿਆ ਜਿੱਥੇ ਇਸ ਨੂੰ ਫੌਜ ਦੇ ਛੇ ਹੈਲੀਕਾਪਟਰਾਂ ਵਿੱਚ ਲੋਡ ਕੀਤਾ ਗਿਆ। ਡਿਪਟੀ ਕਮਿਸ਼ਨਰ ਸ਼ਰਮਾ ਨੇ ਕਿਹਾ ਕਿ ਹਾਲਾਤ ਆਮ ਵਾਂਗ ਹੋਣ ਤੱਕ ਭਾਰਤੀ ਫੌਜ ਦੀ ਮਦਦ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਫੂਡ ਪੈਕਟਾਂ ਦੀ ਹਵਾਬਾਜ਼ੀ ਜਾਰੀ ਰਹੇਗੀ। ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਸ਼ਾਹਕੋਟ ਅਤੇ ਸੁਲਤਾਨਪੁਰ ਲੋਧੀ ਸਬ-ਡਿਵੀਜ਼ਨਾਂ ਦੇ ਘੱਟੋ-ਘੱਟ 80 ਪਿੰਡਾਂ ਵਿੱਚ ਮੰਗਲਵਾਰ ਨੂੰ ਸਤਲੁਜ ਦਰਿਆ ਚਾਰ ਹੋਰ ਥਾਵਾਂ 'ਤੇ ਇਸ ਦੇ ਕੰਢਿਆਂ ਨੂੰ ਤੋੜਨ ਕਾਰਨ ਹੜ੍ਹਾਂ ਦੀ ਮਾਰ ਹੇਠ ਆ ਗਿਆ। ਸ਼ਾਹਕੋਟ ਵਿੱਚ 30,000 ਏਕੜ ਸਮੇਤ 45,000 ਏਕੜ ਤੋਂ ਵੱਧ ਰਕਬੇ ਵਿੱਚ ਫਸਲਾਂ ਹੜ੍ਹ ਦੇ ਪਾਣੀ ਵਿੱਚ ਡੁੱਬ ਗਈਆਂ।



ਜਲੰਧਰ 'ਚ ਲਗਾਤਾਰ ਮੀਂਹ ਕਾਰਨ ਹੜ੍ਹ ਦਾ ਪਾਣੀ ਘਰਾਂ 'ਚ ਦਾਖਲ ਹੋਣ ਕਾਰਨ ਲੋਕ ਪ੍ਰੇਸ਼ਾਨ



ਜਲੰਧਰ 'ਚ ਲਗਾਤਾਰ ਪੈ ਰਹੇ ਮੀਂਹ ਦੌਰਾਨ ਹੜ੍ਹਾਂ ਵਾਲੇ ਇਲਾਕੇ 'ਚੋਂ ਲੰਘਦੇ ਹੋਏ ਲੋਕ।



ਫ਼ੌਜ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਾਏ ਮੈਡੀਕਲ ਕੈਂਪ ਦੌਰਾਨ ਚੈੱਕਅਪ ਕਰਦੇ ਫ਼ੌਜੀ ਜਵਾਨ।



ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਦੌਰਾਨ।



ਪਿੰਡ ਵਾਸੀ ਅਤੇ ਵਲੰਟੀਅਰ ਲੋਹੀਆਂ ਦੇ ਜਾਨੀਆ ਪਿੰਡ ਵਿੱਚ ਹੜ੍ਹ ਦੇ ਪਾਣੀ ਵਿੱਚ ਪਾੜ ਨੂੰ ਪੂੰਟਣ ਲਈ ਰੇਤ ਦੇ ਥੈਲੇ ਅਤੇ ਪੱਥਰ ਚੁੱਕਦੇ ਹੋਏ।



ਪੰਜਾਬ ਦੇ ਸਰਹਿੰਦ ਵਿੱਚ ਮੌਨਸੂਨ ਦੀ ਲਗਾਤਾਰ ਬਾਰਿਸ਼ ਕਾਰਨ ਹੜ੍ਹਾਂ ਵਾਲੇ ਖੇਤਰ ਦਾ ਦ੍ਰਿਸ਼

# ਹਰਦੀਪ ਸਿੰਘ ਨਿੱਝਰ ਦੇ ਕਤਲ ਵਿਰੁੱਧ ਕਨੇਡਾ 'ਚ ਭਾਰਤੀ ਦੂਤਘਰ ਬਾਹਰ ਪ੍ਰਦਰਸ਼ਨ

## ਭਾਰਤੀਆਂ ਵਲੋਂ ਦੂਤਾਵਾਸ ਅਤੇ ਭਾਰਤ ਦੇ ਹੱਕ 'ਚ ਬਰਾਬਰ ਦਾ ਮੁਜ਼ਾਹਰਾ











ਟੋਰਾਂਟੋ/ਕਨੇਡਾ : ਪਿਛਲੇ ਮਹੀਨੇ ਖ਼ਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਅੱਜ ਕੈਨੇਡਾ ਵਿਚ ਸਿੱਖਾਂ ਨੇ ਭਾਰਤੀ ਸਫ਼ਾਰਤਖ਼ਾਨਿਆਂ ਬਾਹਰ ਪ੍ਰਦਰਸ਼ਨ ਕੀਤਾ। ਇਸ ਦੇ ਨਾਲ ਹੀ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਨੇ ਵੀ ਦੂਤਘਰਾਂ ਦੀ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਹਾਲਾਂਕਿ ਕੈਨੇਡਾ ਦੇ ਟੋਰਾਂਟੋ 'ਚ ਭਾਰਤੀ ਸਫ਼ਾਰਤਖ਼ਾਨੇ ਦੇ ਸਾਹਮਣੇ ਸੈਂਕੜੇ ਪ੍ਰਦਰਸ਼ਨਕਾਰੀਆਂ ਦਾ ਭਾਰਤੀ ਲੋਕਾਂ ਨੇ ਤਿਰੰਗਾ ਲਹਿਰਾ ਕੇ ਵਿਰੋਧ ਕੀਤਾ। ਸੋਸ਼ਲ ਮੀਡੀਆ 'ਤੇ ਇਕ ਵਾਇਰਲ ਵੀਡੀਓ 'ਚ ਵੇਖਿਆ ਜਾ ਸਕਦਾ ਹੈ ਕਿ ਇਕ ਪਾਸੇ ਖਾਲਿਸਤਾਨੀ ਸਮਰਥਕ ਭਾਰਤੀ ਸਫ਼ਾਰਤਖ਼ਾਨੇ ਦੇ ਸਾਹਮਣੇ ਨਾਅਰੇਬਾਜ਼ੀ ਕਰ ਰਹੇ ਹਨ। ਦੂਜੇ ਪਾਸੇ ਭਾਰਤੀ ਭਾਈਚਾਰੇ ਦੇ ਲੋਕ ਵੀ ਉਨ੍ਹਾਂ ਦਾ ਸਾਹਮਣਾ ਕਰਨ ਲਈ ਭਾਰਤ ਦੇ ਝੰਡੇ ਨਾਲ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਪਿਛਲੇ ਮਹੀਨੇ ਵੈਨਕੂਵਰ 'ਚ ਉਨ੍ਹਾਂ ਦੇ ਇਕ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਲਈ ਭਾਰਤ ਸਰਕਾਰ ਜ਼ਿੰਮੇਵਾਰ ਹੈ। ਹਰਦੀਪ ਸਿੰਘ ਨਿੱਝਰ ਖ਼ਾਲਿਸਤਾਨ ਦੇ ਹਮਾਇਤੀ ਸਨ। ਹਰਦੀਪ ਸਿੰਘ ਨਿੱਝਰ ਨੂੰ ਪਿਛਲੇ ਮਹੀਨੇ 18 ਜੂਨ ਨੂੰ ਸਰੀ 'ਚ ਕਤਲ ਕਰ ਦਿੱਤਾ ਗਿਆ ਸੀ, ਜੋ ਕਿ ਵੈਨਕੂਵਰ ਦਾ ਇਕ ਉਪਨਗਰ ਹੈ ਅਤੇ ਇਥੇ ਹੀ ਕੈਨੇਡਾ 'ਚ ਸਿੱਖਾਂ ਦੀ ਸਭ ਤੋਂ ਸੰਘਣੀ ਵਸੋਂ ਰਹਿੰਦੀ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਸਿੱਖਜ਼ ਫ਼ਾਰ ਜਸਟਿਸ ਦੇ ਅਮਰੀਕਾ ਅਧਾਰਤ ਬੁਲਾਰੇ ਕੁਲਜੀਤ ਸਿੰਘ ਨੇ ਕਿਹਾ ਕਿ ਜੇਕਰ ਕੋਈ ਭਾਰਤੀ ਏਜੰਸੀ ਜੁਰਮ ਨੂੰ ਅੰਜਾਮ ਦਿੰਦੇ ਹਨ ਤਾਂ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਇਸ ਦੀ ਰੋਇਲ ਕੈਨੇਡੀਅਨ ਮਾਊਂਟਡ ਪੁਲਿਸ (ਆਰ.ਸੀ.ਐਮ.ਪੀ.) ਨੂੰ ਜਾਂਚ ਕਰਨੀ ਚਾਹੀਦੀ ਹੈ।

ਦੂਜੇ ਪਾਸੇ ਖ਼ਾਲਿਸਤਾਨੀ ਹਮਾਇਤੀਆਂ ਦਾ ਵਿਰੋਧ ਕਰਨ ਲਈ 50 ਦੇ ਲਗਭਗ ਭਾਰਤੀ ਮੂਲ ਕੇ ਨਾਗਰਿਕ ਵੀ ਇਕੱਠੇ ਹੋਏ ਸਨ ਜੋ ਕਿ ਭਾਰਤੀ ਸਰਕਾਰ ਦੀ ਹਮਾਇਤ 'ਚ ਭਾਰਤੀ ਝੰਡੇ ਲਹਿਰਾ ਰਹੇ ਸਨ। ਇਸ ਧਿਰ ਦੇ ਇਕ ਪ੍ਰਦਰਸ਼ਨਕਾਰੀ ਵਿਜੈ ਜੈਨ ਨੇ ਕਿਹਾ, "ਅਸੀਂ ਬਹੁਤ ਚਿੰਤਤ ਹਾਂ ਕਿਉਂਕਿ ਇਨ੍ਹਾਂ ਜਥੇਬੰਦੀਆਂ ਨੇ ਪਹਿਲਾਂ ਵੀ ਹਮਲੇ ਕੀਤੇ ਹਨ ਅਤੇ ਸਿਆਸਤਦਾਨ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੇ ਹਨ।"

ਦੋਹਾਂ ਧਿਰਾਂ ਵਲੋਂ ਇਕ ਦੂਜੇ ਵਿਰੁੱਧ ਪ੍ਰਦਰਸ਼ਨ ਦੌਰਾਨ ਇਕ ਸਿੱਖ ਨੂੰ ਬੈਰੀਕੇਡ ਟੱਪ ਕੇ ਦੂਜੇ ਪਾਸੇ ਜਾਣ ਦੀ ਕੋਸ਼ਿਸ਼ ਕਰਨ ਲਈ ਗ੍ਰਿਫਤਾਰ ਕਰ ਲਿਆ ਗਿਆ। 20 ਪੁਲਿਸ ਅਧਿਕਾਰੀਆਂ ਨੂੰ ਦੋਹਾਂ ਧਿਰਾਂ ਨੂੰ ਵੱਖ ਕਰਨ ਲਈ ਅੱਗੇ ਆਉਣਾ ਪਿਆ।

# ਮੁੱਖ ਮੰਤਰੀ ਸੁੱਖੂ ਨੇ ਮੰਡੀ 'ਚ ਹੜ੍ਹ ਰਾਹਤ ਕੈਂਪਾਂ ਦਾ ਕੀਤਾ ਦੌਰਾ



ਮੰਡੀ : ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਬੁੱਧਵਾਰ ਨੂੰ ਮੰਡੀ ਦੇ ਗੁਰਦੁਆਰਾ ਪਦਲ ਸਾਹਿਬ ਵਿਖੇ ਹੜ੍ਹ ਰਾਹਤ ਕੈਂਪ ਦਾ ਦੌਰਾ ਕੀਤਾ। ਮੁੱਖ ਮੰਤਰੀ ਸੁੱਖੂ ਨੇ ਰਾਹਤ ਕੈਂਪਾਂ ਵਿੱਚ ਪਨਾਹ ਲੈਣ ਵਾਲੇ ਲੋਕਾਂ ਲਈ 25-25 ਹਜ਼ਾਰ ਰੁਪਏ ਅਤੇ ਪੰਡੋਹ ਵਿੱਚ ਮਹੱਤਵਪੂਰਨ ਜਾਇਦਾਦ ਦਾ ਨੁਕਸਾਨ ਕਰਨ ਵਾਲਿਆਂ ਨੂੰ 1-1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ।



ਪੈਰਿਸ, ਭਾਰਤੀ ਅਤੇ ਫਰੈਂਚ ਏਅਰ ਫੋਰਸ ਰਾਫੇਲਜ਼ ਨੇ ਬੁੱਧਵਾਰ ਨੂੰ ਆਉਣ ਵਾਲੀ ਬੈਸਟੀਲ ਡੇ ਪਰੇਡ ਲਈ ਸੰਪੂਰਨ ਸਮਕਾਲੀਕਰਨ ਪ੍ਰਾਪਤ ਕਰਨ ਲਈ ਪੈਰਿਸ ਦੇ ਅਸਮਾਨ ਉੱਤੇ ਅਭਿਆਸ ਕੀਤਾ।

**ਪੰਜਾਬ ਲਈ ਰਾਹਤ ਵਾਲੀ ਖਬਰ**

# ਪਾਕਿਸਤਾਨ ਨੇ ਪੰਜਾਬ ਤੇ ਪੰਜਾਬੀਆਂ ਦੀ ਮਦਦ ਲਈ ਪਾਕਿਸਤਾਨ ਨੇ ਸੁਲੇਮਾਨ ਹੈੱਡ ਵਰਕਸ ਤੋਂ 10 ਫਲੱਡ ਗੇਟ ਖੋਲ੍ਹੇ


ਇਸ ਵਾਰ ਪਾਕਿਸਤਾਨ ਨੇ ਚੰਗੇ ਗੁਆਂਢੀ ਵਾਲਾ ਵਿਵਹਾਰ ਦਿਖਾਇਆ ਹੈ। ਪੰਜਾਬ ਵਿਚ ਹੜ੍ਹ ਆਏ ਹੋਏ ਹਨ ਤਾਂ ਪਾਕਿਸਤਾਨ ਨੇ ਸੁਲੇਮਾਨ ਹੈੱਡ ਵਰਕਸ ਤੋਂ 10 ਫਲੱਡ ਗੇਟ ਖੋਲ੍ਹ ਦਿੱਤੇ। ਮੁੱਖ ਇੰਜਨੀਅਰ (ਡਰੇਨਜ਼) ਐਚਐਸ ਮਹਿੰਦੀਰੱਤਾ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਫਲੱਡ ਗੇਟ ਖੋਲ੍ਹੇ ਜਾਣ ਨਾਲ ਦੱਖਣੀ ਮਾਲਵੇ ਦਾ ਪਾਣੀ ਦੇ ਕਹਿਰ ਤੋਂ ਬਚਾਅ ਹੋ ਗਿਆ ਹੈ।

ਜਲ ਸਰੋਤ ਵਿਭਾਗ ਨੇ 10 ਜੁਲਾਈ ਨੂੰ ਕੇਂਦਰੀ ਜਲ ਸਰੋਤ ਮੰਤਰਾਲੇ ਨੂੰ ਜਾਣਕਾਰੀ ਭੇਜੀ ਸੀ ਕਿ ਸਤਲੁਜ ਦਾ ਕਰੀਬ ਦੋ ਲੱਖ ਕਿਊਸਿਕ ਪਾਣੀ ਪਾਕਿਸਤਾਨ ਵੱਲ ਛੱਡਿਆ ਜਾਵੇਗਾ।



ਨਿਯਮਾਂ ਅਨੁਸਾਰ ਜੇਕਰ 50 ਹਜ਼ਾਰ ਕਿਊਸਿਕ ਤੋਂ ਵੱਧ ਪਾਣੀ ਪਾਕਿਸਤਾਨ ਵੱਲ ਛੱਡਣਾ ਹੋਵੇ ਤਾਂ ਉਸ ਬਾਰੇ ਅਗੇਤੀ ਸੂਚਨਾ ਦੇਣੀ ਲਾਜ਼ਮੀ ਹੁੰਦੀ ਹੈ। ਹਰੀਕੇ ਹੈੱਡ ਵਰਕਸ ਤੋਂ ਦੋ ਲੱਖ ਕਿਊਸਿਕ ਪਾਣੀ ਛੱਡਿਆ ਗਿਆ ਹੈ ਜੋ ਅੱਗੇ ਪਾਕਿਸਤਾਨ ਦੇ ਕਸੂਰ ਅਤੇ ਮੁੜ ਹੁਸੈਨੀਵਾਲਾ ਲਾਗੇ ਦਾਖ਼ਲ ਹੁੰਦਾ ਹੈ ਤੇ ਫਿਰ ਪਾਕਿਸਤਾਨ ਵੱਲ ਜਾਂਦਾ ਹੈ।

# ਅਖੌਤੀ ਤਾਂਤਰਿਕ ਤੇ ਬਾਬੇ ਬੇਔਲਾਦ ਜੋੜਿਆਂ ਦਾ ਸ਼ੋਸ਼ਣ ਕਰਦੇ ਰਹਿੰਦੇ ਹਨ



-ਸੁਖਵਿੰਦਰ ਸਿੰਘ ਭਾਦਲਾ

*ਸਾਡੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਪਤਾ ਨਹੀਂ ਕਿਸ ਚੰਦਰੇ ਦੀ ਬੁਰੀ ਨਜ਼ਰ ਲੱਗ ਗਈ ਹੈ। ਅੱਜ ਦੇ ਸਮੇਂ ਵਿਚ ਬਹੁ-ਗਿਣਤੀ ਵਿਚ ਨਵ-ਵਿਆਹੇ ਜੋੜੇ ਚਾਹੁੰਦੇ ਹੋਏ ਵੀ ਔਲਾਦ ਦਾ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਇਸ ਗੱਲ ਨੂੰ ਲੈ ਕੇ ਪਹਿਲਾਂ ਮੁੰਡੇ ਵਾਲੇ ਦੇ ਘਰੇ ਘੁਸਰ-ਮੁਸਰ ਸ਼ੁਰੂ ਹੁੰਦੀ ਹੈ।*

ਸਾਡੇ ਸਮਾਜ ਵਿਚ ਆਮ ਹੀ ਦੇਖਣ ਨੂੰ ਮਿਲਦਾ ਹੈ ਕਿ ਨਵ-ਵਿਆਹੀ ਮੁਟਿਆਰ ਦਾ ਮੂੰਹ ਦੇਖਣ ਆਈਆਂ ਵਡੇਰੀ ਉਮਰ ਦੀਆਂ ਔਰਤਾਂ ਇਹ ਅਸ਼ੀਰਵਾਦ ਦਿੰਦੀਆਂ ਨਹੀਂ ਥੱਕਦੀਆਂ ਕਿ 'ਬੁੱਢ ਸੁਹਾਗਣ ਹੋਵੇ, ਦੁੱਧੀਂ-ਪੁੱਤੀਂ ਫਲੇ'। ਅੱਜ ਦੇ ਪੜ੍ਹੇ-ਲਿਖੇ ਵਿਆਹੁਤਾ ਜੋੜੇ ਆਪਣੀ ਮਰਜ਼ੀ ਅਨੁਸਾਰ ਪਹਿਲਾ ਬੱਚਾ ਪੈਦਾ ਕਰਦੇ ਹਨ ਪਰ ਕੁਝ ਨਵ-ਵਿਆਹੇ ਜੋੜਿਆਂ ਨੂੰ ਇੰਨਾ ਗਿਆਨ ਨਹੀਂ ਹੁੰਦਾ ਜਿਸ ਕਾਰਨ ਉਹ ਜਲਦੀ ਹੀ ਪਹਿਲਾ ਬੱਚਾ ਪੈਦਾ ਕਰ ਲੈਂਦੇ ਹਨ। ਅਜਿਹੇ ਜੋੜੇ ਆਪਣੇ ਬੱਚਿਆਂ ਵਿਚ ਯੋਗ ਫਾਸਲਾ ਰੱਖਣੋਂ ਅਸਮਰੱਥ ਸਿੱਧ ਹੁੰਦੇ ਹਨ। ਸਾਡੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਪਤਾ ਨਹੀਂ ਕਿਸ ਚੰਦਰੇ ਦੀ ਬੁਰੀ ਨਜ਼ਰ ਲੱਗ ਗਈ ਹੈ। ਅੱਜ ਦੇ ਸਮੇਂ ਵਿਚ ਬਹੁ-ਗਿਣਤੀ ਵਿਚ ਨਵ-ਵਿਆਹੇ ਜੋੜੇ ਚਾਹੁੰਦੇ ਹੋਏ ਵੀ ਔਲਾਦ ਦਾ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਇਸ ਗੱਲ ਨੂੰ ਲੈ ਕੇ ਪਹਿਲਾਂ ਮੁੰਡੇ ਵਾਲੇ ਦੇ ਘਰੇ ਘੁਸਰ-ਮੁਸਰ ਸ਼ੁਰੂ ਹੁੰਦੀ ਹੈ।

ਸਮਾਂ ਪਾ ਕੇ ਇਹ ਗੱਲ ਕੁੜੀ ਦੇ ਮਾਪਿਆਂ ਤਕ ਪਹੁੰਚਦੀ ਹੈ। ਕਦੋਂ ਇਹ ਗੱਲ ਸੁਲਗਦੀ ਹੋਈ ਭਾਂਬੜ ਬਣ ਕੇ ਗਲੀ-ਮੁਹੱਲੇ 'ਚ ਫੈਲ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਇਸ ਰੋਗ ਤੋਂ ਪ੍ਰਭਾਵਿਤ ਜੋੜੇ ਚਿੰਤਾ ਵਿਚ ਰਹਿੰਦੇ ਹੋਏ ਕਦੋਂ ਮਾਨਸਿਕ ਰੋਗੀ ਬਣ ਜਾਂਦੇ ਹਨ, ਇਸ ਗੱਲ ਦਾ ਵੀ ਪਤਾ ਨਹੀਂ ਲੱਗਦਾ। ਕਈ ਵਾਰ ਇਹ ਵਿਆਹੁਤਾ ਜੋੜੇ ਆਤਮ-ਹੱਤਿਆ ਤਕ ਵੀ ਕਰ ਜਾਂਦੇ ਹਨ। ਜਾਂ ਕਈ ਵਾਰ ਹੱਸਦਾ-ਵਸਦਾ ਘਰ ਤਲਾਕ ਕਾਰਨ ਉੱਜੜ ਜਾਂਦਾ ਹੈ।

ਅੱਜ ਦੇ ਸਮੇਂ ਅਜਿਹੇ ਜੋੜਿਆਂ ਨੂੰ ਨਾ ਕੋਈ ਚਿੰਤਾ ਕਰਨ ਦੀ ਲੋੜ ਹੈ, ਨਾ ਤਲਾਕ ਤਕ ਦੀ ਨੌਬਤ ਆਵੇਗੀ ਕਿਉਂਕਿ ਅੱਜ ਹਰ ਬਿਮਾਰੀ ਦਾ ਇਲਾਜ ਸੰਭਵ ਹੈ। ਕੋਈ ਵੀ ਗ਼ਲਤ ਕਦਮ ਚੁੱਕਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਾ ਚਾਹੀਦਾ ਹੈ। ਵਰਤਮਾਨ ਸਮੇਂ ਵਿਚ ਬੇਔਲਾਦ ਜੋੜਿਆਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਇਕ ਬਲਾਕ ਪੱਧਰ 'ਤੇ ਕੀਤੇ ਗਏ ਸਰਵੇ ਵਿਚ ਪਤਾ ਲੱਗਾ ਹੈ ਕਿ ਸੰਨ 2019-20 ਵਿਚ ਵਾਧੇ ਦੀ ਦਰ 3% ਤੋਂ ਜ਼ਿਆਦਾ ਸੀ। ਸੰਨ 2021-22 ਵਿਚ ਇਹ ਵਾਧੇ ਦੀ ਦਰ ਵਧ ਕੇ 5% ਹੋ ਗਈ। ਇਹ ਸਰਵੇ ਸਿਰਫ਼ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਰਹਿੰਦੇ ਯੋਗ ਜੋੜਿਆਂ ਦਾ ਕੀਤਾ ਗਿਆ ਹੈ।

ਨੌਜਵਾਨਾਂ ਵਿਚ ਵਧਦੀ ਇਸ ਬਿਮਾਰੀ ਦੇ ਕਾਰਨਾਂ ਬਾਰੇ ਜਦੋਂ ਬੁੱਧੀਜੀਵੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਸਾਡੇ ਖਾਣ-ਪੀਣ ਦਾ ਬਦਲਿਆ ਢੰਗ, ਬੱਚਿਆਂ ਵੱਲੋਂ ਫਾਸਟ ਫੂਡ ਦੀ ਵਰਤੋਂ, ਸਾਡੀਆਂ ਫ਼ਸਲਾਂ, ਫ਼ਲਾਂ ਅਤੇ ਸਬਜ਼ੀਆਂ 'ਤੇ ਮਨੁੱਖੀ ਸਿਹਤ 'ਤੇ ਮਾਰੂ ਪ੍ਰਭਾਵ ਪਾਉਣ ਵਾਲੀਆਂ ਸਪਰੇਆਂ ਦੀ ਅੰਨ੍ਹੇਵਾਹ ਵਰਤੋਂ ਇਸ ਸਮੱਸਿਆ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਮੈਡੀਸਨ ਦੇ ਇਕ ਡਾਕਟਰ ਵੱਲੋਂ ਕੀਤੇ ਗਏ ਗੰਭੀਰ ਖੁਲਾਸੇ ਨੇ ਸੋਚਣ ਲਈ ਮਜਬੂਰ ਕਰ ਦਿੱਤਾ।

ਉਸ ਨੇ ਦੱਸਿਆ ਕੇ ਹਰ ਗਲੀ-ਮੋੜ 'ਤੇ ਖੁੱਲ੍ਹੀਆਂ ਪ੍ਰਚੂਨ ਦੀਆਂ ਦੁਕਾਨਾਂ 'ਤੇ ਕੋਡੀਨ ਦੀ ਮਾਤਰਾ ਵਾਲੇ ਐਨਰਜੀ ਡਰਿੰਕ ਜਿਸ ਦੀ ਵਰਤੋਂ ਨਾਬਾਲਗ ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਮਨੁੱਖਾਂ ਅਤੇ ਔਰਤਾਂ ਵੱਲੋਂ ਵੀ ਕੀਤੀ ਜਾਂਦੀ ਹੈ, ਇਹ ਐਨਰਜੀ ਡਰਿੰਕ ਵੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵੱਲ ਧੱਕ ਰਹੀ ਹੈ। ਨੌਜਵਾਨਾਂ ਵਿਚ ਵਧ ਰਹੀ ਨਸ਼ਿਆਂ ਦੀ ਆਦਤ ਕਾਰਨ ਬੇਔਲਦ ਜੋੜਿਆਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ। ਜ਼ਿਆਦਾਤਰ ਬੇਔਲਾਦ ਜੋੜੇ ਵਹਿਮਾਂ-ਭਰਮਾਂ ਦੇ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ 'ਚੋਂ ਬਹੁਤੇ ਤਾਂ ਤਾਂਤਰਿਕਾਂ ਅਤੇ ਅਖੌਤੀ ਸੰਤਾਂ ਵੱਲੋਂ ਬਣਾਏ ਡੇਰਿਆਂ ਵਿਚ ਆਰਥਿਕ ਲੁੱਟ ਦਾ ਸ਼ਿਕਾਰ ਹੋ ਜਾਂਦੇ ਹਨ। ਇਹੀ ਨਹੀਂ, ਉੱਥੇ ਮਹਿਲਾਵਾਂ ਦਾ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਇਹ ਲੇਖ ਲਿਖਣ ਤੋਂ ਪਹਿਲਾਂ ਮੈਂ ਇਸ ਬਿਮਾਰੀ ਤੋਂ ਪੀੜਤ ਕਈ ਪਰਿਵਾਰਾਂ ਨੂੰ ਮਿਲ ਕੇ ਉਨ੍ਹਾਂ ਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ।

ਮੈਂ ਜਦੋਂ ਨੌਕਰੀ ਕਰਦੇ ਇਸ ਬਿਮਾਰੀ ਤੋਂ ਪੀੜਤ ਇਕ ਪਰਿਵਾਰ ਨੂੰ ਮਿਲਿਆ ਤਾਂ ਵਿਅਕਤੀ ਨੇ ਦੱਸਿਆ ਕਿ ਡਿਗਰੀ ਕਰਦੇ-ਕਰਦੇ ਮੇਰੀ ਉਮਰ 27 ਸਾਲ ਤੋਂ ਉੱਪਰ ਹੋ ਗਈ। ਫਿਰ ਨੌਕਰੀ ਦੀ ਭਾਲ ਵਿਚ ਉਮਰ 35 ਸਾਲ ਦੀ ਹੋ ਗਈ। ਵਿਆਹ ਲਈ ਯੋਗ ਕੁੜੀ ਲੱਭਦਿਆਂ ਮੇਰੀ ਉਮਰ 40 ਸਾਲਾਂ ਤੋਂ ਉੱਪਰ ਹੋ ਗਈ ਸੀ। ਉਸ ਤੋਂ ਬਾਅਦ ਔਲਾਦ ਲਈ ਭਟਕਦੇ ਰਹੇ। ਉਸ ਦਾ ਕਹਿਣ ਦਾ ਭਾਵ ਇਹ ਸੀ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿਚ ਵਡੇਰੀ ਉਮਰ ਵਿਚ ਵਿਆਹ ਕਰਨ ਦੀ ਰੁਚੀ ਵੀ ਬੇਔਲਾਦ ਜੋੜਿਆਂ ਦੀ ਗਿਣਤੀ ਵਿਚ ਵਾਧਾ ਕਰਦੀ ਹੈ।

ਇਕ ਦਿਹਾੜੀਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਜਦੋਂ ਵਿਆਹ ਤੋਂ ਦੋ ਸਾਲਾਂ ਬਾਅਦ ਵੀ ਅਸੀਂ ਔਲਾਦ ਦਾ ਸੁੱਖ ਨਹੀਂ ਮਾਣਿਆ ਤਾਂ ਮਾਤਾ-ਪਿਤਾ ਮੇਰੀ ਪਤਨੀ ਨੂੰ ਪਿੰਡ ਦੇ ਇਕ ਤਾਂਤਰਿਕ ਕੋਲ ਲੈ ਗਏ। ਉਸ ਨੇ ਦੱਸਿਆ ਕਿ ਮੇਰੇ ਮਾਤਾ-ਪਿਤਾ ਨੂੰ ਔਲਾਦ ਦੇਣ ਦੀ ਗਾਰੰਟੀ ਦੇ ਕੇ ਉਸ ਤਾਂਤਰਿਕ ਨੇ ਵੱਡੀ ਦੀ ਮੰਗ ਕੀਤੀ। ਇਸ ਤੋਂ ਇਲਾਵਾ ਉਸ ਤਾਂਤਰਿਕ ਨੇ ਮੱਸਿਆ ਦੀ ਰਾਤ ਨੂੰ ਪੰਜ ਚੌਕੀਆਂ ਭਰਨ ਤੋਂ ਇਲਾਵਾ ਸਾਡੇ ਘਰ ਵਿਚ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਲਾਗੂ ਕਰ ਦਿੱਤੀਆਂ। ਉਸ ਨੇ ਦੱਸਿਆ ਕਿ ਮੇਰੇ ਮਾਤਾ ਜੀ ਦੋ ਚੌਕੀਆਂ ਸਾਡੇ ਨਾਲ ਜਾਂਦੀ ਰਹੀ। ਕਿਸੇ ਕਾਰਨ ਕਰ ਕੇ ਇਕ ਵਾਰ ਮੇਰੀ ਮਾਤਾ ਸਾਡੇ ਨਾਲ ਨਾ ਜਾ ਸਕੀ। ਉਸ ਚੌਕੀ 'ਤੇ ਮੈਂ ਤੇ ਮੇਰੀ ਪਤਨੀ, ਅਸੀਂ ਦੋਵੇਂ ਚਲੇ ਗਏ।

ਉਸ ਰਾਤ ਤਾਂਤਰਿਕ ਦੇ ਚੇਲਿਆਂ ਨੇ ਮੈਨੂੰ ਰਾਤ ਨੂੰ ਸੌਣ ਸਮੇਂ ਪੀਣ ਲਈ ਦੁੱਧ ਦਿੱਤਾ। ਉਸ ਨੇ ਦੱਸਿਆ ਕਿ ਦੁੱਧ ਪੀਣ ਤੋਂ ਕੁਝ ਸਮੇਂ ਬਾਅਦ ਹੀ ਮੈਨੂੰ ਹੋਸ਼ ਨਹੀਂ ਰਹੀ। ਦੋ-ਤਿੰਨ ਦਿਨਾਂ ਬਾਅਦ ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਦਾਖ਼ਲ ਸੀ। ਉਸ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਉਸ ਦੀ ਪਤਨੀ ਨਾਲ ਬਲਾਤਕਾਰ ਦੇ ਦੋਸ਼ ਵਿਚ ਤਾਂਤਰਿਕ ਅਤੇ ਉਸ ਦੇ ਚੇਲੇ ਹਵਾਲਾਤ ਵਿਚ ਬੰਦ ਹਨ।

ਤਾਂਤਰਿਕ ਤੇ ਉਸ ਦੇ ਚੇਲਿਆਂ ਨੇ ਕਈ ਹੋਰ ਜੁਰਮ ਵੀ ਕਬੂਲ ਕੀਤੇ ਹਨ। ਇਕ ਹੋਰ ਪੀੜਤ ਜੋ ਖਾਂਦੇ-ਪੀਂਦੇ ਪਰਿਵਾਰ ਵਿੱਚੋਂ ਹੈ, ਉਸ ਨਾਲ ਇਸ ਵਿਸ਼ੇ 'ਤੇ ਗੱਲ ਕਰੀ ਤਾਂ ਪਹਿਲਾਂ ਤਾਂ ਉਹ ਬਹੁਤ ਖੁੱਲ੍ਹ ਕੇ ਹੱਸਿਆ। ਉਸ ਨੇ ਪਿੰਡ ਦੇ ਡਾਕਟਰ ਦਾ ਬਹੁਤ ਧੰਨਵਾਦ ਕੀਤਾ। ਉਸ ਨੇ ਦੱਸਿਆ ਕਿ ਸਾਡੇ ਵਿਆਹ ਨੂੰ ਪੰਜ ਸਾਲ ਹੋ ਗਏ ਸਨ। ਸਾਡੇ ਘਰ ਬੱਚਾ ਨਾ ਹੋਣ ਕਰ ਕੇ ਬਾਬਿਆਂ ਦੇ ਡੇਰਿਆਂ ਵਿਚ ਚੱਕਰ ਲਗਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਤਕਰੀਬਨ ਸਾਰਿਆਂ ਤੋਂ ਆਪਣੀ ਆਰਥਿਕ ਲੁੱਟ ਕਰਵਾ ਕੇ ਥੱਕ-ਹਾਰ ਕੇ ਨਿਰਾਸ਼ ਹੋ ਕੇ ਅਪਣੇ ਘਰੇ ਬੈਠ ਗਏ।

ਉਸ ਨੇ ਦੱਸਿਆ ਕਿ ਮੈਂ ਆਪਣੀ ਖੇਤੀ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਸਕਿਆ ਜਿਸ ਕਾਰਨ ਮੈਨੂੰ ਜ਼ਮੀਨ ਵੇਚਣੀ ਪਈ। ਕਦੋਂ ਮੈਂ ਮਾਨਸਿਕ ਰੋਗੀ ਹੋ ਗਿਆ, ਇਸ ਗੱਲ ਦਾ ਵੀ ਮੈਨੂੰ ਪਤਾ ਨਹੀਂ ਲੱਗਿਆ। ਉਸ ਨੇ ਦੱਸਿਆ ਕਿ ਇਕ ਰਾਤ ਮੈਂ ਬਹੁਤ ਜ਼ਿਆਦਾ ਬਿਮਾਰ ਹੋ ਗਿਆ। ਮੁੱਢਲੀ ਸਹਾਇਤਾ ਲਈ ਮੇਰੇ ਪਿਤਾ ਜੀ ਪਿੰਡ ਦਾ ਉਹੀ ਡਾਕਟਰ ਲੈ ਕੇ ਆਏ। ਉਸ ਨੇ ਮੇਰੇ ਪਿਤਾ ਨੂੰ ਚੰਡੀਗੜ੍ਹ ਵਿਖੇ ਇਕ ਬੇਬੀ ਟੈਸਟ ਟਿਊਬ ਸੈਂਟਰ ਬਾਰੇ ਦੱਸਿਆ। ਪਿਤਾ ਜੀ ਕੁਝ ਦਿਨਾਂ ਬਾਅਦ ਹੀ ਮੈਨੂੰ ਅਤੇ ਮੇਰੀ ਪਤਨੀ ਨੂੰ ਚੰਡੀਗੜ੍ਹ ਦੇ ਬੇਬੀ ਟੈਸਟ ਟਿਊਬ ਸੈਂਟਰ ਵਿਚ ਜਾਣ ਲਈ ਕਿਹਾ ਜਿੱਥੇ ਮੇਰੇ ਤੇ ਮੇਰੀ ਪਤਨੀ ਦੇ ਕੁਝ ਟੈਸਟ ਕੀਤੇ ਗਏ। ਉਸ ਨੇ ਦੱਸਿਆ ਕਿ ਡਾਕਟਰ ਨੇ ਮੇਰੀ ਪਤਨੀ ਦਾ ਛੋਟਾ ਜਿਹਾ ਆਪ੍ਰੇਸ਼ਨ ਵੀ ਕੀਤਾ। ਆਪ੍ਰੇਸ਼ਨ ਤੋਂ ਕੁਝ ਮਹੀਨੇ ਬਾਅਦ ਹੀ ਸਾਡੇ ਘਰੇ ਖ਼ੁਸ਼ੀ ਦਾ ਮਾਹੌਲ ਸੀ। ਉਸ ਨੇ ਦੱਸਿਆ ਕਿ ਮੇਰੇ ਘਰ ਦੋ ਲੜਕੇ ਤੇ ਇਕ ਲੜਕੀ ਨੇ ਜਨਮ ਲੈ ਲਿਆ ਸੀ। ਅਸੀਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਉਸ ਨੇ ਅਜਿਹੇ ਮਰੀਜ਼ਾਂ ਨੂੰ ਅਪੀਲ ਵੀ ਕੀਤੀ ਕਿ ਡੇਰਿਆਂ ਵਿਚ ਆਪਣੀ ਲੁੱਟ ਕਰਵਾਉਣ ਨਾਲੋਂ ਕਿਸੇ ਵਧੀਆ ਡਾਕਟਰ ਤੋਂ ਆਪਣਾ ਇਲਾਜ ਕਰਵਾ ਲਓ।





# ਸਿਆਸਤਦਾਨਾਂ ਦਾ ਹਥਿਆਰ ਬਣ ਗਿਆ ਹੈ ਸੋਸ਼ਲ ਮੀਡੀਆ

ਸਤਨਾਮ ਸਿੰਘ ਮਾਣਕ



ਇੰਟਰਨੈੱਟ ਅਤੇ ਸੋਸ਼ਲ ਮੀਡੀਆ ਨੇ ਜ਼ਿੰਦਗੀ ਦੇ ਹਰ ਖ਼ੇਤਰ ਨੂੰ ਬਦਲ ਕੇ ਰੱਖ ਦਿੱਤਾ ਹੈ। ਰਾਜਨੀਤੀ 'ਤੇ ਵੀ ਇਸ ਦਾ ਗਹਿਰਾ ਪ੍ਰਭਾਵ ਪਿਆ ਹੈ। ਪਿਛਲੇ ਕੁਝ ਦਹਾਕਿਆਂ ਵਿਚ ਵਿਸ਼ਵ ਪੱਧਰ 'ਤੇ ਹੋਏ ਰਾਜਨੀਤਕ, ਸਮਾਜਿਕ ਅਤੇ ਆਰਥਿਕ ਸੰਘਰਸ਼ਾਂ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਲੋਕ ਲਹਿਰਾਂ ਦਾ ਰੂਪ ਦੇਣ ਵਿਚ ਸੋਸ਼ਲ ਮੀਡੀਆ ਦਾ ਅਹਿਮ ਰੋਲ ਰਿਹਾ ਹੈ। ਸੋਸ਼ਲ ਮੀਡੀਆ ਦੀ ਤਾਕਤ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਇਸ ਸਮੇਂ ਦੁਨੀਆ ਦੇ 3 ਅਰਬ, 80 ਕਰੋੜ ਲੋਕ ਇਸ ਦੀ ਵਰਤੋਂ ਕਰਦੇ ਹਨ। ਜੇਕਰ ਭਾਰਤ ਦੀ ਗੱਲ ਕਰੀਏ ਤਾਂ 2023 ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੀ 60.72 ਫ਼ੀਸਦੀ ਆਬਾਦੀ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੀ ਹੈ। ਜਿਵੇਂ-ਜਿਵੇਂ ਲੋਕਾਂ ਵਿਚ ਸਿੱਖਿਆ ਦਾ ਪ੍ਰਸਾਰ ਹੋ ਰਿਹਾ ਹੈ, ਤਿਵੇਂ-ਤਿਵੇਂ ਸੋਸ਼ਲ ਮੀਡੀਆ ਦੀ ਵੱਖ-ਵੱਖ ਖ਼ੇਤਰਾਂ ਵਿਚ ਵਰਤੋਂ ਵਧਦੀ ਜਾ ਰਹੀ ਹੈ ਪਰ ਇਸ ਲੇਖ ਵਿਚ ਅਸੀਂ ਸੋਸ਼ਲ ਮੀਡੀਆ ਦੀ ਰਾਜਨੀਤਕ ਅਤੇ ਸਮਾਜਿਕ ਅੰਦੋਲਨਾਂ ਦੇ ਖ਼ੇਤਰ ਵਿਚ ਹੋ ਰਹੀ ਵਰਤੋਂ ਦੀ ਹੀ ਚਰਚਾ ਕਰਾਂਗੇ।

ਭਾਰਤ ਦੀ ਰਾਜਨੀਤੀ 'ਤੇ ਇਸ ਦੇ ਪ੍ਰਭਾਵ ਦਾ ਜਾਇਜ਼ਾ ਲੈਣ ਤੋਂ ਪਹਿਲਾਂ ਅਸੀਂ ਇਹ ਵੇਖਣ ਦੀ ਕੋਸ਼ਿਸ਼ ਕਰਾਂਗੇ ਕਿ ਵਿਸ਼ਵ ਦੀ ਰਾਜਨੀਤੀ ਨੂੰ ਇਸ ਨੇ ਕਿਸ ਹੱਦ ਤੱਕ ਪ੍ਰਭਾਵਿਤ ਕੀਤਾ ਹੈ? ਇਸ ਸੰਦਰਭ ਵਿਚ 2008 ਵਿਚ ਹੋਈ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਦਾ ਜ਼ਿਕਰ ਕਰਨਾ ਬਣਦਾ ਹੈ। ਇਸ ਚੋਣ ਵਿਚ ਡੈਮੋਕ੍ਰੇਟਿਕ ਪਾਰਟੀ ਵਲੋਂ ਬਰਾਕ ਓਬਾਮਾ ਰਾਸ਼ਟਰਪਤੀ ਦੀ ਚੋਣ ਲੜ ਰਹੇ ਸਨ, ਉਨ੍ਹਾਂ ਨੇ ਆਪਣੀ ਚੋਣ ਲਈ ਫੇਸਬੁੱਕ ਅਤੇ ਟਵਿੱਟਰ ਦੀ ਖ਼ੂਬ ਵਰਤੋਂ ਕੀਤੀ ਸੀ, ਭਾਵੇਂ ਕਿ ਟਵਿੱਟਰ ਅਜੇ ਇਕ ਸਾਲ ਪਹਿਲਾਂ ਹੀ ਹੋਂਦ ਵਿਚ ਆਇਆ ਸੀ ਪਰ ਅਜੇ ਆਈ ਫੋਨ ਵੀ ਨਹੀਂ ਸੀ ਆਇਆ ਸੀ। ਇਸ ਦੇ ਬਾਵਜੂਦ ਉਨ੍ਹਾਂ ਨੇ ਫੇਸਬੁੱਕ, ਟਵਿੱਟਰ ਅਤੇ ਹੋਰ ਮੀਡੀਆ ਪਲੇਟਫਾਰਮਾਂ ਦੀ ਆਪਣੀ ਚੋਣ ਮੁਹਿੰਮ ਲਈ ਖ਼ੂਬ ਵਰਤੋਂ ਕੀਤੀ ਤੇ ਇਸ ਦਾ ਉਨ੍ਹਾਂ ਨੂੰ ਲਾਭ ਵੀ ਮਿਲਿਆ। ਆਪਣੀ 2012 ਦੀ ਦੂਜੀ ਚੋਣ ਵਿਚ ਉਨ੍ਹਾਂ ਵਲੋਂ ਸੋਸ਼ਲ ਮੀਡੀਆ ਦੀ ਹੋਰ ਵੀ ਵਧੇਰੇ ਖੁੱਲ੍ਹ ਕੇ ਵਰਤੋਂ ਕੀਤੀ ਗਈ। ਉਸ ਸਮੇਂ ਅਮਰੀਕਾ ਦੇ 69 ਫ਼ੀਸਦੀ ਲੋਕ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਨਾਲ ਜੁੜ ਚੁੱਕੇ ਸਨ। 2012 ਵਿਚ ਫੇਸਬੁੱਕ 'ਤੇ ਬਰਾਕ ਓਬਾਮਾ ਨੂੰ ਪਸੰਦ ਕਰਨ ਵਾਲੇ 32.2 ਮਿਲੀਅਨ ਲੋਕ ਸਨ ਅਤੇ ਟਵਿੱਟਰ 'ਤੇ ਉਨ੍ਹਾਂ ਦੇ 22.7 ਮਿਲੀਅਨ ਫਾਲੋਅਰਜ਼ ਸਨ। ਇਸ ਤਰ੍ਹਾਂ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਮਕਬੂਲੀਅਤ ਨਾਲ ਉਨ੍ਹਾਂ ਨੂੰ ਚੋਣ ਜਿੱਤਣ ਵਿਚ ਮੁੜ ਸਫਲਤਾ ਮਿਲੀ।


2010-11 ਵਿਚ ਅਰਬ ਦੇਸ਼ਾਂ ਵਿਚ ਉਥੋਂ ਦੇ ਤਾਨਾਸ਼ਾਹ ਹੁਕਮਰਾਨਾਂ ਦੇ ਖਿਲਾਫ਼ ਜਨਤਕ ਅੰਦੋਲਨ ਸ਼ੁਰੂ ਹੋਏ। ਇਨ੍ਹਾਂ ਅੰਦੋਲਨਾਂ ਨੂੰ 'ਅਰਬ ਸਪਰਿੰਗ' ਦੇ ਨਾਂਅ ਨਾਲ ਜਾਣਿਆ ਗਿਆ ਸੀ। ਇਨ੍ਹਾਂ ਅੰਦੋਲਨਾਂ ਵਿਚ ਵੀ ਫੇਸਬੁੱਕ ਅਤੇ ਟਵਿੱਟਰ ਆਦਿ ਸੋਸ਼ਲ ਪਲੇਟਫਾਰਮਾਂ ਨੇ ਵੱਡਾ ਰੋਲ ਅਦਾ ਕੀਤਾ, ਜਿਸ ਦੇ ਸਿੱਟੇ ਵਜੋ ਟੋਨੇਸ਼ੀਆ 'ਤੇ ਲੰਬੇ ਸਮੇਂ ਤੱਕ ਰਾਜ ਕਰਨ ਵਾਲੇ ਰਾਸ਼ਟਰਪਤੀ ਜਾਈਨ ਅਲ-ਐਬੀਡਾਇਨ ਬਿਨ ਅਲੀ ਨੂੰ ਆਪਣੀ ਗੱਦੀ ਛੱਡਣੀ ਪਈ। ਇਸੇ ਤਰ੍ਹਾਂ 30 ਸਾਲ ਤੋਂ ਮਿਸਰ ਦੇ ਰਾਸ਼ਟਰਪਤੀ ਚਲੇ ਆ ਰਹੇ ਹੁਸਨੀ ਮੁਬਾਰਕ ਨੂੰ ਵੀ ਆਪਣੀ ਸੱਤਾ ਗੁਆਉਣੀ ਪਈ। ਉਨ੍ਹਾਂ ਵਿਰੁੱਧ ਮਿਸਰ 'ਚ ਹੋਏ ਅੰਦੋਲਨ ਵਿਚ ਵੀ ਫੇਸਬੁੱਕ ਪਲੇਟਫਾਰਮ ਦਾ ਅਹਿਮ ਰੋਲ ਰਿਹਾ।

ਫਿਲਪਾਈਨ ਦੇ ਰਾਸ਼ਟਰਪਤੀ ਜੋਸਿਫ਼ ਇਸਟਰਾਡਾ ਨੂੰ ਵੀ 2021 ਵਿਚ ਸੋਸ਼ਲ ਮੀਡੀਆ 'ਤੇ ਉਨ੍ਹਾਂ ਵਿਰੁੱਧ ਚੱਲੀ ਮੁਹਿੰਮ ਕਾਰਨ ਆਪਣਾ ਅਹੁਦਾ ਛੱਡਣਾ ਪਿਆ। ਪਹਿਲਾਂ ਉਨ੍ਹਾਂ ਦੇ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਅਧੀਨ ਅੰਦੋਲਨ ਆਰੰਭ ਹੋਇਆ ਸੀ। ਪਰ ਫਿਲਪਾਈਨ ਕਾਂਗਰਸ ਵਿਚ ਇਸ ਸੰਬੰਧੀ ਚਰਚਾ ਦੌਰਾਨ ਉਨ੍ਹਾਂ ਦੇ ਸਮਰਥਕ ਸੰਸਦ ਮੈਂਬਰਾਂ ਨੇ ਇਸ ਹੱਕ ਵਿਚ ਵੋਟਾਂ ਪਾਈਆਂ ਕਿ ਉਨ੍ਹਾਂ ਦੇ ਖਿਲਾਫ਼ ਮੌਜੂਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਪਾਸੇ ਛੱਡ ਕੇ ਉਨ੍ਹਾਂ ਨੂੰ ਸੱਤਾ ਵਿਚ ਬਣੇ ਰਹਿਣ ਦਿੱਤਾ ਜਾਵੇ, ਪਰ ਇਸ ਤੋਂ 2 ਘੰਟੇ ਬਾਅਦ ਮਨੀਲਾ ਵਿਚ ਵੱਡੀ ਗਿਣਤੀ ਵਿਚ ਲੋਕ ਉਨ੍ਹਾਂ ਦੇ ਖਿਲਾਫ਼ ਸੜਕਾਂ 'ਤੇ ਆਉਣੇ ਸ਼ੁਰੂ ਹੋ ਗਏ ਤੇ ਲੋਕਾਂ ਤੱਕ ਜੋਸਿਫ਼ ਇਸਟਰਾਡਾ ਦਾ ਵਿਰੋਧ ਕਰਨ ਲਈ ਸੁਨੇਹਾ ਪਹੁੰਚਾਉਣ ਵਿਚ ਸੋਸ਼ਲ ਮੀਡੀਆ ਦਾ ਵੱਡਾ ਰੋਲ ਰਿਹਾ ਸੀ ਤੇ ਇਸ ਦੇ ਸਿੱਟੇ ਵਜੋਂ ਇਸਟਰਾਡਾ ਨੂੰ ਆਪਣਾ ਅਹੁਦਾ ਛੱਡਣਾ ਪਿਆ।

ਜੇਕਰ ਭਾਰਤ ਦੀ ਰਾਜਨੀਤੀ ਦੀ ਗੱਲ ਕਰੀਏ, ਤਾਂ ਇਸ ਵਿਚ ਵੀ ਸੋਸ਼ਲ ਮੀਡੀਆ ਦਾ ਪ੍ਰਭਾਵ ਲਗਾਤਾਰ ਵਧਦਾ ਜਾ ਰਿਹਾ ਹੈ। 2014 ਦੀ ਲੋਕ ਸਭਾ ਦੀ ਚੋਣ ਵਿਚ ਉਸ ਸਮੇਂ ਭਾਰਤੀ ਜਨਤਾ ਪਾਰਟੀ ਵਲੋਂ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਸਨ। ਉਨ੍ਹਾਂ ਦੀ ਚੋਣ ਮੁਹਿੰਮ ਦੀ ਯੋਜਨਾਬੰਦੀ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਿਚ ਮਾਹਿਰ ਪ੍ਰਸ਼ਾਂਤ ਕਿਸ਼ੋਰ ਵਲੋਂ ਕੀਤੀ ਜਾ ਰਹੀ ਸੀ। ਪ੍ਰਸ਼ਾਂਤ ਕਿਸ਼ੋਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰਕੇ ਭਾਜਪਾ ਅਤੇ ਉਸ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਸ੍ਰੀ ਨਰਿੰਦਰ ਮੋਦੀ ਨੂੰ ਕਾਫ਼ੀ ਲਾਭ ਪਹੁੰਚਾਇਆ। ਕਾਂਗਰਸ ਤੇ ਹੋਰ ਪਾਰਟੀਆਂ ਉਸ ਸਮੇਂ ਸ੍ਰੀ ਨਰਿੰਦਰ ਮੋਦੀ ਦੀ ਸੋਸ਼ਲ ਮੀਡੀਆ 'ਤੇ ਚੱਲੀ ਪ੍ਰਚਾਰ ਮੁਹਿੰਮ ਦਾ ਮੁਕਾਬਲਾ ਕਰਨ ਵਿਚ ਨਾਕਾਮ ਰਹੀਆਂ। ਇਸ ਤੋਂ ਬਾਅਦ ਦੇਸ਼ ਦੀਆਂ ਸਭ ਰਾਜਨੀਤਕ ਪਾਰਟੀਆਂ ਆਪੋ-ਆਪਣੇ ਆਈ.ਟੀ. ਸੈੱਲ ਬਣਾਉਣ ਵੱਲ ਰੁਚਿਤ ਹੋਈਆਂ ਅਤੇ 2014 ਤੋਂ ਬਾਅਦ ਦੇਸ਼ ਵਿਚ ਹੋਈਆਂ ਸਾਰੀਆਂ ਵਿਧਾਨ ਸਭਾਈ ਅਤੇ ਲੋਕ ਸਭਾ ਦੀਆਂ ਚੋਣਾਂ ਵਿਚ ਫੇਸਬੁੱਕ, ਯੂ-ਟਿਊਬ, ਟਵਿੱਟਰ ਅਤੇ ਵਟਸਐਪ ਆਦਿ ਮੀਡੀਆ ਪਲੇਟਫਾਰਮਾਂ ਦੀ ਚੋਖੀ ਵਰਤੋਂ ਹੁੰਦੀ ਰਹੀ।

ਜੇਕਰ ਪਿਛਲੇ ਕੁਝ ਦਹਾਕਿਆਂ ਵਿਚ ਦੇਸ਼ ਵਿਚ ਚੱਲੇ ਰਾਜਨੀਤਕ ਅਤੇ ਸਮਾਜਿਕ ਅੰਦੋਲਨਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿਚ ਸੋਸ਼ਲ ਮੀਡੀਆ ਦੀ ਵਰਤੋਂ 2011 ਤੋਂ ਹੀ ਸ਼ੁਰੂ ਹੋ ਗਈ ਸੀ। ਇਸ ਪ੍ਰਸੰਗ ਵਿਚ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਦਿੱਲੀ ਵਿਚ ਹੋਏ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨੂੰ ਵੇਖਿਆ ਜਾ ਸਕਦਾ ਹੈ। ਇਸ ਅੰਦੋਲਨ ਨਾਲ ਅਰਵਿੰਦ ਕੇਜਰੀਵਾਲ, ਕੁਮਾਰ ਵਿਸ਼ਵਾਸ, ਜੋਗਿੰਦਰ ਯਾਦਵ, ਕਿਰਨ ਬੇਦੀ ਅਤੇ ਹੋਰ ਬਹੁਤ ਸਾਰੀਆਂ ਅਹਿਮ ਸ਼ਖ਼ਸੀਅਤਾਂ ਤੇ ਪੜ੍ਹੇ-ਲਿਖੇ ਨੌਜਵਾਨ ਜੁੜੇ ਸਨ ਅਤੇ ਇਨ੍ਹਾਂ ਨੌਜਵਾਨਾਂ ਵਲੋਂ ਇਸ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦਾ ਵਿਸਥਾਰ ਕਰਨ ਲਈ ਸੋਸ਼ਲ ਮੀਡੀਆ ਦੀ ਬੇਹੱਦ ਵਰਤੋਂ ਕੀਤੀ ਗਈ ਸੀ।

16 ਦਸੰਬਰ, 2012 ਨੂੰ ਦਿੱਲੀ ਵਿਚ ਇਕ ਵਿਦਿਆਰਥਣ (ਜਿਸ ਨੂੰ ਨਿਰਭੈਆ ਦਾ ਨਾਂਅ ਦਿੱਤਾ ਗਿਆ ਸੀ।) ਦਾ ਬੱਸ ਵਿਚ 9 ਵਿਅਕਤੀਆਂ ਵਲੋਂ ਬੜੀ ਬੇਰਹਿਮੀ ਨਾਲ ਜਬਰ ਜਨਾਹ ਕੀਤਾ ਗਿਆ। ਇਸ ਵਿਰੁੱਧ ਦਿੱਲੀ ਵਿਚ ਜ਼ੋਰਦਾਰ ਅੰਦੋਲਨ ਹੋਇਆ, ਜਿਸ ਨੂੰ 'ਨਿਰਭੈਆ ਮੂਵਮੈਂਟ' ਵਜੋਂ ਜਾਣਿਆ ਜਾਂਦਾ ਹੈ। ਨੌਜਵਾਨਾਂ ਨੇ ਇਸ ਅੰਦੋਲਨ ਦੀ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਅਗਵਾਈ ਕੀਤੀ ਸੀ ਅਤੇ ਉਸ ਸਮੇਂ ਦੀ ਕਾਂਗਰਸ ਪਾਰਟੀ ਦੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੂੰ ਇਸ ਅੰਦੋਲਨ ਨੇ ਇਕ ਤਰ੍ਹਾਂ ਨਾਲ ਹਿਲਾ ਕੇ ਰੱਖ ਦਿੱਤਾ ਸੀ। ਇਸ ਅੰਦੋਲਨ ਨਾਲ ਵੀ ਭਾਰਤ ਵਿਚ ਸੋਸ਼ਲ ਮੀਡੀਆ ਦੀ ਤਾਕਤ ਦਾ ਸਭ ਨੂੰ ਅਹਿਸਾਸ ਹੋਇਆ ਸੀ। ਤੇਲੰਗਾਨਾ ਨਾਂਅ ਦਾ ਵੱਖਰਾ ਸੂਬਾ ਬਣਾਉਣ ਦੀ ਚੱਲੀ ਲਹਿਰ ਵਿਚ ਵੀ ਸੋਸ਼ਲ ਮੀਡੀਆ ਦਾ ਕਾਫ਼ੀ ਵੱਡਾ ਰੋਲ ਰਿਹਾ। ਪਰ ਇਸ ਦੀ ਜ਼ਿਆਦਾ ਉੱਘੀ ਮਿਸਾਲ 2020-21 ਵਿਚ ਦਿੱਲੀ ਦੀਆਂ ਬਰੂਹਾਂ 'ਤੇ ਹੋਏ ਇਤਿਹਾਸਕ ਕਿਸਾਨ ਅੰਦੋਲਨ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਮੋਦੀ ਸਰਕਾਰ ਵਲੋਂ ਬਣਾਏ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ ਲੈ ਕੇ ਦੇਸ਼ ਦੀਆਂ ਤਿੰਨ ਦਰਜਨ ਤੋਂ ਵੱਧ ਕਿਸਾਨ ਜਥੇਬੰਦੀਆਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਅਣਮਿੱਥੇ ਸਮੇਂ ਲਈ ਧਰਨੇ ਸ਼ੁਰੂ ਕਰ ਦਿੱਤੇ ਸਨ। ਇਸ ਕਿਸਾਨ ਅੰਦੋਲਨ ਦੀ ਦੇਸ਼-ਵਿਦੇਸ਼ ਦੇ ਨੌਜਵਾਨ ਵਰਗ ਅਤੇ ਬਹੁਤ ਸਾਰੇ ਸਮਾਜਿਕ ਸੰਗਠਨਾਂ ਨੇ ਡਟ ਕੇ ਮਦਦ ਕੀਤੀ ਸੀ। ਸੰਯੁਕਤ ਕਿਸਾਨ ਮੋਰਚੇ ਵਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ-ਫੇਸਬੁੱਕ, ਯੂ-ਟਿਊਬ ਅਤੇ ਟਵਿੱਟਰ 'ਤੇ ਆਪਣੇ ਖਾਤੇ ਬਣਾਏ ਗਏ ਅਤੇ ਉਨ੍ਹਾਂ ਖਾਤਿਆਂ ਰਾਹੀਂ ਹਰ ਰੋਜ਼ ਕਿਸਾਨ ਅੰਦੋਲਨ ਸੰਬੰਧੀ ਪੂਰੀ ਪੂਰੀ ਜਾਣਕਾਰੀ ਦਿੱਤੀ ਜਾਂਦੀ ਸੀ। ਇਸ ਕਿਸਾਨ ਅੰਦੋਲਨ ਨੂੰ ਫੈਲਾਉਣ ਅਤੇ ਸਫਲ ਬਣਾਉਣ ਵਿਚ ਸੋਸ਼ਲ ਮੀਡੀਆ ਦਾ ਬਹੁਤ ਵੱਡਾ ਹਿੱਸਾ ਰਿਹਾ।



ਜੇਕਰ ਦੇਸ਼ ਦੀ ਅਜੋਕੀ ਰਾਜਨੀਤੀ ਦੀ ਗੱਲ ਕਰੀਏ ਤਾਂ ਇਸ ਸਮੇਂ ਲਗਭਗ ਦੇਸ਼ ਦੀਆਂ ਸਾਰੀਆਂ ਖੇਤਰੀ ਅਤੇ ਕੌਮੀ ਪਾਰਟੀਆਂ ਸੋਸ਼ਲ ਮੀਡੀਆ ਦੀ ਵੱਡੀ ਪੱਧਰ 'ਤੇ ਵਰਤੋਂ ਕਰ ਰਹੀਆਂ ਹਨ ਅਤੇ ਉਨ੍ਹਾਂ ਨੇ ਆਪੋ-ਆਪਣੇ ਆਈ.ਟੀ. ਸੈੱਲ ਬਣਾਏ ਹੋਏ ਹਨ। ਖ਼ਾਸ ਕਰਕੇ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਆਪਣੀਆਂ ਰਾਜਨੀਤਕ ਸਰਗਰਮੀਆਂ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਬੇਹੱਦ ਵਰਤੋਂ ਕਰ ਰਹੀਆਂ ਹਨ, ਪਰ ਰਾਜਨੀਤੀ ਦੇ ਖੇਤਰ ਵਿਚ ਸੋਸ਼ਲ ਮੀਡੀਆ ਦੀ ਸਾਰਥਿਕ ਤੇ ਸੁਚੱਜੀ ਵਰਤੋਂ ਹੀ ਨਹੀਂ ਹੋ ਰਹੀ, ਸਗੋਂ ਇਸ ਦੀ ਖੁੱਲ੍ਹ ਕੇ ਦੁਰਵਰਤੋਂ ਵੀ ਹੋ ਰਹੀ ਹੈ। ਵੱਖ-ਵੱਖ ਰਾਜਨੀਤਕ ਪਾਰਟੀਆਂ ਖ਼ਾਸ ਕਰਕੇ ਸੱਤਾਧਾਰੀ ਪਾਰਟੀਆਂ ਸੋਸ਼ਲ ਮੀਡੀਆ ਰਾਹੀਂ ਆਪਣੇ ਵਿਰੋਧੀਆਂ ਨੂੰ ਬਦਨਾਮ ਕਰਨ ਲਈ ਗ਼ਲਤ ਖ਼ਬਰਾਂ, ਗ਼ਲਤ ਵੀਡੀਓ ਅਤੇ ਗ਼ਲਤ ਕਿਸਮ ਦੀ ਹੋਰ ਸਮੱਗਰੀ ਵੀ ਪਾਉਂਦੀਆਂ ਹਨ ਅਤੇ ਇਸ ਤਰ੍ਹਾਂ ਦੀ ਸਮੱਗਰੀ ਦਾ ਹਕੀਕਤਾਂ ਤੇ ਤੱਥਾਂ ਨਾਲ ਬਹੁਤੀ ਵਾਰ ਕੋਈ ਸੰਬੰਧ ਨਹੀਂ ਹੁੰਦਾ। ਸਿਆਸੀ ਪਾਰਟੀਆਂ ਅਤੇ ਹੋਰ ਸੰਗਠਨਾਂ ਵਲੋਂ ਆਪਣੇ ਵਿਰੋਧੀਆਂ ਖ਼ਿਲਾਫ਼ ਨਫ਼ਰਤ ਅਤੇ ਭੜਕਾਹਟ ਪੈਦਾ ਕਰਨ ਲਈ ਵੀ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਕਈ ਵਾਰ ਫ਼ਸਾਦ ਹੋਣ ਤੱਕ ਦੀ ਨੌਬਤ ਆ ਜਾਂਦੀ ਹੈ। ਅੱਜਕਲ੍ਹ ਅਕਸਰ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਨੇਤਾਵਾਂ ਦਰਮਿਆਨ ਟਵਿੱਟਰ 'ਤੇ ਜੰਗ ਵਰਗੀ ਸਥਿਤੀ ਬਣੀ ਰਹਿੰਦੀ ਹੈ। ਇਨ੍ਹਾਂ ਪਾਰਟੀਆਂ ਦੇ ਨੇਤਾਵਾਂ ਵਲੋਂ ਇਕ-ਦੂਜੇ ਦੇ ਖਿਲਾਫ਼ ਟਵਿੱਟਰ 'ਤੇ ਟਵੀਟ ਕੀਤੇ ਜਾਂਦੇ ਹਨ, ਜਿਨ੍ਹਾਂ ਨਾਲ ਵੱਡੀ ਪੱਧਰ 'ਤੇ ਵਿਵਾਦ ਛਿੜਦੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਿਚ ਸਰਕਾਰ ਚੱਲ ਰਹੀ ਹੈ। ਮੁੱਖ ਮੰਤਰੀ ਵਲੋਂ ਵੀ ਅਕਸਰ ਹੀ ਆਪਣੇ ਵਿਰੋਧੀਆਂ ਦੇ ਖ਼ਿਲਾਫ਼ ਟਵਿੱਟਰ 'ਤੇ ਟਵੀਟ ਕੀਤੇ ਜਾਂਦੇ ਹਨ, ਜੋ ਕਿ ਕਈ ਵਾਰ ਹਲਕੀ ਸ਼ਬਦਾਵਲੀ ਵਾਲੇ ਹੁੰਦੇ ਹਨ। ਇਨ੍ਹਾਂ ਦੇ ਪੰਜਾਬ ਦੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ, ਬਿਕਰਮ ਸਿੰਘ ਮਜੀਠੀਆ, ਨਵਜੋਤ ਸਿੰਘ ਸਿੱਧੂ ਆਦਿ ਵਲੋਂ ਵੀ ਤੁਰੰਤ ਤੇ ਤਿੱਖੇ ਜਵਾਬ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਪੰਜਾਬ 'ਚ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਨੇ ਚੰਡੀਗੜ੍ਹ ਵਿਚ ਵੀ ਇਕ ਵੱਡਾ ਆਈ.ਟੀ. ਸੈੱਲ ਬਣਾਇਆ ਹੋਇਆ ਹੈ, ਜਿਹੜਾ ਸਰਕਾਰ ਦੀਆਂ ਪ੍ਰਾਪਤੀਆਂ ਦੱਸਣ ਦੇ ਨਾਲ-ਨਾਲ ਵਿਰੋਧੀ ਪਾਰਟੀਆਂ ਦੇ ਖਿਲਾਫ਼ ਲਗਾਤਾਰ ਪ੍ਰਚਾਰ ਕਰਨ ਵਿਚ ਰੁੱਝਾ ਰਹਿੰਦਾ ਹੈ। ਇਸੇ ਕਰਕੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਬਹੁਤ ਸਾਰੇ ਆਜ਼ਾਦ ਤੇ ਨਿਰਪੱਖ ਪੱਤਰਕਾਰ, ਬੁੱਧੀਜੀਵੀ ਅਤੇ ਲੇਖਕ ਹੁਣ ਇਹ ਮਹਿਸੂਸ ਕਰਨ ਲੱਗੇ ਹਨ ਕਿ ਸੋਸ਼ਲ ਮੀਡੀਆ ਆਮ ਲੋਕਾਂ ਲਈ ਵਿਚਾਰ ਪ੍ਰਗਟ ਕਰਨ ਦਾ ਇਕ ਸੁਤੰਤਰ ਮੰਚ ਨਹੀਂ ਰਿਹਾ, ਸਗੋਂ ਇਸ 'ਤੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਈ.ਟੀ. ਸੈੱਲ ਭਾਰੂ ਹੋ ਗਏ ਹਨ ਅਤੇ ਜਦੋਂ ਵੀ ਇਨ੍ਹਾਂ ਰਾਜਨੀਤਕ ਪਾਰਟੀਆਂ ਦੇ ਖਿਲਾਫ਼ ਆਜ਼ਾਦ ਤੇ ਨਿਰਪੱਖ ਵਿਚਾਰ ਰੱਖਣ ਵਾਲੇ ਲੋਕਾਂ ਵਲੋਂ ਕੋਈ ਪੋਸਟ ਪਾਈ ਜਾਂਦੀ ਹੈ ਤਾਂ ਵੱਖ-ਵੱਖ ਪਾਰਟੀਆਂ ਦੇ ਆਈ.ਟੀ. ਸੈੱਲਾਂ ਵਿਚ ਕੰਮ ਕਰਦੇ ਲੋਕ ਆਪੋ-ਆਪਣੀ ਆਈ.ਡੀ. ਤੋਂ ਜਾਂ ਕਈ ਵਾਰ ਜਾਅਲੀ ਬਣਾਈਆਂ ਗਈਆਂ ਆਈ.ਡੀਜ਼ ਤੋਂ ਪੋਸਟਾਂ ਪਾ ਕੇ ਆਜ਼ਾਦ ਤੇ ਨਿਰਪੱਖ ਆਲੋਚਨਾ ਕਰਨ ਵਾਲਿਆਂ ਨੂੰ ਨਿਰਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੋਸ਼ਲ ਮੀਡੀਆ ਦਾ ਇਕ ਪੱਖ ਇਹ ਵੀ ਹੈ ਕਿ ਕੇਂਦਰ ਤੋਂ ਲੈ ਕੇ ਰਾਜ ਸਰਕਾਰਾਂ ਤੱਕ ਸੋਸ਼ਲ ਮੀਡੀਆ 'ਤੇ ਆਪਣੇ ਵਿਭਾਗਾਂ ਰਾਹੀਂ ਸਖ਼ਤ ਨਜ਼ਰ ਰੱਖਦੀਆਂ ਹਨ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਪ੍ਰਬੰਧਕਾਂ 'ਤੇ ਦਬਾਅ ਪਾ ਕੇ ਸਰਕਾਰ ਵਿਰੋਧੀ ਪੋਸਟਾਂ ਪਲੇਟਫਾਰਮਾਂ ਤੋਂ ਡਲੀਟ ਕਰਵਾ ਦਿੰਦੀਆਂ ਹਨ। ਸਰਕਾਰਾਂ ਵਲੋਂ ਆਪਣੇ ਆਲੋਚਕਾਂ ਨੂੰ ਪੁਲਿਸ ਤੇ ਹੋਰ ਸਰਕਾਰੀ ਏਜੰਸੀਆਂ ਰਾਹੀਂ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ। ਇਹ ਤਾਂ ਸਰਕਾਰਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸਮਾਜ ਵਿਰੋਧੀ ਤੇ ਨਫ਼ਰਤ ਪੈਦਾ ਕਰਨ ਵਾਲੀਆਂ ਪੋਸਟਾਂ ਜਾਂ ਸਮੱਗਰੀ ਤਾਂ ਜ਼ਰੂਰ ਡਲੀਟ ਕਰਵਾਉਣ ਪਰ ਤੱਥਾਂ ਤੇ ਸਬੂਤਾਂ ਦੇ ਆਧਾਰ 'ਤੇ ਪਾਈਆਂ ਪੋਸਟਾਂ ਨੂੰ ਡਲੀਟ ਕਰਵਾਉਣਾ ਮੀਡੀਆ ਦੀ ਆਜ਼ਾਦੀ ਨੂੰ ਸੀਮਤ ਕਰਨ ਵਾਲਾ ਅਮਲ ਹੀ ਮੰਨਿਆ ਜਾਵੇਗਾ।

ਇਸ ਸਭ ਕੁਝ ਦੇ ਬਾਵਜੂਦ ਅਜੋਕੇ ਸਮੇਂ ਵਿਚ ਸੋਸ਼ਲ ਮੀਡੀਆ ਇਕ ਬਹੁਤ ਵੱਡੀ ਤਾਕਤ ਦੇ ਤੌਰ 'ਤੇ ਉੱਭਰ ਰਿਹਾ ਹੈ। ਆਉਣ ਵਾਲੇ ਸਮੇਂ ਵਿਚ ਇਸ ਤਾਕਤ ਦੇ ਹੋਰ ਵਧਣ ਦੀ ਸੰਭਾਵਨਾ ਹੈ, ਪਰ ਇਹ ਸਵਾਲ ਬੇਹੱਦ ਮਹੱਤਵਪੂਰਨ ਹੋ ਗਿਆ ਹੈ ਕਿ ਸੋਸ਼ਲ ਮੀਡੀਆ 'ਤੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਈ.ਟੀ. ਸੈੱਲਾਂ ਅਤੇ ਸਰਕਾਰਾਂ ਵਲੋਂ ਕੀਤੇ ਜਾਂਦੇ ਗ਼ਲਤ ਅਤੇ ਗੁਮਰਾਹਕੁੰਨ ਪ੍ਰਚਾਰ ਨੂੰ ਕਿਸ ਤਰ੍ਹਾਂ ਨਿਯਮਤ ਕੀਤਾ ਜਾਵੇ ਅਤੇ ਉਨ੍ਹਾਂ ਤੋਂ ਸੋਸ਼ਲ ਮੀਡੀਆ 'ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਵੀ ਕਿਵੇਂ ਬਚਾ ਕੇ ਰੱਖਿਆ ਜਾਵੇ?

# ਸ੍ਰੀ ਹਰਿਕ੍ਰਿਸ਼ਨ ਧਿਆਈਐ...

**ਪ੍ਰੋ. ਨਵ ਸੰਗੀਤ ਸਿੰਘ**



ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਦੀ ਕੁੱਖੋਂ 1656 ਈ. ਨੂੰ ਕੀਰਤਪੁਰ ਵਿਖੇ ਹੋਇਆ। ਗੁਰੂ ਹਰਿਰਾਇ ਜੀ ਦਾ ਇਕ ਵੱਡਾ ਸਪੁੱਤਰ ਵੀ ਸੀ- ਰਾਮਰਾਇ, ਜੋ ਗੁਰੂ ਹਰਿਕ੍ਰਿਸ਼ਨ ਜੀ ਤੋਂ ਕਰੀਬ ਦਸ ਸਾਲ ਵੱਡਾ ਸੀ। ਪਰ ਗੁਰੂ ਹਰਿਰਾਇ ਜੀ ਨੇ ਰਾਮਰਾਇ ਦੀਆਂ ਆਪ ਹੁਦਰੀਆਂ ਅਤੇ ਕਰਾਮਾਤਾਂ ਆਦਿ ਨੂੰ ਵੇਖ ਕੇ, ਜੋ ਉਹਨੇ ਔਰੰਗਜ਼ੇਬ ਕੋਲ ਵਿਖਾਈਆਂ ਸਨ, ਉਸ ਨੂੰ ਗੁਰਗੱਦੀ ਦੇ ਯੋਗ ਨਹੀਂ ਸਮਝਿਆ। ਅਸਲ ਵਿਚ ਰਾਮਰਾਇ ਨੇ ਔਰੰਗਜ਼ੇਬ ਕੋਲ ਜਾ ਕੇ ਗੁਰਬਾਣੀ ਦੀ ਇਕ ਪੰਕਤੀ 'ਮਿੱਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥' (ਆਸਾ ਦੀ ਵਾਰ, ਅੰਗ 466) ਨੂੰ ਬਦਲ ਦਿੱਤਾ ਸੀ ਅਤੇ ਇਸ ਵਿਚਲੇ ਸ਼ਬਦ 'ਮੁਸਲਮਾਨ' ਨੂੰ 'ਬੇਈਮਾਨ' ਦੱਸਿਆ ਸੀ। ਰਾਮਰਾਇ ਨੇ ਗੁਰਗੱਦੀ ਪ੍ਰਾਪਤ ਕਰਨ ਲਈ ਬਹੁਤ ਹੱਥ-ਪੈਰ ਮਾਰੇ, ਸਰਕਾਰੇ-ਦਰਬਾਰੇ ਪਹੁੰਚ ਕੀਤੀ, ਧੀਰਮੱਲ ਨੂੰ ਵੀ ਚਿੱਠੀ ਲਿਖੀ, ਪਰ ਗੁਰੂ ਹਰਿਰਾਇ ਜੀ ਨੇ ਉਹਨੂੰ ਆਪਣੇ ਮੂੰਹ ਨਹੀਂ ਲਾਇਆ ਅਤੇ ਰਾਮ-ਰਾਈਆਂ ਨੂੰ ਪੰਥ ਵਿਚੋਂ ਛੇਕ ਦਿੱਤਾ। ਆਪਣੇ ਅੰਤਿਮ ਸਮੇਂ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਦਾ ਵਾਰਿਸ ਬਣਾਇਆ। ਇਉਂ ਪਿਤਾ ਦੀ ਆਗਿਆ ਮੁਤਾਬਿਕ 1661 ਈ. ਨੂੰ, ਜਦੋਂ ਸ੍ਰੀ ਹਰਿਕ੍ਰਿਸ਼ਨ ਜੀ ਦੀ ਉਮਰ ਸਿਰਫ਼ ਸਵਾ ਪੰਜ ਸਾਲ ਦੀ ਸੀ, ਆਪ ਨੂੰ ਗੁਰਗੱਦੀ ਦਾ ਤਿਲਕ ਲਾਇਆ ਗਿਆ। ਛੋਟੇ ਭਰਾ ਨੂੰ ਗੁਰਿਆਈ ਮਿਲਣ 'ਤੇ ਰਾਮਰਾਇ ਬੜਾ ਔਖਾ ਹੋਇਆ। ਉਹਨੇ ਧੀਰਮਲ (ਬਾਬਾ ਗੁਰਦਿੱਤਾ ਜੀ ਦਾ ਵੱਡਾ ਲੜਕਾ। ਬਾਬਾ ਗੁਰਦਿੱਤਾ ਗੁਰੂ ਹਰਿਗੋਬਿੰਦ ਸਾਹਿਬ ਦਾ ਵੱਡਾ ਸਪੁੱਤਰ ਸੀ। ਬਾਬਾ ਗੁਰਦਿੱਤਾ ਦੇ ਦੋ ਲੜਕੇ ਸਨ- ਧੀਰਮੱਲ ਤੇ ਸ੍ਰੀ ਹਰਿਰਾਇ ਜੀ, ਜੋ ਪਿੱਛੋਂ ਸੱਤਵੇਂ ਗੁਰੂ ਬਣੇ) ਨਾਲ ਸਲਾਹ ਕਰ ਕੇ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢਿਆ ਅਤੇ ਗੁਰੂ ਬਣਨ ਦਾ ਦਾਅਵਾ ਕੀਤਾ। ਪਰ ਸਿੱਖ ਉਹਦੇ ਪਿੱਛੇ ਨਾ ਲੱਗੇ। ਫਿਰ ਉਸ ਨੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ। ਪਹਿਲਾਂ ਤਾਂ ਬਾਦਸ਼ਾਹ ਦਖ਼ਲ ਨਹੀਂ ਦੇਣਾ ਚਾਹੁੰਦਾ ਸੀ, ਫਿਰ ਉਸ ਨੇ ਸੋਚਿਆ ਕਿ ਗੁਰੂ ਬਣ ਕੇ ਰਾਮਰਾਇ ਸਰਕਾਰੀ ਨੀਤੀ ਮੁਤਾਬਿਕ ਚੱਲੇਗਾ ਤੇ ਹਕੂਮਤ ਇਸ ਪਾਸੋਂ ਬੇਫ਼ਿਕਰ ਹੋ ਜਾਵੇਗੀ। ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਕਿਹਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਆਦਰ ਸਹਿਤ ਦਿੱਲੀ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ। ਰਾਜਾ ਜੈ ਸਿੰਘ ਗੁਰੂ ਘਰ ਦਾ ਸ਼ਰਧਾਲੂ ਸੀ ਅਤੇ ਉਹਨੇ ਔਰੰਗਜ਼ੇਬ ਦੇ ਹੁਕਮ ਮੁਤਾਬਿਕ ਸ਼ਾਹੀ ਕਾਸਦ ਨੂੰ ਚਿੱਠੀ ਲਿਖ ਕੇ ਕੀਰਤਪੁਰ ਸਾਹਿਬ ਭੇਜਿਆ ਤਾਂ ਗੁਰੂ ਜੀ ਨੇ ਗੁਰੂ-ਪਿਤਾ ਦੇ ਅੰਤਿਮ ਆਦੇਸ਼ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ' ਨੂੰ ਸਮਰਪਿਤ ਹੋ ਕੇ ਔਰੰਗਜ਼ੇਬ ਨੂੰ ਦਿੱਲੀ ਜਾ ਕੇ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ ਪਰ ਜਦੋਂ ਰਾਜਾ ਜੈ ਸਿੰਘ ਨੇ ਦਿੱਲੀ ਦੀ ਸੰਗਤ ਦੀ ਇੱਛਾ ਮੁਤਾਬਿਕ ਚਰਨ ਪਾਉਣ ਦੀ ਬੇਨਤੀ ਕੀਤੀ ਤਾਂ ਆਪ ਨੇ ਸੰਗਤ ਦੀ ਅਰਜ਼ੋਈ ਨੂੰ ਪ੍ਰਵਾਨ ਕਰਦਿਆਂ ਦਿੱਲੀ ਵੱਲ ਚਾਲੇ ਪਾ ਦਿੱਤੇ। ਆਪ ਦੇ ਨਾਲ ਮਾਤਾ ਕ੍ਰਿਸ਼ਨ ਕੌਰ ਅਤੇ ਹੋਰ ਮੁਖੀ ਸਿੱਖ ਵੀ ਜਾਣ ਨੂੰ ਤਿਆਰ ਹੋ ਗਏ ਗੁਰੂ ਜੀ ਨੇ ਦਿੱਲੀ ਵੱਲ ਜਾਂਦਿਆਂ ਰਸਤੇ ਵਿਚ ਪੰਜੋਖਰਾ ਦੇ ਸਥਾਨ 'ਤੇ ਕੁਝ ਸਮਾਂ ਵਿਸ਼ਰਾਮ ਕੀਤਾ। ਇੱਥੇ ਹੀ ਇਕ ਪੰਡਿਤ ਜਿਸ ਦਾ ਨਾਂਅ ਲਾਲਚੰਦ ਸੀ, ਗੁਰੂ ਜੀ ਕੋਲ ਆ ਕੇ ਕਹਿਣ ਲੱਗਿਆ- 'ਤੁਸੀਂ ਆਪਣਾ ਨਾਂਅ ਤਾਂ ਹਰਿਕ੍ਰਿਸ਼ਨ ਰੱਖਵਾਇਆ ਹੈ, ਪਰ ਗੀਤਾ ਦਾ ਤੁਹਾਨੂੰ ਕੋਈ ਗਿਆਨ ਹੀ ਨਹੀਂ ਹੈ। ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਦੀ ਰਚਨਾ ਕੀਤੀ ਸੀ, ਤੁਸੀਂ ਗੀਤਾ ਦੇ ਅਰਥ ਹੀ ਕਰ ਕੇ ਵਿਖਾ ਦਿਓ।... ਜਾਣੀਜਾਣ ਸਤਿਗੁਰੂ ਨੇ ਉਸ ਦੀ ਹੰਕਾਰੀ ਬਿਰਤੀ ਨੂੰ ਪਛਾਣ ਲਿਆ ਪਰ ਉਸ ਨੂੰ ਪਿਆਰ ਨਾਲ ਕਿਹਾ, 'ਤੁਸੀਂ ਕਿਸੇ ਵੀ ਆਦਮੀ ਨੂੰ ਲੈ ਆਓ, ਉਹੀ ਗੀਤਾ ਦੇ ਅਰਥ ਕਰ ਕੇ ਦੱਸ ਦੇਵੇਗਾ।'

ਪੰਡਿਤ ਲਾਲਚੰਦ ਪਿੰਡ 'ਚੋਂ ਛੱਜੂ ਝਿਊਰ ਨੂੰ ਲੈ ਆਇਆ, ਜੋ ਗੂੰਗਾ ਅਤੇ ਬੋਲਾ ਸੀ। ਗੁਰੂ ਜੀ ਨੇ ਪੰਡਿਤ ਨੂੰ ਛੱਜੂ ਕੋਲੋਂ ਕੁਝ ਵੀ ਪੁੱਛਣ ਲਈ ਕਿਹਾ। ਪੰਡਿਤ ਨੇ ਜੋ-ਜੋ ਵੀ ਸਲੋਕ ਦੇ ਅਰਥ ਪੁੱਛੇ, ਛੱਜੂ ਨੇ ਉਨ੍ਹਾਂ ਦਾ ਸਟੀਕ ਜਵਾਬ ਦਿੱਤੇ। ਪੰਡਿਤ ਦੀ ਤਸੱਲੀ ਹੋ ਗਈ ਅਤੇ ਉਹ ਗੁਰੂ ਜੀ ਦੇ ਕਦਮਾਂ 'ਤੇ ਢਹਿ ਕੇ ਉਨ੍ਹਾਂ ਦਾ ਸ਼ਰਧਾਲੂ ਬਣ ਗਿਆ।

ਦਿੱਲੀ ਪੁੱਜ ਕੇ ਗੁਰੂ ਜੀ, ਜਿੱਥੇ ਅੱਜਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਉਸ ਸਥਾਨ 'ਤੇ ਠਹਿਰੇ। ਅਸਲ ਵਿਚ ਇਹ ਥਾਂ ਰਾਜਾ ਜੈ ਸਿੰਘ ਦਾ ਬੰਗਲਾ ਸੀ। ਇੱਥੇ ਹਰ ਰੋਜ਼ ਦਿੱਲੀ ਦੀ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੀ ਅਤੇ ਸਤਿਸੰਗ ਵਿਚ ਹਾਜ਼ਰੀ ਭਰਦੀ। ਦਿੱਲੀ ਪੁੱਜ ਕੇ ਵੀ ਜਦੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਦਰਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਔਰੰਗਜ਼ੇਬ ਨੇ ਆਪਣੇ ਪੁੱਤਰ ਮੁਅੱਜ਼ਮ ਨੂੰ ਗੁਰੂ ਜੀ ਕੋਲ ਭੇਜਿਆ। ਗੁਰੂ ਜੀ ਨੇ ਉਸ ਨੂੰ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ। ਜਦੋਂ ਮੁਅੱਜ਼ਮ ਨੇ ਰਾਮਰਾਇ ਨੂੰ ਗੱਦੀ ਨਾ ਦਿੱਤੇ ਜਾਣ ਦੀ ਗੱਲ ਕੀਤੀ ਤਾਂ ਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਗੁਰਗੱਦੀ ਕੋਈ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ ਹੈ। ਰਾਮਰਾਇ ਨੇ ਗੁਰਬਾਣੀ ਦੀ ਪੰਕਤੀ ਬਦਲ ਦਿੱਤੀ ਤਾਂ ਗੁਰੂ-ਪਿਤਾ ਨੇ ਉਸ ਨੂੰ ਤਿਆਗ ਦਿੱਤਾ। ਸ਼ਹਿਜ਼ਾਦਾ ਮੁਅੱਜ਼ਮ ਤੋਂ ਗੁਰੂ ਜੀ ਦੇ ਆਤਮਿਕ ਤੇ ਰੂਹਾਨੀ ਗਿਆਨ ਬਾਰੇ ਸੁਣ ਕੇ ਔਰੰਗਜ਼ੇਬ ਵੀ ਗੁਰੂ ਜੀ ਦੀ ਦੂਰ-ਦ੍ਰਿਸ਼ਟੀ ਤੇ ਸਪਸ਼ੱਟਤਾ ਦਾ ਕਾਇਲ ਹੋ ਗਿਆ।

ਉਨ੍ਹੀਂ ਦਿਨੀਂ ਦਿੱਲੀ ਵਿਚ ਚੇਚਕ ਦੀ ਮਹਾਂਮਾਰੀ ਫੈਲ ਗਈ। ਗੁਰੂ ਜੀ ਨੇ ਦੀਨ-ਦੁਖੀਆਂ ਅਤੇ ਰੋਗੀਆਂ ਦੀ ਬਿਨਾਂ ਕਿਸੇ ਵਿਤਕਰੇ ਤੋਂ ਆਪਣੇ ਹੱਥੀਂ ਸੇਵਾ ਕੀਤੀ।

ਗੁਰੂ ਜੀ ਨੇ ਸੰਗਤਾਂ ਦੇ ਦਸਵੰਧ ਤੇ ਭੇਟਾ ਨੂੰ ਸੇਵਾ ਹਿਤ ਲਾ ਦਿੱਤਾ। ਗੁਰੂ ਜੀ ਦੇ ਦਰਸ਼ਨ ਕਰਨ ਨਾਲ ਰੋਗੀਆਂ ਦੇ ਸਰੀਰਕ ਅਤੇ ਮਾਨਸਿਕ ਰੋਗ ਦੂਰ ਹੋਣ ਲੱਗੇ। ਇਸੇ ਲਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦੇ ਪ੍ਰਥਾਇ ਇਹ ਆਖਿਆ ਹੈ- 'ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ'। ਇਵੇਂ ਹੀ ਰੋਗੀਆਂ ਦੀ ਸੇਵਾ ਕਰਦਿਆਂ ਉਹ ਆਪ ਵੀ ਇਸ ਬਿਮਾਰੀ ਦੀ ਲਪੇਟ ਵਿਚ ਆ ਗਏ। ਉਨ੍ਹਾਂ ਨੂੰ ਤੇਜ਼ ਬੁਖ਼ਾਰ ਹੋ ਗਿਆ ਅਤੇ ਸਰੀਰ ਉੱਤੇ ਚੇਚਕ ਦੇ ਲੱਛਣ ਵਿਖਾਈ ਦੇਣ ਲੱਗੇ। ਆਪਣਾ ਆਖ਼ਰੀ ਸਮਾਂ ਵੇਖ ਕੇ ਆਪ ਨੇ ਸੰਗਤਾਂ ਨੂੰ ਅਗਲੇ ਗੁਰੂ ਬਾਰੇ ਦੱਸਿਆ-'ਬਾਬਾ ਬਕਾਲੇ', ਜਿਸ ਦਾ ਭਾਵ ਸੀ ਕਿ ਅਗਲੇ ਗੁਰੂ ਪਿੰਡ ਬਕਾਲੇ ਵਿਚ ਹਨ, ਜੋ ਰਿਸ਼ਤੇ ਵਿਚ ਉਨ੍ਹਾਂ ਦੇ ਬਾਬਾ, ਭਾਵ ਦਾਦਾ ਜੀ ਲੱਗਦੇ ਹਨ। ਆਪ 1664 ਈ. ਵਿਚ ਦਿੱਲੀ ਵਿਖੇ ਹੀ ਜੋਤੀ ਜੋਤਿ ਸਮਾ ਗਏ। ਆਪ ਦਾ ਸਸਕਾਰ ਯਮਨਾ ਨਦੀ ਦੇ ਕਿਨਾਰੇ ਕੀਤਾ ਗਿਆ, ਜਿੱਥੇ ਅੱਜਕਲ੍ਹ ਗੁਰਦੁਆਰਾ ਬਾਲਾ ਸਾਹਿਬ ਸੁਸ਼ੋਭਿਤ ਹੈ।

*ਪ੍ਰਕਾਸ਼ ਦਿਹਾੜੇ ਤੇ ਵਿਸ਼ੇਸ਼*

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ

**ਸੁਰਜੀਤ ਸਿੰਘ 'ਦਿਲਾ ਰਾਮ'**



ਸਿੱਖ ਧਰਮ ਵਿਚ ਸਭ ਤੋਂ ਛੋਟੀ ਉਮਰ ਦੇ ਸਤਿਗੁਰੂ ਜਿੰਨਾ ਨੂੰ 'ਬਾਲਾ ਪ੍ਰੀਤਮ' ਜਿਹੇ ਲਫਜ਼ਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਉਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦੇ ਅੱਠਵੇਂ ਵਾਰਸ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਹਨ। ਗੁਰੂ ਹਰਿਕ੍ਰਿਸ਼ਨ ਦਾ ਪ੍ਰਕਾਸ਼ 1656 ਈ: ਨੂੰ ਸ੍ਰੀ ਗੁਰੂ ਹਰਿ ਰਾਏ ਜੀ ਦੇ ਗ੍ਰਹਿ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਵਿਖੇ ਹੋਇਆ। ਗੁਰੂ ਹਰਿ ਰਾਏ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਰਾਮਰਾਇ ਜੀ ਨੇ ਔਰੰਗਜ਼ੇਬ ਦੇ ਅਸਰ-ਰਸੂਖ ਵਿਚ ਆ ਕੇ ਉਸ ਨੂੰ ਖੁਸ਼ ਕਰਨ ਦੀ ਖ਼ਾਤਰ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੀ ਪੰਕਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ' ਦੀ ਥਾਂ 'ਮਿੱਟੀ ਬੇਈਮਾਨ ਕੀ' ਕਹਿ ਦਿੱਤਾ ਸੀ, ਜਿਸ ਕਾਰਨ ਗੁਰੂ ਹਰਿ ਰਾਇ ਜੀ ਨੇ ਗੁਰਗੱਦੀ ਦੀ ਜਿੰਮੇਵਾਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਸੌਂਪ ਦਿੱਤੀ। ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਅੱਠਵੇਂ ਗੁਰੂ ਵਜੋਂ 6 ਅਕਤੂਬਰ 1661 ਈ: ਨੂੰ ਗੁਰਿਆਈ ਨਸ਼ੀਨ ਹੋਏ। ਇਸ ਸਮੇਂ ਆਪ ਜੀ ਦੀ ਉਮਰ 5 ਸਾਲ 3 ਮਹੀਨੇ ਦੀ ਸੀ।

ਜਦੋਂ ਇਸ ਗੱਲ ਦਾ ਪਤਾ ਰਾਮ ਰਾਇ ਨੂੰ ਲੱਗਾ ਤਾਂ ਗੁਰੂ ਸਾਹਿਬ ਵਿਰੁੱਧ ਸਾਜਿਸ਼ਾਂ ਦੀ ਵਿਉਂਤਬੰਦੀ ਸ਼ੁਰੂ ਕਰ ਦਿੱਤੀ। ਉਸਨੇ ਆਪਣੇ ਤਾਏ ਧੀਰ ਮੱਲ ਨਾਲ ਸਲਾਹ ਕਰਕੇ ਕੁਝ ਮਸੰਦਾਂ ਨੂੰ ਆਪਣੇ ਨਾਲ ਗੰਢਿਆ ਤੇ ਉਨ੍ਹਾਂ ਰਾਹੀਂ ਆਪਣੇ ਆਪ ਨੂੰ ਗੁਰੂ ਮਸ਼ਹੂਰ ਕਰਨ ਦਾ ਯਤਨ ਕੀਤਾ ਪਰ ਸਿੱਖਾਂ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਫ਼ੈਸਲੇ ਦਾ ਪਤਾ ਸੀ, ਇਸ ਕਰਕੇ ਰਾਮ ਰਾਇ ਨੂੰ ਕਿਸੇ ਨੇ ਵੀ ਗੁਰੂ ਨਾ ਮੰਨਿਆ। ਇੱਧਰੋਂ ਮੂੰਹ ਦੀ ਖਾ ਕੇ ਉਹ ਸਿੱਧਾ ਔਰੰਗਜ਼ੇਬ ਕੋਲ ਪਹੁੰਚਿਆ ਤੇ ਕਿਹਾ ਕਿ ਮੈਂ ਵੱਡਾ ਪੁੱਤਰ ਹਾਂ ਤੇ ਗੁਰਿਆਈ 'ਤੇ ਮੇਰਾ ਹੱਕ ਹੈ। ਰਾਮ ਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਰਹਿ ਕੇ ਕਾਫ਼ੀ ਵਿਉਂਤਾਂ ਗੁੰਦੀਆਂ ਪਰ ਉਹ ਆਪਣੇ ਮਕਸਦ ਵਿਚ ਕਾਮਯਾਬ ਨਾ ਹੋ ਸਕਿਆ। ਔਰੰਗਜ਼ੇਬ ਨੇ ਪਹਿਲਾਂ ਤਾਂ ਇਸ ਮਾਮਲੇ ਵਿਚ ਕੋਈ ਦਖ਼ਲ ਨਾ ਦਿੱਤਾ ਪਰ ਫਿਰ ਉਸ ਨੇ ਵਿਉਂਤ ਗੁੰਦੀ ਕਿ ਜੇਕਰ ਰਾਮ ਰਾਇ ਗੁਰੂ ਬਣ ਕੇ ਸਰਕਾਰੀ ਨੀਤੀ ਅਨੁਸਾਰ ਚੱਲੇਗਾ ਤਾਂ ਹਕੂਮਤ ਇੱਕ ਪਾਸੇ ਬੇ-ਫ਼ਿਕਰ ਹੋ ਜਾਵੇਗੀ। ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਦਿੱਲੀ ਆਉਣ ਲਈ ਸੱਦਾ ਭੇਜਿਆ ਪਰ ਗੁਰੂ ਹਰਿ ਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ 'ਨਹਿ ਮਲੇਸ਼ ਕੋ ਦਰਸ਼ਨ ਦੇਹ ਹੈ' ਕਹਿ ਕੇ ਔਰੰਗਜ਼ੇਬ ਦੇ ਮੱਥੇ ਲੱਗਣ ਤੋਂ ਵਰਜ਼ ਦਿੱਤਾ ਸੀ। ਗੁਰੂ ਹਰਕ੍ਰਿਸ਼ਨ ਜੀ ਨੇ ਪਿਤਾ ਦਾ ਹੁਕਮ ਮੰਨਦਿਆਂ ਸਿੱਖਾਂ ਦੀ ਅਣਖ਼ ਅਤੇ ਸ਼ੋਭਾ ਨੂੰ ਉੱਚਾ ਰੱਖਣ ਲਈ ਦਿੱਲੀ ਦਰਬਾਰ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਜਿਕਰ ਆਉਂਦਾ ਹੈ ਕਿ ਇਕ ਵਾਰ ਆਪ ਪਾਲਕੀ ਵਿਚ ਸਵਾਰ ਹੋ ਕੇ ਕਿਧਰੇ ਜਾ ਰਹੇ ਸਨ ਤਾਂ ਬ੍ਰਾਹਮਣਾਂ ਦਾ ਸਿਖਾਇਆ ਇੱਕ ਕੋਹੜੀ ਗੁਰੂ ਜੀ ਦੀ ਪਾਲਕੀ ਅੱਗੇ ਆ ਕੇ ਲੇਟਿਆ ਤੇ ਰੋਗ ਰਾਜ਼ੀ ਕਰਨ ਬੇਨਤੀ ਕਰਨ ਲੱਗਿਆ। ਬ੍ਰਾਹਮਣਾਂ ਨੂੰ ਸ਼ੰਕਾ ਸੀ ਕਿ ਇਸ ਛੋਟੇ ਬਾਲ ਗੁਰੂ ਵਿਚ ਕੋਹੜੀ ਨੂੰ ਠੀਕ ਕਰਨ ਦੀ ਸਮਰੱਥਾ ਨਹੀਂ ਹੋਵੇਗੀ ਪਰ ਉਨ੍ਹਾਂ ਦੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਗੁਰੂ ਜੀ ਨੇ ਆਪਣਾ ਰੁਮਾਲ ਉਸ ਕੋਹੜੀ ਨੂੰ ਦਿੰਦਿਆਂ ਕਿਹਾ ਕਿ ਇਸ ਨੂੰ ਆਪਣੇ ਸਰੀਰ 'ਤੇ ਫੇਰ ਅਤੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰ। ਇਸ ਤਰ੍ਹਾਂ ਕਰਨ ਨਾਲ ਕੋਹੜੀ ਦਾ ਰੋਗ ਦੂਰ ਹੋ ਗਿਆ ਤੇ ਗੁਰੂ ਦੀ ਕੀਰਤੀ ਦਿਨੋਂ-ਦਿਨ ਹੋਰ ਵੱਧਣ ਲੱਗੀ।

ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਕਿਸੇ ਵੀ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਆਉਣ ਲਈ ਪ੍ਰੇਰਿਤ ਕੀਤਾ ਜਾਵੇ। ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਕਿਹਾ ਕਿ ਤੁਸੀਂ ਗੁਰੂ ਸਾਹਿਬ ਨੂੰ ਆਪਣੇ ਘਰ ਸੱਦੋ। ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵੱਲੋਂ ਸਤਿਗੁਰੂ ਜੀ ਨੂੰ ਦਿੱਲੀ ਆਉਣ ਲਈ ਬੇਨਤੀ ਕਰਨੀ ਤੇ ਬੜੇ ਆਦਰ ਸਤਿਕਾਰ ਨਾਲ ਪਾਲਕੀ 'ਚ ਲੈ ਕੇ ਆਉਣਾ।

ਕੀਰਤਪੁਰ ਦੇ ਆਲੇ-ਦੁਆਲੇ ਦੇ ਜਿੰਨਾ ਲੋਕਾਂ ਨੇ ਸੁਣਿਆ ਕਿ ਗੁਰੂ ਜੀ ਔਰੰਗਜ਼ੇਬ ਦੇ ਸੱਦੇ ਤੇ ਦਿੱਲੀ ਜਾ ਰਹੇ ਹਨ, ਸਭ ਨੂੰ ਤੌਂਖਲਾ ਹੋਇਆ। ਸਤਿਗੁਰੂ ਜੀ ਦੇ ਤੁਰਨ ਸਮੇਂ ਤੱਕ ਸਿੱਖ ਸੰਗਤਾਂ ਦੀ ਭਾਰੀ ਭੀੜ ਬਣ ਗਈ। ਗੁਰੂ ਸਾਹਿਬ ਨੇ ਸਭ ਨੂੰ ਧੀਰਜ ਤੇ ਹੌਂਸਲਾ ਦਿੱਤਾ ਪਰ ਫਿਰ ਵੀ ਸੈਂਕੜੇ ਸਿੱਖ ਨਾਲ ਚੱਲ ਪਏ। ਅੰਬਾਲੇ ਜ਼ਿਲ੍ਹੇ ਦੇ ਇਲਾਕੇ ਪੰਜੋਖਰੇ ਪਹੁੰਚ ਕੇ ਗੁਰੂ ਜੀ ਨੇ ਕੁੱਝ ਉੱਘੇ ਸਿੱਖਾਂ ਤੋਂ ਬਿਨਾਂ, ਬਾਕੀ ਸਭ ਨੂੰ ਵਾਪਸ ਮੋੜ ਦਿੱਤਾ। ਪੰਜੋਖਰੇ ਵਿਚ ਇਕ ਪੰਡਿਤ ਲਾਲ ਚੰਦ ਸੀ। ਉਹ ਬਹੁਤ ਖਿਝਿਆ ਹੋਇਆ ਸੀ ਤੇ ਆਪ ਜੀ ਨੂੰ ਮਿਲਿਆ ਅਤੇ ਕਹਿਣ ਲੱਗਾ, "ਤੁਸੀ ਆਪਣੇ ਆਪ ਨੂੰ ਗੁਰੂ ਹਰਿ ਕ੍ਰਿਸ਼ਨ ਅਖਵਾਉਂਦੇ ਹੋ? ਇਸ ਤਰ੍ਹਾਂ ਆਪ ਸ੍ਰੀ ਕ੍ਰਿਸ਼ਨ ਨਾਲੋਂ ਵੀ ਵੱਡੇ ਬਣਦੇ ਹੋ? ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਲਿਖੀ ਸੀ, ਤੁਸੀਂ ਉਸਦੇ ਅਰਥ ਕਰਕੇ ਹੀ ਵਿਖਾਓ ਅਤੇ ਨਾਲੇ ਸ਼ਾਸ਼ਤਰਾਂ ਦੇ ਅਰਥ ਕਰਨ ਵਿੱਚ ਮੇਰੇ ਨਾਲ ਮੁਕਾਬਲਾ ਕਰ ਲਵੋ।"

ਹੰਕਾਰੀ ਪੰਡਤ ਦੀ ਇਹ ਗੱਲ ਸੁਣ ਕੇ ਬ੍ਰਹਮ-ਗਿਆਨ ਦੇ ਪੁੰਜ ਤੇ ਸਰਬ-ਕਲਾ ਸਮਰੱਥ ਗੁਰੂ ਜੀ ਨੇ ਉਸਨੂੰ ਕਿਹਾ, "ਅਸੀ ਤਾਂ ਰੱਬ ਦੇ ਸੇਵਕ ਹਾਂ। ਵੱਡੇ ਬਣ-ਬਣ ਕੇ ਬਹਿਣਾ ਅਸੀ ਨਹੀਂ ਜਾਣਦੇ ਪਰ ਸਾਡੇ ਨਾਲ ਸ਼ਾਸ਼ਤਰਾਰਥ ਤੁਸੀਂ ਫੇਰ ਕਰਿਓ, ਪਹਿਲਾਂ ਤੁਸੀ ਆਪਣੀ ਮਰਜ਼ੀ ਨਾਲ ਚੁਣੇ ਕਿਸੇ ਸਿੱਖ ਨਾਲ ਟਾਕਰਾ ਵਿਚਾਰ ਕਰ ਵੇਖੋ। ਜਾਓ, ਪਿੰਡ ਵਿੱਚੋਂ ਕੋਈ ਬੰਦਾ ਲੈ ਆਓ, ਉਹ ਤੁਹਾਨੂੰ ਉੱਤਰ ਦੇ ਕੇ ਤੁਹਾਡੀ ਨਿਸ਼ਾ ਕਰੇਗਾ।" ਪੰਡਤ ਲਾਲ ਚੰਦ ਜਾ ਕੇ ਛੱਜੂ ਨਾਂ ਦੇ ਇੱਕ ਮਹਾਂਮੂਰਖ਼ ਬੰਦੇ ਨੂੰ ਲੈ ਆਇਆ ਜੋ ਉਸ ਪਿੰਡ ਦਾ ਝਿਊਰ ਸੀ। ਗੁਰੂ ਜੀ ਨੇ ਛੱਜੂ ਦੀਆਂ ਅੱਖਾਂ ਵਿਚ ਅੱਖਾਂ ਰਲਾ ਕੇ ਉਸਨੂੰ ਕਿਹਾ, "ਛੱਜੂ ਤੂੰ ਹੁਣ ਧਾਰਮਿਕ ਵਿਦਵਾਨ ਬਣ ਗਿਆ ਹੈਂ। ਇਸ ਪੰਡਤ ਨਾਲ ਸ਼ਾਸ਼ਤਰ-ਅਰਥ ਕਰ ਕੇ ਇਸ ਦੀ ਨਿਸ਼ਾ ਕਰ ਦੇ।" ਫਿਰ ਆਪ ਜੀ ਨੇ ਛੱਜੂ ਦੇ ਸਿਰ 'ਤੇ ਆਪਣੀ ਸੋਟੀ ਦਾ ਸਿਰਾ ਰੱਖਿਆ ਅਤੇ ਬ੍ਰਾਹਮਣ ਨੂੰ ਕਿਹਾ, ਪੁੱਛੋ ਜੋ ਪੁੱਛਣਾ ਜੇ।" ਤਾਂ ਪੰਡਤ ਨੇ ਛੱਜੂ ਪਾਸੋਂ ਗੀਤਾ ਦੇ ਔਖੇ ਤੋਂ ਔਖੇ ਵਾਕਾਂ ਦੇ ਅਰਥ ਪੁੱਛੇ ਤੇ ਛੱਜੂ ਫਟਾ-ਫਟ ਦੱਸੀ ਗਿਆ। ਲਾਲ ਚੰਦ ਦਾ ਹੰਕਾਰ ਟੁੱਟ ਗਿਆ, ਉਹ ਗੁਰੂ ਜੀ ਦੇ ਚਰਨੀਂ ਢਹਿ ਕੇ ਸਿੱਖ ਬਣ ਗਿਆ। ਸਤਿਗੁਰੂ ਜੀ ਦੀ ਮਹਿਮਾ ਚਾਰੇ ਪਾਸੇ ਹੋਰ ਫੈਲ ਗਈ।

ਜਦੋਂ ਸੰਗਤ ਸਮੇਤ ਆਪ ਦਿੱਲੀ ਪੁੱਜੇ ਤਾਂ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿੱਚ ਉਤਾਰਾ ਕਰਵਾਇਆ। (ਉਸ ਜਗ੍ਹਾ ਹੁਣ ਬੰਗਲਾ ਸਾਹਿਬ ਗੁਰੂਦੁਆਰਾ ਸੁਸ਼ੋਭਿਤ ਹੈ) ਰਾਜਾ ਜੈ ਸਿੰਘ ਦੀ ਰਾਣੀ ਦੇ ਦਿਲ ਵਿਚ ਗੁਰੂ ਜੀ ਦੀ ਬਾਲਕ ਉਮਰ ਬਾਰੇ ਵਹਿਮ-ਭਰਮ ਕੁਝ ਬ੍ਰਾਹਮਣਾਂ ਨੇ ਭਰ ਦਿੱਤੇ ਸੀ ਰਾਣੀ ਨੇ ਗੁਰੂ ਜੀ ਦੀ ਪਰਖ਼ ਕਰਨੀ ਚਾਹੀ ਤੇ ਹੋਰ ਕਈ ਅਮੀਰ ਘਰਾਣਿਆਂ ਦੀਆਂ ਔਰਤਾਂ ਨੂੰ ਆਪਣੇ ਮਹਿਲ ਵਿਚ ਬੁਲਾ ਲਿਆ ਤੇ ਮਨ ਵਿਚ ਧਾਰ ਲਿਆ ਕਿ ਜੇ ਗੁਰੂ ਸੱਚਾ ਹੈ ਤਾਂ ਇਹਨਾਂ ਸਭਨਾਂ ਨੂੰ ਛੱਡ ਕੇ ਮੇਰੀ ਗੋਦ ਵਿਚ ਆ ਕੇ ਬੈਠੇ। ਬਾਲ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ, ਹੋਰ ਸਭਨਾਂ ਦੇ ਕੋਲੋਂ ਲੰਘ ਕੇ ਰਾਜਾ ਜੈ ਸਿੰਘ ਦੀ ਰਾਣੀ ਦੀ ਗੋਦ ਵਿਚ ਜਾ ਬੈਠੇ। ਰਾਣੀ ਦੀ ਨਿਸ਼ਾ ਹੋ ਗਈ। ਦਿੱਲੀ ਪਹੁੰਚ ਕੇ ਸਤਿਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਦਿੱਲੀ ਦੀ ਸੰਗਤ ਹਰ ਰੋਜ਼ ਰਾਜਾ ਜੈ ਸਿੰਘ ਦੇ ਬੰਗਲੇ ਪਹੁੰਚਣ ਲੱਗੀ। ਸਤਿਸੰਗ ਹੁੰਦਾ ਤੇ ਸੰਗਤਾਂ ਗੁਰੂ ਦੇ ਦਰਸ਼ਨ ਕਰਦੀਆਂ। ਔਰੰਗਜ਼ੇਬ ਨੇ ਆਪਣੇ ਸਾਹਿਬਜ਼ਾਦੇ ਮੁਅੱਜ਼ਮ ਨੂੰ ਭੇਜਿਆ। ਉਸ ਨੂੰ ਗੁਰੂ ਜੀ ਨੇ ਆਤਮਿਕ ਉਪਦੇਸ਼ ਦੇ ਕੇ ਨਿਹਾਲ ਕੀਤਾ।

ਰਾਮ ਰਾਇ ਦੇ ਦਾਅਵੇ ਬਾਰੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਹਿ ਭੇਜਿਆ ਕਿ ਗੁਰਗੱਦੀ ਵਿਰਾਸਤ ਜਾਂ ਜੱਦੀ ਮਲਕੀਅਤ ਨਹੀਂ ਹੈ। ਰਾਮ ਰਾਇ ਨੇ ਗੁਰਬਾਣੀ ਦੀ ਤੁਕ ਉਲਟਾਈ ਤੇ ਪਿਤਾ ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ। ਇਸ ਵਿੱਚ ਕੋਈ ਵਧੀਕੀ ਨਹੀਂ ਅਤੇ ਨਾ ਹੀ ਕਿਸੇ ਨਾਲ ਬੇ-ਇਨਸਾਫ਼ੀ ਹੈ। ਬਾਦਸ਼ਾਹ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਅਜ਼ਮਤ ਨੂੰ ਚੰਗੀ ਤਰ੍ਹਾਂ ਵੇਖ ਚੁੱਕਾ ਸੀ ਪਰ ਔਰੰਗਜ਼ੇਬ ਨੇ ਰਾਮ ਰਾਇ ਦੀ ਚੁੱਕਣਾ 'ਚ ਆ ਕੇ ਉਸ ਨੂੰ ਸੱਤ ਪਿੰਡ ਖੁਰਵੜਾ, ਧਮਵਾਲ, ਚਮਾਧਰੀ, ਦਰਤਨਾਵਲੀ, ਪੰਡਿਤਵਾੜੀ, ਮਿਆਵਲ ਅਤੇ ਰਾਜਪੁਰਾ ਜਾਗੀਰ ਵਜੋਂ ਦੇ ਦਿੱਤੇ। ਇੱਥੇ ਹੀ ਪਿੱਛੋਂ ਡੇਹਰਾਦੂਨ ਵਸਿਆ। ਰਾਮ ਰਾਇ ਆਪਣੀ ਜਾਗੀਰ ਵੱਲ ਚਲਾ ਗਿਆ ਅਤੇ ਆਪਣੀ ਵੱਖਰੀ ਸੰਪ੍ਰਦਾਇ ਬਣਾ ਕੇ ਬੈਠ ਗਿਆ। ਗੁਰੂ ਜੀ ਅਜੇ ਦਿੱਲੀ ਹੀ ਸਨ ਕਿ ਸੰਨ 1664 ਵਿੱਚ ਚੇਚਕ ਦੀ ਬਿਮਾਰੀ ਫੈਲ ਗਈ। ਲੋਕ ਬਿਮਾਰੀ ਕਾਰਨ ਮਰ ਰਹੇ ਸਨ। ਸਭ ਪਾਸੇ ਹਾਹਾਕਾਰ ਮੱਚੀ ਹੋਈ ਸੀ। ਗੁਰੂ ਜੀ ਨੇ ਦੁਖੀ ਗ਼ਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਦਸਵੰਧ ਦੀ ਭੇਟਾ ਨੂੰ ਇਸੇ ਲਈ ਵਰਤਿਆ ਗਿਆ। ਗੁਰੂ ਜੀ ਆਪਣੀ ਪਰਵਾਹ ਨਾ ਕਰਦਿਆਂ ਪੀੜਤਾਂ ਦੀ ਸੇਵਾ ਕਰਨੀ ਸ਼ੁਰੂ ਕੀਤੀ ਜਿਸਦਾ ਨਤੀਜਾ ਇਹ ਨਿਕਲਿਆ ਕਿ ਇਕ ਦਿਨ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਵੀ ਬੁਖ਼ਾਰ ਹੋ ਗਿਆ ਤੇ ਸਤਿਗੁਰੂ ਜੀ ਦੇ ਸਰੀਰ ਉਪਰ ਵੀ ਚੇਚਕ ਨਾਂਅ ਦੀ ਬਿਮਾਰੀ ਦੇ ਲੱਛਣ ਦਿਸਣ ਲੱਗੇ।

ਸਤਿਗੁਰੂ ਜੀ ਨੇ ਆਪਣਾ ਜੋਤੀ-ਜੋਤ ਸਮਾਉਣ ਦਾ ਸਮਾਂ ਨੇੜੇ ਜਾਣ ਬੈਠੀ ਸਾਰੀ ਸੰਗਤ ਨੂੰ ਸੰਕੇਤਕ ਰੂਪ 'ਚ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲੇ', ਜਿਸ ਦਾ ਭਾਵ ਇਹ ਸੀ ਕਿ ਸਾਡੇ ਪਿੱਛੋਂ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਮਹਾਂ ਪੁਰਖ ਪਿੰਡ ਬਕਾਲੇ ਵਿੱਚ ਹੈ। ਇਹ ਕਹਿ ਕੇ ਆਪ 30 ਮਾਰਚ, ਸੰਨ 1664 ਨੂੰ ਜੋਤੀ-ਜੋਤ ਸਮਾ ਗਏ। ਜਮਨਾ ਦੇ ਕੰਢੇ, ਜਿਸ ਜਗ੍ਹਾ ਆਪ ਜੀ ਦਾ ਅੰਤਿਮ ਸੰਸਕਾਰ ਕੀਤਾ ਗਿਆ ਉਸ ਜਗ੍ਹਾ ਹੁਣ ਬਾਲਾ ਸਾਹਿਬ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਜੋਤੀ-ਜੋਤ ਸਮਾਉਣ ਵੇਲੇ ਆਪ ਜੀ ਦੀ ਉਮਰ ਕਰੀਬ ਪੌਣੇ ਕੁ ਅੱਠ ਸਾਲ ਦੀ ਸੀ। ਆਪ ਜੀ ਨੇ ਢਾਈ ਕੁ ਸਾਲ ਹੀ ਗੁਰਿਆਈ ਕੀਤੀ।

# ਰੂਸ 'ਤੇ ਨਿਰਭਰਤਾ ਦੀ ਸਮੀਖਿਆ ਦਾ ਵੇਲਾ

-ਦਿੱਵਿਆ ਕੁਮਾਰ ਸੋਤੀ



*ਯੂਕਰੇਨ ਜੰਗ ਕਾਰਨ ਰੂਸੀ ਰੱਖਿਆ ਉਤਪਾਦਕ ਖੇਤਰ ਪਹਿਲਾਂ ਤੋਂ ਹੀ ਦਬਾਅ ਵਿਚ ਹੈ। ਉਥੇ ਹੀ ਚੀਨ ਨਾਲ ਭਾਰਤ ਦਾ ਤਣਾਅ ਘਟ ਨਹੀਂ ਰਿਹਾ ਹੈ। ਅਮਰੀਕਾ ਨਾਲ ਸਾਡੇ ਫ਼ੌਜੀ ਰਿਸ਼ਤੇ ਜ਼ਰੂਰ ਸੁਧਰ ਰਹੇ ਹਨ ਪਰ ਉਨ੍ਹਾਂ ਦੀ ਕਿਸਮ ਰੱਖਿਆ ਮਹੱਤਵ ਦੇ ਦੂਰਗਾਮੀ ਫ਼ੌਜੀ ਪ੍ਰਾਜੈਕਟਾਂ 'ਤੇ ਜ਼ਿਆਦਾ ਕੇਂਦ੍ਰਿਤ ਹੈ। ਰੂਸ ਅਜੇ ਵੀ ਭਾਰਤ ਦਾ ਸਭ ਤੋਂ ਵੱਡਾ ਫ਼ੌਜੀ ਸਾਜ਼ੋ-ਸਾਮਾਨ ਸਪਲਾਇਰ ਹੈ। ਇਹ ਸਥਿਤੀ ਰਾਤੋਂ-ਰਾਤ ਨਹੀਂ ਬਦਲੀ ਜਾ ਸਕਦੀ।*

ਬੀਤੇ ਹਫ਼ਤੇ ਰੂਸ ਵਿਚ ਵੈਗਨਰ ਸਮੂਹ ਦੀ ਫ਼ੌਜੀ ਬਗ਼ਾਵਤ ਦੀਆਂ ਖ਼ਬਰਾਂ ਨੇ ਪੂਰੀ ਦੁਨੀਆ ਨੂੰ ਹੈਰਾਨ ਕਰਨ ਦਾ ਕੰਮ ਕੀਤਾ। ਜਿੰਨੀ ਤੇਜ਼ੀ ਨਾਲ ਇਸ ਵਿਦਰੋਹ ਦੀ ਚੰਗਿਆੜੀ ਭੜਕੀ, ਓਨੀ ਹੀ ਤੇਜ਼ੀ ਨਾਲ ਸ਼ਾਂਤ ਵੀ ਹੋ ਗਈ। ਇਸ ਤਤਕਾਲ ਸ਼ਾਂਤੀ ਦੇ ਪਿੱਛੇ ਸੌਦੇਬਾਜ਼ੀ ਦੀਆਂ ਖ਼ਬਰਾਂ ਹਨ। ਬਾਖਮੁਟ ਦੀ ਜੰਗ ਵਿਚ ਰੂਸੀ ਜਿੱਤ ਦੇ ਨਾਇਕ ਰਹੇ ਵੈਗਨਰ ਦੇ ਮੁਖੀ ਯੇਗਵੇਨੀ ਪਿ ?ਰਗੋਜ਼ਿਨ ਨੇ ਇਸ ਵਿਦਰੋਹ ਲਈ ਰੂਸੀ ਰੱਖਿਆ ਮੰਤਰੀ ਅਤੇ ਫ਼ੌਜ ਮੁਖੀ ਦੀਆਂ ਗ਼ਲਤ ਨੀਤੀਆਂ ਨੂੰ ਜ਼ਿੰਮੇਵਾਰ ਦੱਸਿਆ।

ਇਸ ਤੋਂ ਪਹਿਲਾਂ ਪੱਛਮੀ ਮੀਡੀਆ ਵਿਚ ਖ਼ਬਰਾਂ ਆਉਂਦੀਆਂ ਰਹੀਆਂ ਕਿ ਪੁਤਿਨ ਦੀ ਬਿਮਾਰੀ ਦੌਰਾਨ ਇਹ ਦੋਵੇਂ ਅਮਰੀਕਾ ਨਾਲ ਕੋਈ ਸਮਝੌਤਾ ਚਾਹੁੰਦੇ ਸਨ। ਇਸ ਲਈ ਅਟਕਲਾਂ ਤੇਜ਼ ਹਨ ਕਿ ਕੀ ਪਿ ?ਰਗੋਜ਼ਿਨ ਦੀ ਬਗ਼ਾਵਤ ਨੂੰ ਪੁਤਿਨ ਦਾ ਮੌਨ ਸਮਰਥਨ ਸੀ ਤਾਂ ਕਿ ਕ੍ਰੈਮਲਿਨ ਵਿਚ ਪੁਤਿਨ ਦੀਆਂ ਨੀਤੀਆਂ ਨਾਲ ਅਸਹਿਮਤ ਧੜੇ ਨੂੰ ਖੁੱਡੇ ਲਾਇਆ ਜਾ ਸਕੇ?

ਪੁਤਿਨ ਕਿਉਂਕਿ ਲੰਬੇ ਸਮੇਂ ਤਕ ਖ਼ੁਫ਼ੀਆ ਅਧਿਕਾਰੀ ਰਹੇ ਹਨ ਤਾਂ ਅਜਿਹੀਆਂ ਅਟਕਲਾਂ ਨੂੰ ਬਲ ਮਿਲਣਾ ਸੁਭਾਵਿਕ ਹੈ। ਸੱਚ ਜੋ ਵੀ ਹੋਵੇ, ਪਿ ?ਰਗੋਜ਼ਿਨ ਦੇ ਨਾਟਕੀ ਵਿਦਰੋਹ ਦੇ ਦੋ ਪ੍ਰਤੱਖ ਨਤੀਜੇ ਨਿਕਲੇ। ਪਹਿਲਾ ਇਹ ਕਿ ਵੈਗਨਰ ਸਮੂਹ ਦੇ ਖ਼ਤਰਨਾਕ ਜੰਗਜੂਆਂ ਦੀ ਬੇਲਾਰੂਸ ਵਿਚ ਤਾਇਨਾਤੀ ਨਾਲ ਪੂਰਬੀ ਯੂਰਪ ਵਿਚ ਤਣਾਅ ਵਧ ਗਿਆ। ਪੋਲੈਂਡ ਅਤੇ ਲਿਥੂਆਨੀਆ ਨੇ ਇਸ ਖ਼ਤਰੇ ਨੂੰ ਲੈ ਕੇ ਬਿਆਨ ਜਾਰੀ ਕੀਤੇ ਹਨ। ਦੂਜਾ ਇਹ ਕਿ ਰੂਸੀ ਸੱਤਾ ਦੇ ਗਲਿਆਰਿਆਂ ਵਿਚ ਸਭ ਕੁਝ ਆਮ ਵਾਂਗ ਨਹੀਂ ਹੈ ਅਤੇ ਧੜੇਬਾਜ਼ੀ ਵਧ ਰਹੀ ਹੈ। ਪੁਤਿਨ ਦੇ ਲੰਬੇ ਕਾਰਜਕਾਲ ਵਿਚ ਰੂਸ ਚੇਚਨੀਆ ਅਤੇ ਦਾਗੇਸਤਾਨ ਵਿਚ ਵਿਦਰੋਹੀ ਅੰਦੋਲਨਾਂ ਨੂੰ ਸ਼ਾਂਤ ਕਰਨ, ਜਾਰਜੀਆ ਤੋਂ ਦੱਖਣੀ ਓਸੇਟੀਆ ਅਤੇ ਅਬਕਾਜੀਆ ਨੂੰ ਅਲੱਗ ਕਰਵਾਉਣ, ਕ੍ਰੀਮੀਆ ਨੂੰ ਰੂਸ ਵਿਚ ਸ਼ਾਮਲ ਕਰਨ ਵਰਗੀਆਂ ਫ਼ੌਜੀ ਕਾਮਯਾਬੀਆਂ ਹਾਸਲ ਕਰ ਚੁੱਕਾ ਹੈ।

ਹਾਲਾਂਕਿ, ਪੱਛਮੀ ਮੁਲਕਾਂ ਦੁਆਰਾ ਯੂਕਰੇਨ ਨੂੰ ਦਿੱਤੀ ਜਾ ਰਹੀ ਫ਼ੌਜੀ-ਵਿੱਤੀ ਮਦਦ ਨਾਲ ਯੂਕਰੇਨ ਜੰਗ ਦੇ ਲੰਬੀ ਖਿੱਚੇ ਜਾਣ 'ਤੇ ਰੂਸ ਵਿਚ ਇਕ ਰਾਜਨੀਤਕ ਧੜਾ ਸਹਿਜ ਨਹੀਂ ਹੈ। ਪ੍ਰਿਗੋਜ਼ਿਨ ਦੀ ਬਗ਼ਾਵਤ ਦਾ ਕੁਝ ਘੰਟਿਆਂ ਵਿਚ ਭਾਵੇਂ ਹੀ ਨਾਟਕੀ ਅੰਤ ਹੋ ਗਿਆ ਹੋਵੇ ਪਰ ਇਸ ਨੇ ਰੂਸ ਵਰਗੇ ਅਨੁਸ਼ਾਸਿਤ ਮੁਲਕ ਦੀ ਅੰਦਰੂਨੀ ਸਥਿਰਤਾ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਜੇ ਰੂਸੀ ਸਰਕਾਰ ਵਿਚ ਕੁਝ ਅਨਸਰ ਪੱਛਮੀ ਖ਼ੁਫ਼ੀਆ ਏਜੰਸੀਆਂ ਦੇ ਸੰਪਰਕ ਵਿਚ ਹਨ ਤਾਂ ਇਹ ਹੋਰ ਵੀ ਗੰਭੀਰ ਵਿਸ਼ਾ ਹੈ ਕਿਉਂਕਿ ਇਹ ਰੂਸ, ਚੀਨ ਅਤੇ ਭਾਰਤ ਵਰਗੇ ਵੱਡੇ ਦੇਸ਼ਾਂ ਨੂੰ ਵਿਦਰੋਹ ਅਤੇ ਅੰਦੋਲਨ ਦੇ ਮਾਧਿਅਮ ਨਾਲ ਅਸਥਿਰ ਕਰਨ ਦੀ ਪੱਛਮੀ ਦੇਸ਼ਾਂ ਦੀ ਨੀਤੀ ਅਤੇ ਸਮਰੱਥਾ, ਦੋਵਾਂ ਦਾ ਪ੍ਰਤੀਕ ਹੈ। ਯੂਕਰੇਨ ਜੰਗ ਵਿਚ ਅਮਰੀਕਾ ਅਤੇ ਨਾਟੋ ਦੇ ਭਾਰੀ ਦਖ਼ਲ ਕਾਰਨ ਰੂਸ ਲਈ ਚੀਨ 'ਤੇ ਨਿਰਭਰਤਾ ਵਧਾਉਂਦੇ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਿਆ। ਦੋਵਾਂ ਦੇ ਸਬੰਧ ਗੂੜ੍ਹੇ ਹੁੰਦੇ ਜਾ ਰਹੇ ਹਨ। ਇਸ ਨੇ ਏਸ਼ੀਆ ਦੇ ਰਵਾਇਤੀ ਭੂ-ਰਾਜਨੀਤਕ ਸਮੀਕਰਨਾਂ ਨੂੰ ਵਿਗਾੜ ਦਿੱਤਾ ਹੈ। ਅਜਿਹੇ ਵਿਚ ਭਾਰਤ ਲਈ ਆਪਣੀ ਫ਼ੌਜੀ ਤਾਕਤ ਨੂੰ ਵਧਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ ਕਿਉਂਕਿ ਉਸ ਨੂੰ ਚੀਨ ਦੇ ਨਾਲ-ਨਾਲ ਪਾਕਿਸਤਾਨ ਤੋਂ ਵੀ ਵੱਡਾ ਖ਼ਤਰਾ ਹੈ। ਤ੍ਰਾਸਦੀ ਇਹ ਹੈ ਕਿ ਚੀਨ ਤੇ ਪਾਕਿਸਤਾਨ ਮਿਲ ਕੇ ਭਾਰਤ ਲਈ ਸਿਰਦਰਦੀ ਬਣੇ ਹੋਏ ਹਨ।

ਹੁਣ ਰੂਸ ਦੀ ਚੀਨ ਨਾਲ ਵਧ ਰਹੀ ਨੇੜਤਾ ਭਾਰਤ ਲਈ ਵੱਡੀ ਪਰੇਸ਼ਾਨੀ ਦੀ ਸਬੱਬ ਬਣ ਸਕਦੀ ਹੈ। ਜਦ ਤੋਂ ਮਾਓ ਨੇ ਸੋਵੀਅਤ ਸੰਘ ਨਾਲ ਟਕਰਾਅ ਦਾ ਰਸਤਾ ਅਪਣਾ ਕੇ ਕਮਿਊਨਿਸਟ ਚੀਨ ਦੀ ਨੀਤੀਗਤ ਖ਼ੁਦਮੁਖਤਾਰੀ 'ਤੇ ਜ਼ੋਰ ਪਾਇਆ ਸੀ ਉਦੋਂ ਤੋਂ ਚੀਨ-ਰੂਸ ਦੇ ਸਬੰਧ ਤਣਾਅਪੂਰਨ ਹੀ ਰਹੇ ਸਨ। ਸੰਨ 1971 ਵਿਚ ਚੀਨ ਪਾਕਿਸਤਾਨ ਦੀ ਸਹਾਇਤਾ ਲਈ ਸੈਨਾ ਇਸ ਲਈ ਨਹੀਂ ਭੇਜ ਸਕਿਆ ਸੀ ਕਿਉਂਕਿ ਉੱਤਰ ਵਾਲੇ ਪਾਸੇ ਤੋਂ ਰੂਸੀ ਹਮਲੇ ਦਾ ਖ਼ਤਰਾ ਸੀ। ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਤੋਂ ਰੂਸ ਕਮਜ਼ੋਰ ਹੁੰਦਾ ਗਿਆ ਅਤੇ ਚੀਨ ਆਰਥਿਕ ਮਹਾ-ਸ਼ਕਤੀ ਬਣ ਕੇ ਉੱਭਰਿਆ। ਇਸ ਦੌਰ ਵਿਚ ਰੂਸ ਅਤੇ ਚੀਨ ਦੇ ਸਬੰਧ ਸੁਧਰਦੇ ਗਏ ਪਰ ਰੂਸ ਨੇ ਭਾਰਤ ਦੀ ਸਹਾਇਤਾ ਕਰ ਕੇ ਚੀਨ ਦੀ ਵਧਦੀ ਤਾਕਤ ਨੂੰ ਸੰਤੁਲਿਤ ਕਰਨ ਦਾ ਨਿਰੰਤਰ ਯਤਨ ਕੀਤਾ।

ਇਹ ਸਥਿਤੀ ਯੂਕਰੇਨ ਜੰਗ ਸ਼ੁਰੂ ਹੋਣ ਤਕ ਬਣੀ ਰਹੀ। ਰੂਸ ਨੇ ਭਾਰਤ ਨੂੰ ਐੱਸ-400 ਵਰਗੀ ਅਤਿ-ਆਧੁਨਿਕ ਮਿਜ਼ਾਈਲ ਰੱਖਿਆ ਪ੍ਰਣਾਲੀ ਦਿੱਤੀ ਜਿਸ ਦੀ ਤਾਇਨਾਤੀ ਚੀਨੀ ਸੈਨਾ ਦੀ ਰਾਕਟ ਫੋਰਸ ਦੀ ਭਾਰਤ ਉੱਤੇ ਚੜ੍ਹਤ ਨੂੰ ਸੰਤੁਲਿਤ ਕਰਨ ਲਈ ਕੀਤੀ ਗਈ।

ਗਲਵਾਨ ਵਿਚ ਭਾਰਤ-ਚੀਨ ਫ਼ੌਜੀ ਝੜਪ ਤੋਂ ਬਾਅਦ ਰੂਸ ਦੁਆਰਾ ਭਾਰਤ ਨੂੰ ਤੇਜ਼ੀ ਨਾਲ ਜ਼ਰੂਰੀ ਫ਼ੌਜੀ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ ਗਿਆ ਪਰ ਬਾਇਡਨ ਪ੍ਰਸ਼ਾਸਨ ਦੀਆਂ ਹਮਲਾਵਰ ਨੀਤੀਆਂ ਨੇ ਰੂਸ ਨੂੰ ਪੂਰੀ ਤਰ੍ਹਾਂ ਚੀਨੀ ਖੇਮੇ ਵਿਚ ਧੱਕ ਦਿੱਤਾ ਹੈ। ਹਾਲਤ ਇਹ ਹੋ ਗਈ ਹੈ ਕਿ ਰੂਸੀ ਜੰਗੀ ਬੇੜੇ ਤਾਇਵਾਨ ਕੋਲ ਚੀਨੀ ਜੰਗੀ ਬੇੜਿਆਂ ਨਾਲ ਹਮਲਾਵਰ ਗਸ਼ਤ ਕਰ ਰਹੇ ਹਨ। ਅੱਜ ਇਹ ਇਕ ਵੱਡਾ ਸਵਾਲ ਉੱਭਰ ਰਿਹਾ ਹੈ ਕਿ ਭਾਰਤ ਹੰਗਾਮੀ ਹਾਲਾਤ ਖ਼ਾਸ ਤੌਰ 'ਤੇ ਚੀਨ ਨਾਲ ਟਕਰਾਅ ਦੀ ਸਥਿਤੀ ਵਿਚ ਰੂਸ 'ਤੇ ਕਿੰਨਾ ਨਿਰਭਰ ਰਹਿ ਸਕਦਾ ਹੈ? ਆਮ ਹਾਲਾਤ ਵਿਚ ਵੀ ਰੂਸ ਤੋਂ ਆਉਣ ਵਾਲੇ ਫ਼ੌਜੀ ਸਾਜ਼ੋ-ਸਾਮਾਨ ਦੇ ਭਾਰਤ ਪੁੱਜਣ ਨੂੰ ਲੈ ਕੇ ਦੇਰੀ ਦੀਆਂ ਸ਼ਿਕਾਇਤਾਂ ਰਹੀਆਂ ਹਨ।

ਯੂਕਰੇਨ ਜੰਗ ਕਾਰਨ ਰੂਸੀ ਰੱਖਿਆ ਉਤਪਾਦਕ ਖੇਤਰ ਪਹਿਲਾਂ ਤੋਂ ਹੀ ਦਬਾਅ ਵਿਚ ਹੈ। ਉਥੇ ਹੀ ਚੀਨ ਨਾਲ ਭਾਰਤ ਦਾ ਤਣਾਅ ਘਟ ਨਹੀਂ ਰਿਹਾ ਹੈ। ਅਮਰੀਕਾ ਨਾਲ ਸਾਡੇ ਫ਼ੌਜੀ ਰਿਸ਼ਤੇ ਜ਼ਰੂਰ ਸੁਧਰ ਰਹੇ ਹਨ ਪਰ ਉਨ੍ਹਾਂ ਦੀ ਕਿਸਮ ਰੱਖਿਆ ਮਹੱਤਵ ਦੇ ਦੂਰਗਾਮੀ ਫ਼ੌਜੀ ਪ੍ਰਾਜੈਕਟਾਂ 'ਤੇ ਜ਼ਿਆਦਾ ਕੇਂਦ੍ਰਿਤ ਹੈ। ਰੂਸ ਅਜੇ ਵੀ ਭਾਰਤ ਦਾ ਸਭ ਤੋਂ ਵੱਡਾ ਫ਼ੌਜੀ ਸਾਜ਼ੋ-ਸਾਮਾਨ ਸਪਲਾਇਰ ਹੈ। ਇਹ ਸਥਿਤੀ ਰਾਤੋ-ਰਾਤ ਨਹੀਂ ਬਦਲੀ ਜਾ ਸਕਦੀ।

ਚੀਨ ਦੇ ਵਧਦੇ ਖ਼ਤਰੇ ਨੂੰ ਲੈ ਕੇ ਅਮਰੀਕਾ ਕਵਾਡ ਵਰਗੇ ਮੰਚ ਨੂੰ ਸਰਗਰਮ ਬਣਾਉਣ ਤੋਂ ਇਲਾਵਾ ਭਾਰਤ ਨਾਲ ਫ਼ੌਜੀ ਸਾਂਝੇਦਾਰੀ 'ਤੇ ਸੰਜੀਦਗੀ ਨਾਲ ਕੰਮ ਵੀ ਰਿਹਾ ਹੈ ਪਰ ਸੰਕਲਪ ਦੇ ਪੱਧਰ 'ਤੇ ਅਜੇ ਵੀ ਉਹ ਕਿਤੇ ਨਾ ਕਿਤੇ ਸ਼ਸ਼ੋਪੰਜ ਵਿਚ ਹੈ। ਅਮਰੀਕਾ ਮਹੱਤਵਪੂਰਨ ਰੱਖਿਆ ਭਾਈਵਾਲ ਮੁਲਕਾਂ ਦੇ ਅੰਦਰੂਨੀ ਮਾਮਲਿਆਂ 'ਤੇ ਪ੍ਰਵਚਨ ਦੇਣ ਦੀ ਆਪਣੀ ਆਦਤ ਤੋਂ ਵੀ ਬਾਜ਼ ਨਹੀਂ ਆ ਰਿਹਾ। ਇਸ ਦੀ ਤਾਜ਼ਾ ਮਿਸਾਲ ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਉਨ੍ਹਾਂ ਤੋਂ ਭਾਰਤ ਵਿਚ ਘੱਟ-ਗਿਣਤੀ ਭਾਈਚਾਰਿਆਂ ਦੀ ਸਥਿਤੀ ਨੂੰ ਲੈ ਕੇ ਸ਼ਰਾਰਤ ਭਰਪੂਰ ਇਕ ਸਵਾਲ ਪੁੱਛਣ ਵਾਲੀ ਇਕ ਪੱਤਰਕਾਰ ਦੀ ਭਾਰਤੀਆਂ ਦੁਆਰਾ ਇੰਟਰਨੈੱਟ ਮੀਡੀਆ 'ਤੇ ਆਲੋਚਨਾ ਹੋਣ 'ਤੇ ਵ ?ਹਾਈਟ ਹਾਊਸ ਦੁਆਰਾ ਜਾਰੀ ਇਕ ਕੌੜਾ ਬਿਆਨ ਹੈ। ਇਹ ਸਮਝਣਾ ਵੀ ਜ਼ਰੂਰੀ ਹੈ ਕਿ ਅਮਰੀਕਾ ਵਿਚ ਵੋਕ ਕਲਚਰ ਦੇ ਨਾਂ 'ਤੇ ਉਪਜ ਰਹੀ ਇਕ ਉਪ ਸੰਸਕ੍ਰਿਤੀ ਜੋ ਛੋਟੇ ਬੱਚਿਆਂ ਨੂੰ ਵੀ ਜਿਨਸੀ ਵਸਤੂ ਦੀ ਤਰ੍ਹਾਂ ਦੇਖਦੀ-ਦਿਖਾਉਂਦੀ ਹੈ, ਸੰਸਕ੍ਰਿਤਕ ਰੂਪ ਵਿਚ ਓਨਾ ਹੀ ਵੱਡਾ ਇਕ ਖ਼ਤਰਾ ਹੈ ਜਿੰਨਾ ਕਿ ਚੀਨ ਸਾਡੇ ਲਈ ਫ਼ੌਜੀ ਖ਼ਤਰਾ ਹੈ।

ਵਲਾਦੀਮੀਰ ਪੁਤਿਨ ਦੀ ਅਗਵਾਈ ਹੇਠ ਰੂਸ ਇਸ ਉਪ ਸੰਸਕ੍ਰਿਤੀ ਦੇ ਵਿਰੋਧ ਵਿਚ ਖੜ੍ਹਾ ਹੈ ਅਤੇ ਉਸ ਦਾ ਪਤਨ ਅਮਰੀਕਾ ਦੇ ਇਸ ਸੰਸਕ੍ਰਿਤਕ ਨੁਕਸ ਨੂੰ ਬੇਲਗਾਮ ਕਰ ਦੇਵੇਗਾ। ਰੂਸ-ਚੀਨ ਦਾ ਮਜ਼ਬੂਤ ਹੁੰਦਾ ਗੱਠਜੋੜ ਅਮਰੀਕਾ ਨੂੰ ਭਾਰਤ 'ਤੇ ਫ਼ੌਜੀ ਤੌਰ 'ਤੇ ਜ਼ਿਆਦਾ ਨਿਰਭਰ ਬਣਾਉਂਦਾ ਜਾਵੇਗਾ। ਅਮਰੀਕਾ ਦੀ ਇਸ ਮਜਬੂਰੀ ਦਾ ਭਾਰਤ ਨੂੰ ਵੱਧ ਤੋਂ ਵੱਧ ਫ਼ਾਇਦਾ ਚੁੱਕਣਾ ਚਾਹੀਦਾ ਹੈ। ਇਸੇ ਵਿਚ ਉਸ ਦਾ ਭਲਾ ਹੈ।

ਜੇਕਰ ਰੂਸ ਨੂੰ ਯੂਕਰੇਨ ਜੰਗ ਵਿਚ ਅਸਫਲਤਾ ਮਿਲਦੀ ਹੈ ਤਾਂ ਪੁਤਿਨ ਦਾ ਪਤਨ ਤੈਅ ਹੈ। ਇਨ੍ਹਾਂ ਸਥਿਤੀਆਂ ਵਿਚ ਭਾਰਤ ਦਾ ਰੱਖਿਆ ਖੇਤਰ ਵਿਚ ਕੱਦ ਹੋਰ ਵਧੇਗਾ। ਇਸ ਦੇ ਬਾਵਜੂਦ ਭਾਰਤੀ ਨੀਤੀ ਘਾੜਿਆਂ ਦੇ ਸਾਹਮਣੇ ਸ਼ਕਤੀ ਸੰਤੁਲਨ ਬਣਾਈ ਰੱਖਣ ਨੂੰ ਲੈ ਕੇ ਗੰਭੀਰ ਚੁਣੌਤੀਆਂ ਹਨ। ਉਹ ਆਪਣੀ ਰੱਖਿਆ ਦੇ ਮਾਮਲੇ ਵਿਚ ਕੋਈ ਵੀ ਜੋਖ਼ਮ ਨਹੀਂ ਲੈ ਸਕਦਾ।

ਅਜਿਹੇ ਵਿਚ ਭਾਰਤ ਪੱਛਮੀ ਮੁਲਕਾਂ ਨੂੰ ਸਮਝਾਏ ਕਿ ਜੇਕਰ ਉਹ ਚੀਨੀ ਖ਼ਤਰੇ ਨੂੰ ਲੈ ਕੇ ਸੰਜੀਦਾ ਹਨ ਤਾਂ ਰੂਸ 'ਤੇ ਇੰਨਾ ਦਬਾਅ ਨਾ ਬਣਾਉਣ ਕਿ ਚੀਨ ਲਾਭ ਚੁੱਕ ਲਵੇ। ਭਾਰਤ ਲਈ ਰੂਸ ਨੂੰ ਵੀ ਸਮਝਾਉਣਾ ਜ਼ਰੂਰੀ ਹੋਵੇਗਾ ਕਿ ਚੀਨ ਨਾਲ ਵਧਦੀਆਂ ਰੂਸੀ ਨਜ਼ਦੀਕੀਆਂ ਭਾਰਤ ਨੂੰ ਅਮਰੀਕਾ ਵੱਲ ਲੈ ਕੇ ਜਾਣਗੀਆਂ ਅਤੇ ਤਦ ਰੂਸ ਦੀ ਹੈਸੀਅਤ ਚੀਨ ਦੇ ਛੋਟੇ ਸਹਿਯੋਗੀ ਵਾਲੀ ਰਹਿ ਜਾਵੇਗੀ ਜੋ ਰੂਸ ਨੂੰ ਇਕ ਮਹਾ-ਸ਼ਕਤੀ ਦੇ ਰੂਪ ਵਿਚ ਦੇਖਣ ਵਾਲੇ ਰੂਸੀਆਂ ਨੂੰ ਹਰਗਿਜ਼ ਸਵੀਕਾਰ ਨਹੀਂ ਹੋਵੇਗੀ।

# ਵਿਲੱਖਣ ਅਦਾਕਾਰੀ ਦੇ ਮਾਲਕ ਸਨ ਸੰਜੀਵ ਕੁਮਾਰ



ਹਿੰਦੀ ਸਨਿਮਾ ਜਗਤ ਨੂੰ ਸਿਖਰ 'ਤੇ ਪਹੁੰਚਾਉਣ 'ਚ ਅਹਿਮ ਯੋਗਦਾਨ ਪਾਉਣ ਵਾਲੇ ਬਾਲੀਵੁੱਡ ਅਦਾਕਾਰ ਸੰਜੀਵ ਕੁਮਾਰ ਦਾ ਜਨਮ 9 ਜੁਲਾਈ 1938 ਨੂੰ ਹੋਇਆ ਸੀ। ਉਨ੍ਹਾਂ ਵੱਲੋਂ ਨਿਭਾਏ ਗਏ ਵਿਲੱਖਣ ਕਿਰਦਾਰਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਸੰਜੀਵ ਕੁਮਾਰ ਅਜਿਹੇ ਅਦਾਕਾਰ ਸਨ ਜੋ ਖ਼ੁਦ ਨੂੰ ਹਰ ਕਿਰਦਾਰ ਵਿੱਚ ਬਾਖ਼ੂਬੀ ਢਾਲ ਲੈਂਦੇ ਸਨ ਤੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲੈਂਦੇ ਸਨ। ਭਾਵੇਂ ਹਾਸਰਸ ਅਦਾਕਾਰੀ ਹੋਵੇ ਭਾਵੇਂ ਗੰਭੀਰ ਰੋਲ, ਉਹ ਹਰ ਕਿਰਦਾਰ ਨੂੰ ਬਾਖ਼ੂਬੀ ਨਿਭਾਉਂਦੇ ਸਨ। 'ਦਸਤਕ', ਕੋਸ਼ਿਸ਼, 'ਸ਼ੋਲੇ, 'ਸੀਤਾ ਔਰ ਗੀਤਾ' ਤੇ 'ਤ੍ਰਿਸ਼ੂਲ' ਵਿੱਚ ਉਨ੍ਹਾਂ ਨੇ ਆਪਣੇ ਕਿਰਦਾਰ ਰਾਹੀਂ ਅਹਿਮ ਛਾਪ ਛੱਡੀ ਸੀ ਜਿਸ ਨੂੰ ਦਰਸ਼ਕ ਅੱਜ ਤਕ ਵੀ ਭੁੱਲ ਨਹੀਂ ਸਕੇ ਹਨ। ਫਿਲਮਾਂ ਵਿੱਚ ਜਿਸ ਤਰ੍ਹਾਂ ਉਹ ਡਾਇਲਾਗ ਬੋਲਦੇ ਸਨ, ਉਹ ਦਰਸ਼ਕਾਂ ਦੇ ਮਨ ਨੂੰ ਮੋਹ ਲੈਂਦੇ ਸਨ। ਸੰਜੀਵ ਕੁਮਾਰ ਨੇ ਫ਼ ?ਲਮ 'ਸ਼ੋਲੇ' ਵਿੱਚ ਠਾਕੁਰ ਦੇ ਨਿਭਾਏ ਕਿਰਦਾਰ ਰਾਹੀਂ ਦਰਸ਼ਕਾਂ ਦੇ ਦਿਲਾਂ 'ਤੇ ਅਮਿਟ ਛਾਪ ਛੱਡੀ ਸੀ। ਉਹ ਠਾਕੁਰ ਬਲਦੇਵ ਸਿੰਘ ਦਾ ਕਿਰਦਾਰ ਨਿਭਾ ਕੇ ਹਮੇਸ਼ਾ ਲਈ ਅਮਰ ਹੋ ਗਏ ਸਨ। ਉਹ 6 ਨਵੰਬਰ, 1985 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਵੱਲੋਂ ਛੱਡੀਆਂ ਅਮਿਟ ਯਾਦਾਂ ਅੱਜ ਵੀ ਦਰਸ਼ਕਾਂ ਦੇ ਮਨ ਵਿੱਚ ਤਾਜ਼ਾ ਹਨ।




# ਉੱਚ ਸਿੱਖਿਆ 'ਚ ਸੁਧਾਰ ਸਮੇਂ ਦੀ ਲੋੜ

-ਪ੍ਰੋ. ਨਰਪਿੰਦਰ ਸਿੰਘ



*ਗ੍ਰੈਜੂਏਟ ਵਿਦਿਆਰਥੀ ਗੁੰਝਲਦਾਰ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ, ਨਵੀਨਤਾਕਾਰੀ ਢੰਗ ਨਾਲ ਸੋਚਣ ਤੇ ਸਮੁੱਚੇ ਤੌਰ 'ਤੇ ਆਪਣੇ ਖੇਤਰਾਂ ਤੇ ਸਮਾਜ 'ਚ ਯੋਗਦਾਨ ਪਾਉਣ ਲਈ ਲੋੜੀਂਦੇ ਹੁਨਰਾਂ (ਸਕਿੱਲ) ਨਾਲ ਲੈਸ ਹੋਣਗੇ। ਯੂਨੀਵਰਸਿਟੀਆਂ ਨੂੰ ਇਬਰੀਡਿੰਗ ਤੋਂ ਬਚਣਾ ਚਾਹੀਦਾ ਹੈ। ਕਈ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਕੋਲ ਪੀਐੱਚਡੀ ਦੀ ਡਿਗਰੀ ਨਹੀਂ ਹੈ। ਤਦ ਇਕ ਸਵਾਲ ਵੀ ਉਠਦਾ ਹੈ ਕਿ ਕਿਸ ਤਰ੍ਹਾਂ ਉਚ ਸਿੱਖਿਆ 'ਚ ਸੁਧਾਰ ਦੀ ਉਮੀਦ ਰੱਖੀ ਜਾ ਸਕਦੀ ਹੈ।*

ਉੱਚ ਸਿੱਖਿਆ ਸੰਸਥਾਵਾਂ ਨੂੰ ਲਚਕਦਾਰ ਅਤੇ ਗਤੀਸ਼ੀਲ ਪਾਠਕ੍ਰਮ ਨੂੰ ਅਪਨਾਉਣ ਦੀ ਲੋੜ ਹੈ। ਇਸ ਵਿਚ ਅਨੁਸ਼ਾਸਨੀ ਸੀਮਾਵਾਂ ਤੋਂ ਅੰਤਰ-ਅਨੁਸ਼ਾਸਨੀ ਪਹੁੰਚਾਂ ਵੱਲ ਇਕ ਤਬਦੀਲੀ, ਉੱਭਰ ਰਹੇ ਖੇਤਰਾਂ ਨੂੰ ਏਕੀਕ੍ਰਿਤ ਕਰਨਾ ਅਤੇ ਸਿਧਾਂਤਕ ਗਿਆਨ ਦੇ ਨਾਲ-ਨਾਲ ਵਿਹਾਰਕ ਹੁਨਰ ਨੂੰ ਉਤਸ਼ਾਹਤ ਕਰਨਾ ਆਦਿ ਸ਼ਾਮਲ ਕਰਨ ਦੀ ਲੋੜ ਹੈ। ਤਕਨਾਲੋਜੀ ਨੇ ਸਾਡੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਬਦਲ ਦਿੱਤਾ ਹੈ ਜਿਸ ਲਈ ਉੱਚ ਸਿੱਖਿਆ ਨੂੰ ਇਸ ਦੀਆਂ ਸੰਭਾਵਨਾਵਾਂ ਨੂੰ ਅਪਨਾਉਣਾ ਚਾਹੀਦਾ ਹੈ। ਸੰਸਥਾਵਾਂ ਨੂੰ ਉਨ੍ਹਾਂ ਦੀਆਂ ਅਧਿਆਪਨ ਵਿਧੀਆਂ, ਮੁਲਾਂਕਣ ਅਭਿਆਸਾਂ, ਅਤੇ ਪ੍ਰਬੰਧਕੀ ਪ੍ਰਕਿਰਿਆਵਾਂ ਵਿਚ ਤਕਨਾਲੋਜੀ ਨੂੰ ਏਕੀਕਿਰਤ ਕਰਨਾ ਚਾਹੀਦਾ ਹੈ। ਆਨਲਾਈਨ ਸਿਖਲਾਈ ਪਲੇਟਫਾਰਮ, ਵਰਚੂਅਲ ਕਲਾਸਰੂਮ ਅਤੇ ਇੰਟਰਐਕਟਿਵ ਵਿੱਦਿਅਕ ਸਾਧਨ ਵਿਦਿਆਰਥੀਆਂ ਅਤੇ ਫੈਕਲਟੀ ਵਿਚਕਾਰ ਪਹੁੰਚਯੋਗਤਾ, ਵਿਅਕਤੀਗਤ ਸਿਖਲਾਈ ਅਤੇ ਸਹਿਯੋਗ ਨੂੰ ਵਧਾ ਸਕਦੇ ਹਨ।

ਇਸ ਤੋਂ ਇਲਾਵਾ ਸੰਸਥਾਵਾਂ ਨੂੰ ਅਜਿਹੇ ਕੋਰਸ ਪੇਸ਼ ਕਰਨੇ ਚਾਹੀਦੇ ਹਨ ਜੋ ਭਵਿੱਖ ਵਿਚ ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਵਿਚ ਉੱਭਰਦੀਆਂ ਤਕਨੀਕਾਂ 'ਤੇ ਕੇਂਦ੍ਰਤ ਕਰ ਸਕਣ। ਉਦਾਹਰਨ ਲਈ, ਕੰਪਿਊਟਰ ਵਿਗਿਆਨ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ, ਡਾਟਾ ਸਾਇੰਸ ਅਤੇ ਸਾਈਬਰ ਸੁਰੱਖਿਆ ਆਦਿ 'ਤੇ ਜ਼ੋਰ ਦਿੱਤਾ ਜਾ ਸਕਦਾ ਹੈ। ਸ਼ੁੱਧਤਾ ਖੇਤੀ, ਇੰਟਰਨੈੱਟ ਆਫ ਥਿੰਗਜ਼, ਡਰੋਨ, ਰੋਬੋਟਿਕਸ ਤੇ ਆਟੋਮੇਸ਼ਨ, ਵਰਟੀਕਲ ਫਾਰਮਿੰਗ, ਬਲਾਕਚੇਨ ਤਕਨਾਲੋਜੀ ਆਦਿ ਖੇਤੀਬਾੜੀ ਵਿਗਿਆਨ ਦੇ ਅਧੀਨ ਉੱਭਰ ਰਹੀਆਂ ਤਕਨਾਲੋਜੀਆਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ। ਮਕੈਨੀਕਲ ਇੰਜੀਨੀਅਰਿੰਗ ਦੇ ਕੁਝ ਉੱਭਰ ਰਹੇ ਖੇਤਰਾਂ 'ਚ ਰੋਬੋਟਿਕਸ ਤੇ ਆਟੋਮੇਸ਼ਨ ਸ਼ਾਮਲ ਹਨ। ਮਕੈਨੀਕਲ ਇੰਜੀਨੀਅਰ ਰੋਬੋਟਿਕ ਪ੍ਰਣਾਲੀਆਂ ਤੇ ਉਦਯੋਗਿਕ ਆਟੋਮੇਸ਼ਨ ਹੱਲਾਂ ਨੂੰ ਡਿਜ਼ਾਈਨ ਕਰਨ ਤੇ ਵਿਕਸਤ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਐਡੀਟਿਵ ਮੈਨੂਫੈਕਚਰਿੰਗ (ਡੀ ਪ੍ਰਿੰਟਿੰਗ) ਨੇ ਨਿਰਮਾਣ ਉਦਯੋਗ 'ਚ ਕ੍ਰਾਂਤੀ ਲਿਆ ਦਿੱਤੀ ਹੈ। ਟਿਕਾਊ ਤੇ ਸਾਫ਼ ਊਰਜਾ ਸਰੋਤਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਇਸ 'ਚ ਵਿੰਡ ਟਰਬਾਈਨਾਂ, ਸੋਲਰ ਪੈਨਲਾਂ ਤੇ ਊਰਜਾ ਸਟੋਰੇਜ ਪ੍ਰਣਾਲੀਆਂ ਨੂੰ ਡਿਜ਼ਾਈਨ ਕਰਨਾ ਤੇ ਅਨੁਕੂਲ ਬਣਾਉਣਾ ਆਦਿ ਸ਼ਾਮਲ ਹੈ। ਮਕੈਨੀਕਲ ਇੰਜੀਨੀਅਰਿੰਗ ਸਿਹਤ-ਸੰਭਾਲ ਤੇ ਮੈਡੀਕਲ ਉਪਕਰਨਾਂ ਦੇ ਖੇਤਰ 'ਚ ਅਹਿਮ ਐਪਲੀਕੇਸ਼ਨ ਹੈ ਜੋ ਮਕੈਨੀਕਲ ਇੰਜੀਨੀਅਰਿੰਗ ਪ੍ਰੋਗਰਾਮਾਂ ਦਾ ਹਿੱਸਾ ਹੋ ਸਕਦੀਆਂ ਹਨ। ਸਮਾਰਟ ਮੈਨੂਫੈਕਚਰਿੰਗ ਅਤੇ ਇੰਡਸਟਰੀ 4.0 ਵਿਚ ਮੇਕੈਟਰੋਨਿਕਸ ਦੀਆਂ ਧਾਰਨਾਵਾਂ ਨੂੰ ਲਾਗੂ ਕਰਨਾ ਬਹੁਤ ਅਹਿਮ ਹੈ। ਇਸ ਵਿਚ ਐਡਵਾਂਸਡ ਸੈਂਸਰਾਂ, ਐਕਚੁਏਟਰਜ਼ (ਊਰਜਾ ਦੇ ਵੱਖ-ਵੱਖ ਰੂਪਾਂ ਨੂੰ ਮਕੈਨੀਕਲ ਮੋਸ਼ਨ ਜਾਂ ਫੋਰਸ 'ਚ ਬਦਲਦੇ ਹਨ) ਅਤੇ ਰੀਅਲ-ਟਾਈਮ ਨਿਰੀਖਣ, ਅਨੁਕੂਲਨ, ਅਤੇ ਨਿਰਮਾਣ ਪ੍ਰਕਿਰਿਆਵਾਂ ਦੇ ਆਟੋਮੇਸ਼ਨ ਨੂੰ ਸਮਰੱਥ ਬਣਾਉਣ ਲਈ ਨਿਯੰਤਰਣ ਪ੍ਰਣਾਲੀਆਂ ਦਾ ਏਕੀਕਰਨ ਸ਼ਾਮਲ ਹੁੰਦਾ ਹੈ।

ਉੱਚ ਸਿੱਖਿਆ ਨੂੰ ਸਾਰੇ ਵਿਸ਼ਿਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ, ਵਿਸ਼ਲੇਸ਼ਣਾਤਮਕ ਸੋਚ, ਤੇ ਰਚਨਾਤਮਕਤਾ 'ਤੇ ਜ਼ੋਰ ਦੇਣਾ ਚਾਹੀਦਾ ਹੈ। ਕੋਰਸ ਅਤੇ ਪ੍ਰਾਜੈਕਟ ਜੋ ਨਵੀਨਤਾ, ਉੱਦਮਤਾ ਆਦਿ ਨੂੰ ਉਤਸ਼ਾਹਿਤ ਕਰਦੇ ਹਨ ਉਹ ਵਿਦਿਆਰਥੀਆਂ ਦੀ ਅਨੁਕੂਲਤਾ, ਆਲੋਚਨਾਤਮਕ ਤੌਰ 'ਤੇ ਸੋਚਣ ਅਤੇ ਨਵੇਂ ਵਿਚਾਰ ਪੈਦਾ ਕਰਨ ਦੀ ਯੋਗਤਾ ਨੂੰ ਵਧਾ ਸਕਦੇ ਹਨ ਅਤੇ ਉਨ੍ਹਾਂ ਨੂੰ ਭਵਿੱਖ ਦੀਆਂ ਗੁੰਝਲਦਾਰ ਚੁਣੌਤੀਆਂ ਨੂੰ ਨੈਵੀਗੇਟ ਕਰਨ ਲਈ ਤਿਆਰ ਕਰ ਸਕਦੇ ਹਨ। ਹਾਲਾਂਕਿ ਤਕਨੀਕੀ ਮੁਹਾਰਤ ਮਹੱਤਵਪੂਰਨ ਹੈ। ਉੱਚ ਸਿੱਖਿਆ ਨੂੰ ਸਾਫਟ ਸਕਿੱਲ ਅਤੇ ਭਾਵਨਾਤਮਕ ਬੁੱਧੀ ਦੇ ਵਿਕਾਸ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ। ਪ੍ਰਭਾਵੀ ਸੰਚਾਰ, ਟੀਮ ਵਰਕ, ਅਨੁਕੂਲਤਾ ਤੇ ਹਮਦਰਦੀ ਭਵਿੱਖ ਦੇ ਮਾਹਿਰਾਂ ਲਈ ਅਹਿਮ ਹਨ। ਵਿਹਾਰਕ ਸਿਖਲਾਈ, ਇੰਟਰਨਸ਼ਿਪਾਂ ਅਤੇ ਭਾਈਚਾਰਕ ਸ਼ਮੂਲੀਅਤ ਦੇ ਮੌਕਿਆਂ ਨੂੰ ਸ਼ਾਮਲ ਕਰਨਾ ਇਨ੍ਹਾਂ ਹੁਨਰਾਂ ਨੂੰ ਵਧਾ ਸਕਦਾ ਹੈ। ਇਹ ਵਿਦਿਆਰਥੀਆਂ ਨੂੰ ਵਿਭਿੰਨ ਭਾਈਚਾਰਿਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸਹਿਯੋਗ ਕਰਨ, ਅਗਵਾਈ ਕਰਨ ਤੇ ਜੁੜਨ ਦੇ ਯੋਗ ਬਣਾਉਂਦਾ ਹੈ।

ਭਵਿੱਖ ਵਿਚ ਕੰਮ ਕਰਨ ਲਈ ਵਿਦਿਆਰਥੀਆਂ ਨੂੰ ਅਨੁਕੂਲ ਹੋਣ ਤੇ ਲਗਾਤਾਰ ਸਿੱਖਣ ਦੀ ਲੋੜ ਹੋਵੇਗੀ। ਉੱਚ ਸਿੱਖਿਆ ਸੰਸਥਾਵਾਂ ਨੂੰ ਸਿੱਖਣ ਦੇ ਮਾਰਗ, ਸੂਖਮ-ਪ੍ਰਮਾਣ ਪੱਤਰ ਤੇ ਅਪ-ਸਕਿੱਲਿੰਗ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰ ਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਸਿੱਖਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ। ਆਪਣੇ ਹੁਨਰ ਤੇ ਗਿਆਨ ਨੂੰ ਅਪਡੇਟ ਕਰਨ ਲਈ ਕੰਮ ਕਰਨ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਉੱਚ ਸਿੱਖਿਆ ਕਰੀਅਰ ਦੀ ਤਰੱਕੀ ਤੇ ਹੁਨਰ ਦੇ ਪਾੜੇ ਨੂੰ ਪੂਰਾ ਕਰਨ ਨੂੰ ਉਤਸ਼ਾਹਤ ਕਰ ਸਕਦੀ ਹੈ। ਉੱਚ ਸਿੱਖਿਆ ਵਿਚ ਸਿੱਖਿਆ ਸੁਧਾਰ ਨੂੰ ਪਹਿਲ ਅਤੇ ਪਹੁੰਚਯੋਗਤਾ ਦੇਣੀ ਚਾਹੀਦੀ ਹੈ। ਸੰਸਥਾਵਾਂ ਨੂੰ ਵਿੱਤੀ ਰੁਕਾਵਟਾਂ, ਸਰੀਰਕ ਅਸਮਰੱਥਾਵਾਂ ਅਤੇ ਸਮਾਜਿਕ ਅਸਮਾਨਤਾਵਾਂ ਵਿਚ ਆ ਰਹੀਆਂ ਰੁਕਾਵਟਾਂ ਨੂੰ ਹੱਲ ਕਰਨਾ ਚਾਹੀਦਾ ਹੈ। ਸਾਰਿਆਂ ਲਈ ਬਰਾਬਰ ਦੇ ਮੌਕੇ ਯਕੀਨੀ ਬਣਾਉਣ ਲਈ ਸਕਾਲਰਸ਼ਿਪ, ਗ੍ਰਾਂਟਾਂ ਤੇ ਵਿੱਤੀ ਸਹਾਇਤਾ ਆਦਿ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸੰਸਥਾਵਾਂ ਨੂੰ ਅਜਿਹੇ ਰਲਗੱਡ ਵਾਤਾਵਰਨ ਬਣਾਉਣੇ ਚਾਹੀਦੇ ਹਨ ਜੋ ਵਿਭਿੰਨਤਾ, ਇਕੁਇਟੀ ਨੂੰ ਉਤਸ਼ਾਹਤ ਕਰਨ ਅਤੇ ਗ਼ਰੀਬ ਵਿਦਿਆਰਥੀਆਂ ਲਈ ਲੋੜੀਂਦੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ। ਕੋਰਸ ਤਾਂ ਸਮੱਸਿਆ ਹੱਲ ਕਰਨ, ਵਿਸ਼ਲੇਸ਼ਣ ਅਤੇ ਨਵੀਨਤਾ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤੇ ਜਾਣੇ ਚਾਹੀਦੇ ਹਨ। ਇਹ ਉਦੇਸ਼ ਅਧਿਐਨ, ਪ੍ਰਾਜੈਕਟ-ਆਧਾਰਤ ਸਿਖਲਾਈ ਅਤੇ ਓਪਨ-ਐਂਡ ਅਸਾਈਨਮੈਂਟਾਂ ਨੂੰ ਸ਼ਾਮਲ ਕਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ ਜਿਸ ਲਈ ਵਿਦਿਆਰਥੀਆਂ ਨੂੰ ਗੰਭੀਰਤਾ ਨਾਲ ਸੋਚਣ ਤੇ ਗੁੰਝਲਦਾਰ ਸਮੱਸਿਆਵਾਂ ਲਈ ਰਚਨਾਤਮਕ ਪਹੁੰਚ ਲਾਗੂ ਕਰਨ ਦੀ ਲੋੜ ਹੁੰਦੀ ਹੈ।

ਫੈਕਲਟੀ ਨੂੰ ਇੰਟਰਐਕਟਿਵ ਗਤੀਵਿਧੀਆਂ ਵਿਚ ਸ਼ਾਮਲ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ ਜਿਵੇਂ ਕਿ ਵਿਚਾਰ-ਵਟਾਂਦਰੇ, ਸਮੂਹ ਪ੍ਰਾਜੈਕਟ ਅਤੇ ਸਮੱਸਿਆ-ਹੱਲ ਕਰਨ ਦੀਆਂ ਕਵਾਇਦਾਂ ਜਿਨ੍ਹਾਂ ਲਈ ਵਿਦਿਆਰਥੀਆਂ ਨੂੰ ਗੰਭੀਰਤਾ ਨਾਲ ਸੋਚਣ, ਜਾਣਕਾਰੀ ਦਾ ਵਿਸ਼ਲੇਸ਼ਣ ਕਰਨ ਅਤੇ ਰਚਨਾਤਮਕ ਹੱਲ ਤਿਆਰ ਕਰਨ ਦੀ ਲੋੜ ਹੁੰਦੀ ਹੈ। ਆਲੋਚਨਾਤਮਕ ਸੋਚ ਅਤੇ ਰਚਨਾਤਮਕਤਾ 'ਤੇ ਧਿਆਨ ਕੇਂਦਰਿਤ ਕਰਨ ਲਈ ਮੁਲਾਂਕਣ ਦੇ ਤਰੀਕਿਆਂ ਵਿਚ ਸੋਧ ਕਰਨ ਦੀ ਲੋੜ ਹੈ। ਰਵਾਇਤੀ ਪ੍ਰੀਖਿਆਵਾਂ ਇਨ੍ਹਾਂ ਖੇਤਰਾਂ ਵਿਚ ਵਿਦਿਆਰਥੀਆਂ ਦੀਆਂ ਯੋਗਤਾਵਾਂ ਨੂੰ ਪੂਰੀ ਤਰ੍ਹਾਂ ਹਾਸਲ ਨਹੀਂ ਕਰ ਸਕਦੀਆਂ ਹਨ। ਸਵੈ-ਪ੍ਰਤੀਬਿੰਬ ਤੇ ਪੀਅਰ ਮੁਲਾਂਕਣ ਨੂੰ ਸ਼ਾਮਲ ਕਰਨਾ ਵਿਦਿਆਰਥੀਆਂ 'ਚ ਮੈਟਾਕੋਗਨੈਟਿਵ ਹੁਨਰ ਵਿਕਸਤ ਕਰਨ ਲਈ ਵੀ ਉਤਸ਼ਾਹਤ ਕਰ ਸਕਦਾ ਹੈ ਜਿਸ ਨਾਲ ਉਨ੍ਹਾਂ ਵਿਦਿਆਰਥੀਆਂ ਵਿਚ ਸੋਚਣ ਦੀਆਂ ਪ੍ਰਕਿਰਿਆਵਾਂ ਦੀ ਡੂੰਘੀ ਸਮਝ ਹੁੰਦੀ ਹੈ। ਆਲੋਚਨਾਤਮਕ ਸੋਚ ਤੇ ਰਚਨਾਤਮਕਤਾ ਨੂੰ ਵਧਾਉਣ ਲਈ ਤਕਨਾਲੋਜੀ ਦਾ ਲਾਭ ਉਠਾਉਣਾ ਚਾਹੀਦਾ ਹੈ। ਡਿਜੀਟਲ ਟੂਲਜ਼, ਸਾਫਟਵੇਅਰ ਤੇ ਆਨਲਾਈਨ ਪਲੇਟਫਾਰਮਾਂ ਤਕ ਪਹੁੰਚ ਕਰਨੀ ਚਾਹੀਦੀ ਹੈ ਜੋ ਸਮੱਸਿਆ ਨੂੰ ਹੱਲ ਕਰਨ 'ਚ ਸਹਿਯੋਗ ਤੇ ਰਚਨਾਤਮਕਤਾ ਨੂੰ ਉਤਸ਼ਾਹਤ ਕਰਦੇ ਹਨ। ਵਿਦਿਆਰਥੀਆਂ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਨੂੰ ਵਧਾਉਣ ਲਈ ਖੋਜ, ਡਾਟਾ ਵਿਸ਼ਲੇਸ਼ਣ ਤੇ ਰਚਨਾਤਮਕ ਸਮੀਕਰਨ ਲਈ ਤਕਨਾਲੋਜੀ ਦੀ ਵਰਤੋਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਅਸਲ-ਸੰਸਾਰ ਅਨੁਭਵ ਦੇਣ ਲਈ ਉਦਯੋਗ ਦੇ ਮਾਹਰਾਂ, ਸੰਸਥਾਵਾਂ ਤੇ ਭਾਈਚਾਰਕ ਹਿੱਸੇਦਾਰਾਂ ਨਾਲ ਸਾਂਝੇਦਾਰੀ ਬਣਾਉਣੀ ਚਾਹੀਦੀ ਹੈ।

ਸਹਿਯੋਗੀ ਪ੍ਰਾਜੈਕਟ, ਇੰਟਰਨਸ਼ਿਪ ਤੇ ਸਲਾਹਕਾਰ ਪ੍ਰੋਗਰਾਮ ਵਿਦਿਆਰਥੀਆਂ ਨੂੰ ਵਿਹਾਰਕ ਚੁਣੌਤੀਆਂ ਦਾ ਸਾਹਮਣਾ ਕਰਨਾ ਸਿਖਾਉਂਦੇ ਹਨ ਤੇ ਸਮੱਸਿਆਵਾਂ ਹੱਲ ਕਰਨ ਲਈ ਆਲੋਚਨਾਤਮਕ ਤੇ ਰਚਨਾਤਮਕ ਢੰਗ ਨਾਲ ਸੋਚਣ ਲਈ ਉਤਸ਼ਾਹਤ ਕਰਦੇ ਹਨ। ਇਹ ਭਾਈਵਾਲੀ ਅਕਾਦਮਿਕਤਾ ਤੋਂ ਵਿਸ਼ਵ ਵਿਚ ਗਿਆਨ ਤੇ ਹੁਨਰਾਂ ਦੇ ਤਬਾਦਲੇ ਦੀ ਸਹੂਲਤ ਦਿੰਦੀ ਹੈ, ਸਿੱਖਿਆ ਦੀ ਸਾਰਥਕਤਾ ਨੂੰ ਵਧਾਉਂਦੀ ਹੈ ਤੇ ਵਿਦਿਆਰਥੀਆਂ ਨੂੰ ਭਵਿੱਖ ਦੇ ਕਰੀਅਰ ਲਈ ਤਿਆਰ ਕਰਦੀ ਹੈ। ਇਨ੍ਹਾਂ ਕਦਮਾਂ ਨੂੰ ਲਾਗੂ ਕਰ ਕੇ, ਉੱਚ ਸਿੱਖਿਆ ਸੰਸਥਾਵਾਂ ਬਹੁਤ ਕੁਝ ਸਿੱਖਣ ਦਾ ਮਾਹੌਲ ਤਿਆਰ ਕਰ ਸਕਦੀਆਂ ਹਨ ਜੋ ਆਲੋਚਨਾਤਮਕ ਸੋਚ ਤੇ ਰਚਨਾਤਮਕਤਾ ਨੂੰ ਉਤਸ਼ਾਹਤ ਕਰਦੀਆਂ ਹਨ। ਗ੍ਰੈਜੂਏਟ ਵਿਦਿਆਰਥੀ ਗੁੰਝਲਦਾਰ ਮੁੱਦਿਆਂ ਦਾ ਵਿਸ਼ਲੇਸ਼ਣ ਕਰਨ, ਨਵੀਨਤਾਕਾਰੀ ਢੰਗ ਨਾਲ ਸੋਚਣ ਤੇ ਸਮੁੱਚੇ ਤੌਰ 'ਤੇ ਆਪਣੇ ਖੇਤਰਾਂ ਤੇ ਸਮਾਜ 'ਚ ਯੋਗਦਾਨ ਪਾਉਣ ਲਈ ਲੋੜੀਂਦੇ ਹੁਨਰਾਂ (ਸਕਿੱਲ) ਨਾਲ ਲੈਸ ਹੋਣਗੇ। ਯੂਨੀਵਰਸਿਟੀਆਂ ਨੂੰ ਇੰਬਰੀਡਿੰਗ ਤੋਂ ਬਚਣਾ ਚਾਹੀਦਾ ਹੈ। ਕਈ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਕੋਲ ਪੀਐੱਚਡੀ ਦੀ ਡਿਗਰੀ ਨਹੀਂ ਹੈ। ਤਦ ਇਕ ਸਵਾਲ ਵੀ ਉੱਠਦਾ ਹੈ ਕਿ ਕਿਸ ਤਰ੍ਹਾਂ ਉੱਚ ਸਿੱਖਿਆ 'ਚ ਸੁਧਾਰ ਦੀ ਉਮੀਦ ਰੱਖੀ ਜਾ ਸਕਦੀ ਹੈ।

Uscipp Insurance Services
1050 N Carpenter RD STE C, Modesto, CA 95351

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

# ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦੇ ਜੀਵਨ ਦੀ ਸੰਖੇਪ ਜਾਣਕਾਰੀ






ਬਾਬਾ ਮੁਖਤਿਆਰ ਸਿੰਘ ਮੱਖ

ਭਾਈ ਮਨੀ ਸਿੰਘ ਜੀ ਦਾ ਜਨਮ ਪਿੰਡ ਕੈਬੋਂਵਾਲ ਦੇ ਵਸਨੀਕ ਚੌਧਰੀ ਕਾਲੇ ਦੇ ਘਰ ਹੋਇਆ। ਭਾਈ ਸਾਹਿਬ ਦਾ ਨਾਂ ਮਾਪਿਆਂ ਨੇ 'ਮਨੀਆ' ਰੱਖਿਆ। ਉਹ ਸਵਾਂ ਪੰਜ ਵਰ੍ਹਿਆਂ ਦੇ ਸਨ ਕਿ ਉਨ੍ਹਾਂ ਦੇ ਪਿਤਾ ਚੌਧਰੀ ਕਾਲੇ ਨੇ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ ਅਰਪਨ ਕਰ ਦਿੱਤਾ। ਉਹ ਛੋਟੀ ਉਮਰ ਤੋਂ ਹੀ ਸ੍ਰੀ ਦਸਮੇਸ਼ ਜੀ ਦੀ ਸੇਵਾ ਵਿਚ ਰਹੇ। ਉਨ੍ਹਾਂ ਨੇ ਸ੍ਰੀ ਕਲਗੀਧਰ ਜੀ ਪਾਸੋਂ ਅੰਮ੍ਰਿਤ ਛਕਿਆ ਤੇ ਉਨ੍ਹਾਂ ਦਾ ਨਾਂ ਮਨੀ ਸਿੰਘ ਹੋਇਆ।

ਜਦ ਸੰਨ 1704 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਛੱਡਿਆ ਤਾਂ ਗੁਰੂ ਜੀ ਦੀ ਆਗਿਆ ਅਨੁਸਾਰ ਭਾਈ ਮਨੀ ਸਿੰਘ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਨਾਲ ਦਿੱਲੀ ਜਾ ਠਹਿਰੇ ਅਤੇ ਸੰਨ 1705 ਈ. ਵਿਚ ਸ੍ਰੀ ਦਸਮੇਸ਼ ਜੀ ਦੀ ਹਜ਼ੂਰੀ ਵਿਚ ਦਮਦਮਾ ਸਾਹਿਬ ਪੁੱਜੇ। ਦੱਖਣ ਦੀ ਧਰਤੀ ਨਾਂਦੇੜ ਜਾਣ ਸਮੇਂ ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਨਾਲ ਗਏ। ਸੱਚਖੰਡ ਪਿਆਨਾ ਕਰਨ ਸਮੇਂ ਗੁਰੂ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ, ਮਾਤਾ ਸੁੰਦਰ ਕੌਰ ਜੀ ਪਾਸ ਦਿੱਲੀ ਰਹਿਣ ਲਈ ਭਾਈ ਮਨੀ ਸਿੰਘ ਜੀ ਦੇ ਨਾਲ ਭੇਜਿਆ।

ਇੱਥੋਂ ਹੀ ਮਾਤਾ ਸੁੰਦਰ ਕੌਰ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਠੀਕ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ ਸੰਨ 1721 ਈ. ਦੇ ਸ਼ੁਰੂ ਵਿਚ ਸ੍ਰੀ ਦਰਬਾਰ ਸਾਹਿਬ ਜੀ ਦਾ ਗ੍ਰੰਥੀ ਬਣਾ ਕੇ ਭੇਜਿਆ। ਭਾਈ ਸਾਹਿਬ ਨੇ ਸ਼ਹਿਰ ਦੇ ਮੁੱਖੀ ਸਿੱਖਾਂ ਦੀ ਸਲਾਹ ਨਾਲ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸੁਧਾਰਿਆ। ਸ੍ਰੀ ਅੰਮ੍ਰਿਤਸਰ ਵਿਚ ਦੀਵਾਲੀ ਦਾ ਮੇਲਾ ਮੁਗ਼ਲ ਸਰਕਾਰ ਨੇ ਕਈ ਵਰ੍ਹਿਆਂ ਤੋਂ ਬੰਦ ਕੀਤਾ ਹੋਇਆ ਸੀ। ਸੰਨ 1716 ਈ. ਤੋਂ ਲੈ ਕੇ 1766 ਈ. ਤਕ ਖ਼ਾਲਸੇ ਦੇ ਇਮਤਿਹਾਨ ਦਾ ਸਮਾਂ ਸੀ। ਖ਼ਾਲਸੇ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ।

ਦੁਸ਼ਮਣ ਦੀ ਤਾਕਤ ਨੂੰ ਤਬਾਹ ਕਰਨ ਲਈ ਅਤੇ ਚੰਗੇ ਦਿਨਾਂ ਲਈ ਤਿਆਰੀ ਕਰਨ ਲਈ ਖਾਲਸਾ ਖਿੰਡਿਆ-ਪੁੰਡਿਆ ਹੋਇਆ ਸੀ। ਖ਼ਾਲਸਾ ਜੰਗਲ ਬੇਲਿਆਂ ਪਹਾੜਾਂ, ਰੇਗਿਸਤਾਨ ਵਿਚ ਪਨਾਹ ਲਈ ਬੈਠਾ ਸੀ। ਖ਼ਾਲਸੇ ਦੀ ਤਾਕਤ ਨੂੰ ਇਕ-ਮੁੱਠ ਕਰਨ ਲਈ ਭਾਈ ਸਾਹਿਬ ਨੇ ਇਕ ਯੋਜਨਾ ਬਣਾਈ। ਸੰਨ 1738 ਵਿਚ ਭਾਈ ਸਾਹਿਬ ਨੇ ਲਾਹੌਰ ਦੇ ਸੂਬੇ ਪਾਸੋਂ ਦੀਵਾਲੀ ਦਾ ਮੇਲਾ ਲਾਉਣ ਦੀ ਆਗਿਆ ਮੰਗੀ। ਆਗਿਆ ਇਸ ਸ਼ਰਤ 'ਤੇ ਦਿੱਤੀ ਗਈ ਕਿ ਮੇਲੇ ਮਗਰੋਂ ਭਾਈ ਸਾਹਿਬ ਪੰਜ ਹਜ਼ਾਰ ਰੁਪਏ ਸਰਕਾਰ ਨੂੰ ਦੇਣ। ਮੇਲਾ ਦਸ ਦਿਨ ਰਹਿਣਾ ਸੀ। ਭਾਈ ਮਨੀ ਸਿੰਘ ਜੀ ਨੇ ਸੱਦੇ ਭੇਜੇ, ਪਰ ਉੱਧਰ ਸੂਬੇ ਨੇ ਦੀਵਾਨ ਲਖਪਤ ਰਾਏ ਦੀ ਮਦਦ ਵਾਸਤੇ ਬਹੁਤ ਸਾਰੀ ਫ਼ੌਜ ਭੇਜ ਦਿੱਤੀ, ਜਿਸ ਨੇ ਰਾਮ ਤੀਰਥ 'ਤੇ ਜਾ ਡੇਰਾ ਲਾਇਆ। ਇਹਨਾਂ ਦੀ ਚਾਲ ਸੀ ਕਿ ਮੇਲੇ 'ਤੇ ਜਦੋਂ ਖ਼ਾਲਸਾ ਇਕੱਠਾ ਹੋਵੇਗਾ ਤਾਂ ਹਮਲਾ ਕਰ ਕੇ ਖ਼ਾਲਸਾ ਤਬਾਹ ਕਰ ਦਿੱਤਾ ਜਾਵੇ। ਭਾਈ ਸਾਹਿਬ ਜੀ ਨੂੰ ਇਸ ਵਿਉਂਤ ਦਾ ਪਤਾ ਲੱਗ ਗਿਆ। ਭਾਈ ਸਾਹਿਬ ਨੇ ਦੁਬਾਰਾ ਹੁਕਮ ਕਰ ਭੇਜਿਆ ਕਿ ਖ਼ਾਲਸਾ ਇਕੱਤਰ ਨਾ ਹੋਵੇ। ਭਾਈ ਸਾਹਿਬ ਦੇ ਹੁਕਮ ਅਨੁਸਾਰ ਖ਼ਾਲਸਾ ਇਕੱਤਰ ਨਾ ਹੋਇਆ।

ਦੀਵਾਲੀ ਤੋਂ ਬਾਅਦ ਜਦੋਂ ਲਾਹੌਰ ਦਰਬਾਰ ਨੇ ਪੈਸੇ ਮੰਗੇ ਤਾਂ ਭਾਈ ਸਾਹਿਬ ਨੇ ਸਪਸ਼ੱਟ ਕਹਿ ਦਿੱਤਾ ਕਿ ਤੁਹਾਡੀ ਚਾਲ ਵਿਚ ਖ਼ਾਲਸਾ ਨਹੀਂ ਆਵੇਗਾ। ਇਕ ਪਾਸੇ ਤੁਹਾਡੇ ਦਸਤੇ ਖ਼ਾਲਸੇ ਨੂੰ ਖ਼ਤਮ ਕਰਨ ਲਈ ਗਸ਼ਤ ਕਰਨ ਤੇ ਦੂਜੇ ਪਾਸੇ ਤੁਹਾਨੂੰ ਪੈਸੇ ਦੇਈਏ। ਤੁਹਾਡਾ ਇਹ ਵਾਅਦਾ ਸੀ ਕਿ ਅਸੀਂ ਖ਼ਾਲਸੇ ਨੂੰ ਕੁਝ ਨਹੀਂ ਕਹਾਂਗੇ। ਇਸ ਲਈ ਕਾਹਦੇ ਲਈ ਪੈਸੇ ਤਾਰੀਏ? ਉਨ੍ਹਾਂ ਨੇ ਇਸ ਨੂੰ ਅਪਰਾਧ ਦਾ ਬਹਾਨਾ ਬਣਾ ਕੇ ਭਾਈ ਮਨੀ ਸਿੰਘ ਜੀ ਅਤੇ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਲਾਹੌਰ ਲੈ ਗਏ। ਉਥੇ ਉਨ੍ਹਾਂ ਨੂੰ ਕਿਹਾ ਗਿਆ, ਮੁਸਲਮਾਨ ਹੋ ਜਾਓ, ਨਹੀਂ ਤਾਂ ਤੁਹਾਡਾ ਬੰਦ-ਬੰਦ ਕੱਟ ਦਿੱਤਾ ਜਾਵੇਗਾ, ਪਰ ਭਾਈ ਮਨੀ ਸਿੰਘ ਜੀ ਨੇ ਮੁਸਲਮਾਨ ਬਣਨ ਤੋਂ ਸਾਫ ਇਨਕਾਰ ਕਰ ਦਿੱਤਾ। ਹੁਣ ਉਹ ਸਮਾਂ ਆ ਗਿਆ ਤੇ ਜੱਲਾਦ ਨੇ ਭਾਈ ਜੀ ਨੂੰ ਆਖਿਆ ਅੱਖਾਂ ਤੇ ਪੱਟੀ ਬੰਨ੍ਹਣੀ ਜੇ? "ਭਾਈ ਸਾਹਿਬ ਕਹਿੰਦੇ ਲੋੜ ਨਹੀਂ ਤੂੰ ਆਪਣਾ ਕੰਮ ਕਰ।" ਜਦੋਂ ਜਲਾਦ ਗੁੱਟ ਤੋਂ ਫੜ ਕੇ ਵੱਢਣ ਲੱਗਾ ਤਾਂ ਭਾਈ ਸਾਹਿਬ ਨੇ ਰੋਕ ਦਿੱਤਾ ਤੇ ਕਿਹਾ, ਜੱਲਾਦ ਤੈਨੂੰ ਜਾਂ ਤਾਂ ਸਮਝ ਨਹੀਂ ਆਈ, ਜਾਂ ਤੂੰ ਆਪਣਾ ਕੰਮ ਭੁੱਲ ਗਿਆ ਹੈਂ, ਤੈਨੂੰ ਬੰਦ-ਬੰਦ ਕੱਟਣ ਲਈ ਕਿਹਾ ਗਿਆ ਹੈ। ਬੰਦ ਗੁਟ ਤੋਂ ਨਹੀਂ ਪੋਟੇ ਤੋਂ ਬਣਦਾ ਹੈ। ਇਸ ਬੰਦ ਤੋਂ ਪਹਿਲੇ ਕਿੰਨੇ ਹੀ ਬੰਦ ਬਣਦੇ ਹਨ, ਇਸ ਲਈ ਪੋਟਿਆਂ ਤੋਂ ਸ਼ੁਰੂ ਕਰ।

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ।।(ਅੰਗ 955) ਇਹ ਕਿਹੜੀ ਅਵੱਸਥਾ ਹੈ, ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।

ਭਾਈ ਸਾਹਿਬ ਜੀ ਦਾ ਪੋਟਾ-ਪੋਟਾ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਜਾ ਰਿਹਾ ਹੈ ਪਰ ਭਾਈ ਮਨੀ ਸਿੰਘ ਜੀ ਨੇ ਗੁਰੂ ਦੀ ਕ੍ਰਿਪਾ, ਸਿਮਰਨ ਬਾਣੀ ਤੇ ਨਿਤਨੇਮ ਸਦਕਾ ਅਡੋਲ ਬੈਠ ਸ਼ਹੀਦੀ ਦਾ ਜਾਮ ਪੀਤਾ। ਕਮਾਲ ਦੀ ਗੱਲ ਆਪ ਤਾਂ ਭਾਈ ਮਨੀ ਸਿੰਘ ਗੁਰੂ ਸਾਹਿਬ ਜੀ ਦੇ ਪਾਏ ਪੂਰਨਿਆਂ ਦੀ ਪਾਲਣਾ ਕਰਦੇ ਹੋਏ ਸ਼ਹੀਦ ਹੋਏ, ਪਰ ਪਰਿਵਾਰ ਵੀ ਪਿੱਛੇ ਨਹੀਂ ਰਿਹਾ।

ਪੜ੍ਹੋ ਇਤਿਹਾਸ ਤਾਂ ਪਤਾ ਲੱਗਦਾ ਹੈ, ਕਿੰਨਾ ਪਿਆਰ ਸੀ ਗੁਰੂ ਘਰ ਨਾਲ, ਭਾਈ ਸਾਹਿਬ ਜੀ ਦੇ 12 ਭਰਾ ਹੋਏ ਹਨ, 12 ਦੇ 12 ਭਰਾਵਾਂ ਦੀ ਸ਼ਹੀਦੀ ਹੋਈ, 9 ਪੁੱਤਰ 9 ਦੇ 9 ਪੁੱਤਰ ਸ਼ਹੀਦ। ਇਨ੍ਹਾਂ ਪੁੱਤਰਾਂ ਵਿਚੋਂ ਹੀ ਇਕ ਪੁੱਤਰ ਹੋਏ ਬੱਚਿਤਰ ਸਿੰਘ ਜਿਸ ਨੇ ਨਾਗਨੀ ਬਰਛੇ ਨਾਲ ਹਾਥੀ ਦਾ ਮੁਕਾਬਲਾ ਕੀਤਾ। ਦੂਜਾ ਪੁੱਤਰ ਉਦੈ ਸਿੰਘ ਜਿਸਨੇ ਕੇਸਰੀ ਚੰਦ ਦਾ ਸਿਰ ਲਾਹ ਕੇ ਲਿਆਂਦਾ ਸੀ। 14 ਪੋਤਰੇ ਵੀ ਸ਼ਹੀਦ, ਭਾਈ ਮਨੀ ਸਿੰਘ ਜੀ ਦੇ 13 ਭਤੀਜੇ ਉਹ ਵੀ ਸ਼ਹੀਦ 9 ਚਾਚੇ ਵੀ ਸ਼ਹੀਦ, ਜਿਨ੍ਹਾਂ ਛੇਵੇਂ ਪਾਤਸ਼ਾਹ ਦੀ ਬੇਟੀ ਬੀਬੀ ਵੀਰੋ ਜੀ ਦੇ ਵਿਆਹ ਵੇਲੇ ਜਦ ਫ਼ੌਜਾਂ ਨੇ ਚੜ੍ਹਾਈ ਕੀਤੀ ਤਾਂ ਲੋਹਗੜ੍ਹ ਦੇ ਅਸਥਾਨ ਤੇ ਜਿਸ ਸਿੱਖ ਨੇ ਸ਼ਾਹੀ ਕਾਜ਼ੀ ਦਾ ਮੁਕਾਬਲਾ ਕਰਕੇ ਮੌਤ ਦੇ ਘਾਟ ਉਤਾਰਿਆਂ ਉਹ ਕੌਣ ਸੀ' ਉਹ ਭਾਈ ਮਨੀ ਸਿੰਘ ਜੀ ਦੇ ਦਾਦਾ ਜੀ ਸਨ। 5 ਦਾਦੇ ਭਰਾ ਵੀ ਸਨ, ਉਹ ਵੀ ਸ਼ਹੀਦ, ਸਹੁਰਾ ਲਖੀ ਸ਼ਾਹ ਵਣਜਾਰਾ ਜਿਸਨੇ ਗੁਰੂ ਤੇਗ਼ ਬਹਾਦਰ ਦੇ ਧੜ ਦਾ ਸੰਸਕਾਰ ਆਪਣੇ ਘਰ ਨੂੰ ਅੱਗ ਲਗਾ ਕੇ ਕੀਤਾ, ਉਹ ਵੀ ਸ਼ਹੀਦ ਹੋਏ।

ਐਸੇ ਜੋ ਗੁਰੂ ਸਾਹਿਬ ਜੀ ਦੇ ਪਿਆਰੇ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਗੁਰੂ ਸਾਹਿਬ ਜੀ ਤੋਂ ਕੁਰਬਾਨ ਕਰ ਦੇਂਦੇ ਹਨ ਉਨ੍ਹਾਂ ਤੋਂ ਸਾਨੂੰ ਸੇਧ ਲੈ ਕੇ ਆਪਣਾ ਆਪ ਗੁਰੂ ਜੀ ਅੱਗੇ ਨਿਛਾਵਰ ਕਰਨਾ ਚਾਹੀਦਾ ਹੈ।

# ਡਿਜੀਟਲ ਯੁੱਗ ਵਿੱਚ ਲਿਬਰਲ ਆਰਟਸ ਸਿੱਖਿਆ ਦਾ ਮੁੱਲ



ਜਿਵੇਂ ਕਿ ਤਕਨਾਲੋਜੀ ਤੇਜ਼ੀ ਨਾਲ ਸਰਵ ਵਿਆਪਕ ਹੁੰਦੀ ਜਾਂਦੀ ਹੈ, ਬਹੁਤ ਸਾਰੇ ਵਿਦਿਆਰਥੀ ਅਤੇ ਮਾਪੇ ਲਿਬਰਲ ਆਰਟਸ ਦੀ ਸਾਰਥਕਤਾ, ਇਸ ਦੇ ਰੁਜ਼ਗਾਰ ਦੇ ਮੌਕਿਆਂ, ਅਤੇ ਜੇਕਰ ਲਿਬਰਲ ਆਰਟਸ ਐਜੂਕੇਸ਼ਨ ਦੇ ਨਾਲ ਕਰੀਅਰ ਦੀ ਤਰੱਕੀ ਹੈ, ਬਾਰੇ ਹੈਰਾਨ ਹੁੰਦੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੁਆਰਾ ਚਲਾਏ ਜਾਣ ਵਾਲੇ ਸਿਸਟਮ ਜ਼ਿਆਦਾਤਰ ਕੰਮਾਂ ਨੂੰ ਮਨੁੱਖਾਂ ਨਾਲੋਂ ਵਧੇਰੇ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਦੇ ਹਨ ਅਤੇ ਤੇਜ਼ੀ ਨਾਲ ਬਦਲ ਰਹੇ ਹਨ ਕਿ ਅਸੀਂ ਕਿਵੇਂ ਰਹਿੰਦੇ ਹਾਂ, ਕੰਮ ਕਰਦੇ ਹਾਂ ਅਤੇ ਤਕਨਾਲੋਜੀ ਅਤੇ ਸਾਡੇ ਆਲੇ ਦੁਆਲੇ ਦੇ ਲੋਕਾਂ ਨਾਲ ਕਿਵੇਂ ਗੱਲਬਾਤ ਕਰਦੇ ਹਾਂ। ਜਦੋਂ ਕਿ ਓਪਨਏਆਈ ਜੀਪੀਟੀ-3, ਚੈਟਜੀਪੀਟੀ, ਟਿਊਰਿੰਗ-ਐਨਐਲਜੀ, ਬੀਆਰਟੀ, ਅਤੇ ਵਾਟਸਨ ਅਸਿਸਟੈਂਟ ਵਰਗੇ 19-ਸੰਚਾਲਿਤ ਮਾਡਲ ਬਹੁਤ ਸਾਰੇ ਕੰਮਾਂ ਨੂੰ ਸਵੈਚਾਲਤ ਕਰ ਸਕਦੇ ਹਨ ਅਤੇ ਸਾਨੂੰ ਬਹੁਤ ਸਾਰੀ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ, ਕੀ ਉਹ ਮਨੁੱਖਾਂ ਦੀ ਥਾਂ ਲੈ ਸਕਦੇ ਹਨ? ਯਕੀਨੀ ਤੌਰ 'ਤੇ ਨਹੀਂ। ਜਾਣਕਾਰੀ ਨੂੰ ਬਿਹਤਰ ਢੰਗ ਨਾਲ ਵਿਕਸਿਤ ਕਰਨ, ਡਿਜ਼ਾਈਨ ਕਰਨ ਅਤੇ ਵਰਤਣ ਲਈ, ਮਨੁੱਖਾਂ ਨੂੰ ਅਜੇ ਵੀ ਰਚਨਾਤਮਕਤਾ ਅਤੇ ਆਲੋਚਨਾਤਮਕ ਸੋਚ ਦੇ ਹੁਨਰਾਂ 'ਤੇ ਭਰੋਸਾ ਕਰਨਾ ਚਾਹੀਦਾ ਹੈ। ਇਹ ਉਹ ਥਾਂ ਹੈ ਜਿੱਥੇ ਲਿਬਰਲ ਆਰਟਸ ਐਜੂਕੇਸ਼ਨ ਲੋਕਾਂ ਨੂੰ ਤੇਜ਼ੀ ਨਾਲ ਬਦਲ ਰਹੇ ਟੈਕਨੋਲੋਜੀ ਲੈਂਡਸਕੇਪ ਨੂੰ ਨੈਵੀਗੇਟ ਕਰਨ ਦੇ ਯੋਗ ਬਣਾਉਣ ਵਿੱਚ ਮਹੱਤਵਪੂਰਨ ਫਰਕ ਲਿਆ ਸਕਦੀ ਹੈ। ਲਿਬਰਲ ਆਰਟਸ ਐਜੂਕੇਸ਼ਨ ਲਗਾਤਾਰ ਬਦਲਦੇ ਅਤੇ ਗੁੰਝਲਦਾਰ ਮਾਹੌਲ ਵਿੱਚ ਸੂਚਿਤ ਫੈਸਲੇ ਲੈਣ, ਗੁੰਝਲਦਾਰ ਸਮੱਸਿਆਵਾਂ ਨਾਲ ਨਜਿੱਠਣ ਅਤੇ ਨਵੀਨਤਾ ਨੂੰ ਚਲਾਉਣ ਲਈ ਲੋੜੀਂਦੇ ਹੁਨਰ ਵਾਲੇ ਵਿਅਕਤੀਆਂ ਨੂੰ ਤਿਆਰ ਕਰਨ 'ਤੇ ਕੇਂਦ੍ਰਤ ਕਰਦੀ ਹੈ। ਰਾਸ਼ਟਰੀ ਸਿੱਖਿਆ ਨੀਤੀ (NEP) 2020, ਸਿੱਖਿਆ ਲਈ ਇੱਕ ਸੰਪੂਰਨ ਅਤੇ ਬਹੁ-ਅਨੁਸ਼ਾਸਨੀ ਪਹੁੰਚ ਦੀ ਲੋੜ ਨੂੰ ਮਾਨਤਾ ਦਿੰਦੀ ਹੈ ਜੋ ਵਿਦਿਆਰਥੀਆਂ ਨੂੰ 21ਵੀਂ ਸਦੀ ਦੀਆਂ ਚੁਣੌਤੀਆਂ ਲਈ ਤਿਆਰ ਕਰਦੀ ਹੈ ਅਤੇ ਲਿਬਰਲ ਆਰਟਸ ਦੇ ਅਧਿਐਨ ਨੂੰ ਉਤਸ਼ਾਹਿਤ ਕਰਦੀ ਹੈ। ਲਿਬਰਲ ਆਰਟਸ ਵਿਦਿਆਰਥੀਆਂ ਨੂੰ ਮਨੁੱਖਤਾ, ਸਮਾਜਿਕ ਵਿਗਿਆਨ ਅਤੇ ਕੁਦਰਤੀ ਵਿਗਿਆਨ ਵਰਗੇ ਕਈ ਵਿਸ਼ਿਆਂ ਦੀ ਪੜਚੋਲ ਕਰਨ ਦੀ ਇਜਾਜ਼ਤ ਦਿੰਦੀਆਂ ਹਨ, ਅਤੇ ਵਿਦਿਆਰਥੀਆਂ ਨੂੰ ਵੱਖ-ਵੱਖ ਸੱਭਿਆਚਾਰਕ ਪ੍ਰਭਾਵਾਂ, ਸੋਚਣ ਦੀਆਂ ਵਿਧੀਆਂ, ਸਮੱਸਿਆ-ਹੱਲ ਕਰਨ, ਅਤੇ ਪ੍ਰਗਟਾਵੇ ਦੇ ਰੂਪਾਂ ਦੀ ਸਮਝ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਵਿਦਿਆਰਥੀ ਆਲੋਚਨਾਤਮਕ ਸੋਚ, ਖੋਜ, ਸੰਚਾਰ, ਸਹਿਯੋਗ, ਰਚਨਾਤਮਕਤਾ ਅਤੇ ਸੁਤੰਤਰ ਪੁੱਛਗਿੱਛ ਦੇ ਹੁਨਰ ਵਿਕਸਿਤ ਕਰ ਸਕਦੇ ਹਨ। ਇੱਕ ਅੰਤਰ-ਅਨੁਸ਼ਾਸਨੀ ਪਹੁੰਚ ਦੁਆਰਾ, ਉਦਾਰਵਾਦੀ ਕਲਾਵਾਂ ਵਿਦਿਆਰਥੀਆਂ ਨੂੰ ਖੋਜ ਅਤੇ ਵਿਕਾਸ ਤੋਂ ਲੈ ਕੇ ਉੱਦਮਤਾ ਅਤੇ ਲੀਡਰਸ਼ਿਪ ਤੱਕ, ਕੈਰੀਅਰ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਸਫਲ ਹੋਣ ਲਈ ਲੋੜੀਂਦੇ ਹੁਨਰ ਅਤੇ ਗਿਆਨ ਨਾਲ ਲੈਸ ਕਰਦੀਆਂ ਹਨ। ਸਭ ਤੋਂ ਮਹੱਤਵਪੂਰਨ, ਇਹ ਵਿਦਿਆਰਥੀਆਂ ਨੂੰ ਜੀਵਨ ਭਰ ਸਿੱਖਣ ਵਾਲੇ ਬਣਨ ਲਈ ਤਿਆਰ ਕਰਦਾ ਹੈ। ਆਧੁਨਿਕ ਸੰਸਾਰ ਦੀਆਂ ਚੁਣੌਤੀਆਂ ਨੂੰ ਬਿਹਤਰ ਢੰਗ ਨਾਲ ਹੱਲ ਕਰਨ ਲਈ ਲਿਬਰਲ ਆਰਟਸ ਐਜੂਕੇਸ਼ਨ ਪਿਛਲੇ ਕੁਝ ਸਾਲਾਂ ਵਿੱਚ ਵਿਕਸਤ ਹੋਈ ਹੈ ਅਤੇ ਇਹ ਸਮਕਾਲੀ ਅਭਿਆਸਾਂ ਨਾਲ ਏਕੀਕ੍ਰਿਤ ਕਲਾਸੀਕਲ ਪਹੁੰਚਾਂ ਦਾ ਸੁਮੇਲ ਹੈ। ਪੇਸ਼ ਕੀਤੇ ਗਏ ਕੁਝ ਵਿਸ਼ੇ ਅਤੇ ਕੋਰਸ ਹਨ - ਇਤਿਹਾਸ, ਸਮਾਜ ਸ਼ਾਸਤਰ, ਮਨੋਵਿਗਿਆਨ, ਭਾਸ਼ਾ ਅਤੇ ਸਾਹਿਤ, ਰਾਜਨੀਤੀ ਵਿਗਿਆਨ, ਅਰਥ ਸ਼ਾਸਤਰ, ਕਲਾ ਅਤੇ ਸੰਗੀਤ, ਦਰਸ਼ਨ, ਮੀਡੀਆ ਅਤੇ ਸੰਚਾਰ ਅਧਿਐਨ, ਅਤੇ ਕੁਦਰਤੀ ਵਿਗਿਆਨ। ਪਾਠਕ੍ਰਮ ਨੂੰ ਹੋਰ ਅੰਤਰ-ਅਨੁਸ਼ਾਸਨੀ ਹੋਣ ਅਤੇ ਵੱਖ-ਵੱਖ ਗਿਆਨ ਡੋਮੇਨਾਂ ਦੇ ਏਕੀਕਰਨ 'ਤੇ ਜ਼ੋਰ ਦੇਣ ਲਈ ਤਿਆਰ ਕੀਤਾ ਗਿਆ ਹੈ। ਉਦਾਹਰਨ ਲਈ, ਡਿਜੀਟਲ ਹਿਊਮੈਨਟੀਜ਼ ਵਰਗੇ ਕੋਰਸ ਤਕਨਾਲੋਜੀ ਅਤੇ ਸੱਭਿਆਚਾਰ ਦੇ ਲਾਂਘੇ ਦੀ ਪੜਚੋਲ ਕਰਨ ਲਈ ਉਭਰ ਕੇ ਸਾਹਮਣੇ ਆਏ ਹਨ। ਡੇਟਾ ਸਾਇੰਸ ਅਤੇ ਡੇਟਾ ਵਿਜ਼ੂਅਲਾਈਜ਼ੇਸ਼ਨ ਡੇਟਾ ਨੂੰ ਸਮਝਣ ਅਤੇ ਸੰਚਾਰ ਕਰਨ ਲਈ ਉਦਾਰਵਾਦੀ ਕਲਾ ਪਹੁੰਚ ਦੇ ਨਾਲ ਤਕਨੀਕੀ ਹੁਨਰਾਂ ਨੂੰ ਮਿਲਾਉਂਦੇ ਹਨ। ਭਾਸ਼ਾ ਅਤੇ ਸਾਹਿਤ ਦੇ ਕੋਰਸ ਵਿਅਕਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਅਤੇ ਡਿਜੀਟਲ ਵਾਤਾਵਰਣ ਵਿੱਚ ਸਹਿਯੋਗ ਕਰਨ ਲਈ ਸ਼ਕਤੀ ਪ੍ਰਦਾਨ ਕਰਦੇ ਹਨ। ਇੰਜੀਨੀਅਰਿੰਗ ਮਨੋਵਿਗਿਆਨ, ਜਾਂ ਮਨੁੱਖੀ ਕਾਰਕ ਇੰਜੀਨੀਅਰਿੰਗ, ਮਨੋਵਿਗਿਆਨ ਦਾ ਇੱਕ ਉਪ-ਖੇਤਰ ਹੈ ਜੋ ਉਤਪਾਦਾਂ ਅਤੇ ਪ੍ਰਣਾਲੀਆਂ ਨੂੰ ਡਿਜ਼ਾਈਨ ਕਰਨ, ਮਨੁੱਖਾਂ ਅਤੇ ਤਕਨਾਲੋਜੀ ਵਿਚਕਾਰ ਆਪਸੀ ਤਾਲਮੇਲ, ਮਨੁੱਖੀ ਧਾਰਨਾ ਅਤੇ ਬੋਧ ਦਾ ਅਧਿਐਨ ਕਰਨ, ਅਤੇ ਮਨੁੱਖੀ ਪ੍ਰਦਰਸ਼ਨ ਅਤੇ ਤੰਦਰੁਸਤੀ ਨੂੰ ਬਿਹਤਰ ਬਣਾਉਣ 'ਤੇ ਕੇਂਦ੍ਰਤ ਕਰਦਾ ਹੈ। ਸਟੀਵ ਜੌਬਸ, ਐਪਲ ਇੰਕ. ਦੇ ਸਾਬਕਾ ਸੀਈਓ, ਉਦਾਰਵਾਦੀ ਕਲਾਵਾਂ ਦੇ ਇੱਕ ਮਜ਼ਬੂਤ ਵਕੀਲ, ਨੇ ਕਿਹਾ, 'ਇਹ ਐਪਲ ਦੇ ਡੀਐਨਐਸ ਵਿੱਚ ਹੈ ਕਿ ਇਕੱਲੀ ਤਕਨਾਲੋਜੀ ਕਾਫ਼ੀ ਨਹੀਂ ਹੈ - ਇਸਦੀ ਤਕਨਾਲੋਜੀ ਨੇ ਉਦਾਰਵਾਦੀ ਕਲਾਵਾਂ ਨਾਲ ਵਿਆਹ ਕੀਤਾ, ਮਨੁੱਖਤਾ ਨਾਲ ਵਿਆਹ ਕੀਤਾ, ਜੋ ਸਾਨੂੰ ਨਤੀਜੇ ਪ੍ਰਦਾਨ ਕਰਦਾ ਹੈ ਜੋ ਸਾਡਾ ਦਿਲ ਗਾਉਂਦਾ ਹੈ।÷ ਵਿੱਚਅੱਜ ਦੇ ਡਿਜ਼ੀਟਲ ਯੁੱਗ ਵਿੱਚ, ਸੁਚੱਜੇ ਅਤੇ ਸੱਭਿਆਚਾਰਕ ਤੌਰ 'ਤੇ ਪੜ੍ਹੇ-ਲਿਖੇ ਵਿਅਕਤੀਆਂ ਦੀ ਲੋੜ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ। ਹਮਦਰਦੀ, ਹਮਦਰਦੀ, ਦੂਜਿਆਂ ਲਈ ਸਤਿਕਾਰ, ਵੱਖ-ਵੱਖ ਸਭਿਆਚਾਰਾਂ ਦੀ ਕਦਰ, ਦ੍ਰਿਸ਼ਟੀਕੋਣ ਅਤੇ ਅਨੁਭਵ ਬਹੁ-ਸੱਭਿਆਚਾਰਕ ਕਾਰਜ ਸਥਾਨਾਂ ਵਿੱਚ ਮਹੱਤਵਪੂਰਨ ਹਨ ਅਤੇ ਵਿਸ਼ਵ ਨਾਗਰਿਕਤਾ ਵੱਲ ਅਗਵਾਈ ਕਰਦੇ ਹਨ। ਲਿਬਰਲ ਆਰਟਸ ਅਤੇ ਹਿਊਮੈਨਟੀਜ਼ ਵਿਦਿਆਰਥੀਆਂ ਨੂੰ ਆਪਣੇ ਆਲੇ-ਦੁਆਲੇ ਦੇ ਸੰਸਾਰ ਬਾਰੇ ਵਿਸ਼ਲੇਸ਼ਣ, ਵਿਆਖਿਆ ਅਤੇ ਆਲੋਚਨਾਤਮਕ ਤੌਰ 'ਤੇ ਸੋਚਣ ਲਈ ਉਤਸ਼ਾਹਿਤ ਕਰਦੇ ਹਨ, ਜਿਸਦੀ ਮਾਲਕਾਂ ਦੁਆਰਾ ਕਦਰ ਕੀਤੀ ਜਾਂਦੀ ਹੈ। ਲਿਬਰਲ ਆਰਟਸ ਐਜੂਕੇਸ਼ਨ ਵਿੱਚ ਐਂਡਰਾਗੌਜੀਕਲ ਪਹੁੰਚ ਇਹ ਮੰਨਦੇ ਹਨ ਕਿ ਵਿਦਿਆਰਥੀ ਆਪਣੀ ਸਿੱਖਣ ਦੀ ਪ੍ਰਕਿਰਿਆ ਉੱਤੇ ਨਿਯੰਤਰਣ ਰੱਖਦੇ ਹਨ ਅਤੇ ਉਹਨਾਂ ਨੂੰ ਵਿਕਾਸ ਅਤੇ ਅਨੁਕੂਲਤਾ ਦੁਆਰਾ ਉਹਨਾਂ ਦੀ ਸਿੱਖਿਆ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਣ ਲਈ ਸਮਰੱਥ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਲਿਬਰਲ ਆਰਟਸ ਦੀ ਸਿੱਖਿਆ ਵਿਦਿਆਰਥੀਆਂ ਨੂੰ ਨਾ ਸਿਰਫ਼ ਰੋਜ਼ੀ-ਰੋਟੀ ਬਣਾਉਣ ਲਈ ਤਿਆਰ ਕਰਦੀ ਹੈ, ਸਗੋਂ ਜੀਵਨ ਬਣਾਉਣ ਲਈ ਵੀ ਤਿਆਰ ਕਰਦੀ ਹੈ। ਮਾਡਰਨ ਲਿਬਰਲ ਆਰਟਸ ਐਜੂਕੇਸ਼ਨ ਵਿਦਿਆਰਥੀਆਂ ਨੂੰ ਗਤੀਸ਼ੀਲ ਵਾਤਾਵਰਨ ਲਈ ਬਿਹਤਰ ਢੰਗ ਨਾਲ ਤਿਆਰ ਕਰਨ ਲਈ ਵਿਹਾਰਕ ਹੁਨਰਾਂ ਅਤੇ ਹੱਥੀਂ ਅਨੁਭਵ 'ਤੇ ਜ਼ਿਆਦਾ ਜ਼ੋਰ ਦਿੰਦੀ ਹੈ। ਅਤੇ ਵਿਦਿਆਰਥੀਆਂ ਲਈ ਵਿਸ਼ਵ ਨੂੰ ਰਹਿਣ ਲਈ ਇੱਕ ਬਿਹਤਰ ਸਥਾਨ ਬਣਾਉਣ ਲਈ ਲਿਬਰਲ ਆਰਟਸ ਦੀ ਚੋਣ ਕਰਨ ਦਾ ਇੱਕ ਨਿਸ਼ਚਿਤ ਮੌਕਾ ਹੈ।



ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ



# ਬਚਾਅ ਜ਼ਰੂਰੀ ਹੈ-ਸੱਟਾਂ ਤੋਂ





*''70% ਸੜਕ ਹਾਦਸੇ ਕੇਅਰਲੈਸ ਡਰਾਈਵਿੰਗ ਕਾਰਨ ਹੋ ਰਹੇ ਹਨ। ਛੇਤੀ ਠੀਕ ਨਾ ਹੋਣ ਵਾਲੀਆਂ ਸੱਟਾਂ ਬੇਕਸੂਰ ਲੋਕਾਂ ਨੂੰ ਲੰਬੇ ਸਮੇਂ ਤੱਕ ਮਾਨਸਿਕ-ਸਰੀਰਕ ਤੌਰ 'ਤੇ ਬਿਮਾਰ ਕਰ ਰਹੀਆਂ ਹਨ। ਕਰੇ ਕੋਈ ਤੇ ਭਰੇ ਕੋਈ ਵਾਲੀ ਕਹਾਵਤ ਸਾਹਮਣੇ ਆ ਰਹੀ ਹੈ। ਇੰਸ਼ੋਰੈਂਸ ਕੰਪਨੀ ਦੇ ਕਈ ਅਡਜਸਟਰਾਂ ਦੇ ਗਲਤ ਫੈਸਲੇ ਬੇਕਸੂਰ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ'' ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਵਿਸ਼ਵ ਭਰ ਵਿਚ 5 ਜੁਲਾਈ, 2023 ਨੂੰ ਨੈਸ਼ਨਲ ਇਨਜਰੀ (ਸੱਟ) ਬਚਾਅ ਦਿਵਸ ਮਨਾ ਕੇ ਹਰ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਕਈ ਮਿਲੀਅਨ ਕਰੀਬਨ 75% ਲੋਕ, ਰੋਕਥਾਮ ਵਾਲੀ ਸੱਟ ਨਾਲ ਕਿਸੇ ਬਿਮਾਰੀ ਨਾਲੋਂ ਜ਼ਿਆਦਾ ਮੌਤ ਦਾ ਸ਼ਿਕਾਰ ਹੋ ਰਹੇ ਹਨ। 10 ਤੋਂ 19 ਸਾਲ ਦੀ ਉਮਰ ਵਿਚ ਬੱਚਿਆਂ ਨੂੰ ਖੇਡਣ ਦੌਰਾਨ ਸਿਰ ਦੀਆਂ ਸੱਟਾਂ ਲੱਗਦੀਆਂ ਹਨ। ਨੌਜਵਾਨ ਡਰਾਈਵਰ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਕੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਿਨ ਲੋਕਾਂ ਨੂੰ ਰੋਕਥਾਮ ਵਾਲੀਆਂ ਸੱਟਾਂ ਦੇ ਕਾਰਨ ਹੋਣ ਵਾਲੇ ਮਾੜੇ ਅਸਰ ਬਾਰੇ ਜਾਗਰੁਕ ਕੀਤਾ ਜਾਂਦਾ ਹੈ। ਅਚਾਨਕ ਲੱਗ ਜਾਣ ਵਾਲੀਆਂ ਸੱਟਾਂ ਘਰ, ਆਫਿਸ, ਵੇਅਰਹਾਊਸ 'ਚ ਕੰਮ ਦੌਰਾਨ, ਸੈਰ ਕਰਦੇ ਹੋਏ, ਪਾਰਕ ਵਿਚ, ਡਰਾਈਵਿੰਗ ਦੌਰਾਨ ਅਪਾਹਜ਼, ਤਿਲਕਣ ਨਾਲ, ਖੇਡਾਂ ਖੇਡਦੇ ਹੋਏ, ਕਸਰਤ ਦੌਰਾਨ, ਵਗੈਰਾ ਤੋਂ ਖੁਦ ਨੂੰ ਬਚਾਇਆ ਜਾ ਸਕਦਾ ਹੈ ਸਾਵਧਾਨੀ ਵਰਤ ਕੇ।

• ਜੇ ਘਰ ਵਿਚ ਛੋਟੇ ਬੱਚੇ ਹਨ ਤਾਂ ਘਰੇਲੂ ਕਲੀਨਰ ਜਿਵੇਂ ਲਾਂਡਰੀ- ਡਿਟਰਜੈਂਟ, ਬਲੀਚ, ਦਵਾਈਆਂ ਉਨ੍ਹਾਂ ਦੀ ਪਹੁੰਚ ਤੋਂ ਦੂਰ ਰੱਖੋ। ਬੱਚਿਆਂ ਨੂੰ ਉਮਰ ਦੇ ਮੁਤਾਬਿਕ ਸੇਫ ਖਿਡੌਣੇ ਦਿਓ ਤਾਂਕਿ ਅਣਚਾਹੀ ਸੱਟ, ਦਮ ਘੁਟਣ ਦੀ ਘਟਨਾ ਤੋਂ ਬਚਾਇਆ ਜਾ ਸਕੇ।

• ਕਸਰਤ ਦੌਰਾਨ ਸੱਟ ਕਿਸੇ ਨੂੰ ਵੀ ਲੱਗ ਸਕਦੀ ਹੈ। ਤਜ਼ਰਬਾ ਘੱਟ ਹੋਣ ਵੇਲੇ ਵਰਕਆਓਟ ਦੀ ਸ਼ੁਰੂਆਤ ਟ੍ਰੇਨਰ ਦੀ ਨਿਗਰਾਨੀ ਹੇਠ ਕਰੋ ਤਾਂਕਿ ਸੱਟ ਤੋਂ ਬਚਾਅ ਹੋ ਸਕੇ। ਹਰ ਵਰਕਆਉਟ ਦੀ ਸ਼ੁਰੂਆਤ ਵਾਰਪ-ਅਪ ਤੋਂ ਹੁੰਦੀ ਹੈ। ਕਿਓਂਕਿ ਵਾਰਮ-ਅਪ ਹੌਲੀ-ਹੌਲੀ ਦਿਲ ਦੀ ਧੜਕਨ ਵਧਾ ਕੇ ਸਰੀਰ ਦੈ ਜੋੜਾਂ ਤੇ ਮਾਸਪੇਸ਼ੀਆਂ ਦੀ ਕ੍ਰਿਆ ਟੀਕ ਕਰਦਾ ਹੈ। 45 ਸਾਲ ਤੋਂ ਵੱਧ ਉਮਰ ਵਾਲੇ ਬਿਮਾਰੀ ਦੀ ਹਾਲਤ ਵਿਚ ਮਾਹਿਰ ਦੀ ਸਲਾਹ ਨਾਲ ਵਰਕਆਉਟ ਕਰਨ। ਲੋੜ ਤੋਂ ਵੱਧ ਵਰਕਆਉਟ ਜੋੜਾਂ ਦੀ ਬਿਮਾਰੀ ਦੇ ਸਕਦਾ ਹੈ।

• ਵਜ਼ਨ ਘਟਾਉਣ ਲਈ ਕੋਈ ਵੀ ਗਤੀਵਿਧੀ ਜਾਂ ਕਸਰਤ ਦਾ ਪੱਧਰ ਹੌਲੀ ਹੌਲੀ ਵਧਾਓ। ਲੋੜ ਤੋਂ ਵੱਧ ਗਤੀਵਿਧੀ ਸਰੀਰ ਨੂੰ ਥਕਾਵਟ ਤੇ ਕਮਜ਼ੋਰੀ ਦੇ ਸਕਦੀ ਹੈ। ਕਮਜ਼ੋਰੀ ਦੀ ਹਾਲਤ ਵਿਚ ਸੱਟ ਲੱਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਆਪਣੀਆਂ ਸੀਮਾਵਾਂ ਨੂੰ ਜਾਣਕੇ ਹੀ ਅੱਗੇ ਵਧੋ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

• ਰੋਜ਼ ਦੀਆਂ ਅਣਚਾਹੀ ਸੱਟਾਂ ਤੋਂ ਬਚਾਅ ਲਈ ਬੱਚਿਆਂ ਨੂੰ ਹੈਲਮੇਟ, ਸਾਈਕਲ, ਸਕੂਟਰ, ਸਕੇਟ ਬੋਰਡ ਦੇਣ ਤੋਂ ਪਹਿਲਾਂ ਸੁਰੱਖਿਆ ਦੇ ਲਿਹਾਜ ਨਾਲ ਪੂਰੀ ਟ੍ਰੇਨਿੰਗ ਜ਼ਰੂਰ ਦਿਓ। ਮਾਂ-ਬਾਪ ਨੂੰ ਆਪਣੇ ਬੱਚਿਆਂ ਦੀ ਉਮਰ ਮੁਤਾਬਿਕ ਸੀਟ ਬੈਲਟ ਅਤੇ ਕਾਰ ਸੀਟਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

• ਬਜ਼ੁਰਗ ਜ਼ਿਆਦਾਤਰ ਸ਼ਾਵਰ ਲੈਣ ਵੇਲੇ, ਤਿਲਕਮੇ ਫਲੋਰ ਅਤੇ ਪੌੜੀਆਂ ਉਤਰਦੇ-ਚੜ੍ਹਦੇ ਹੋਏ ਅਣਚਾਹੀ ਸੱਟਾਂ ਦੇ ਸ਼ਿਕਾਰ ਹੋ ਜਾਂਦੇ ਹਨ। ਨਤੀਜੇ ਵਜੋਂ ਹਿੱਪ ਦਾ ਟੁੱਟ ਜਾਣਾ ਅਤੇ ਸਿਰ ਤੇ ਦਿਮਾਗ ਦੀਆਂ ਗੰਭੀਰ ਸੱਟਾਂ ਲੱਗ ਜਾਂਦੀਆਂ ਹਨ। ਬਜ਼ੁਰਗਾਂ ਨੂੰ ਘਰ ਅੰਦਰ ਸੱਟਾਂ ਤੋਂ ਬਚਾਉਣ ਲਈ ਟਾਇਲੇਟ ਸੀਟ ਦੇ ਨੇੜੇ ਅਤੇ ਸ਼ਾਵਰ ਲੈਣ ਵੇਲੇ ਪ੍ਰੌਪਰ ਰੇਲਿੰਗ ਸੁਪੋਰਟ ਲੱਗੀ ਹੋਣੀ ਚਾਹੀਦੀ ਹੈ। ਸੇਫਟੀ ਲਈ ਤਿਲਕਣ ਵਾਲੀ ਟਾਈਲਜ਼ ਨਾ ਲਗਵਾਓ।

• ਗਰਭਵਤੀ ਔਰਤਾਂ ਨੂੰ ਤੰਦਰੁਸਤ ਬੱਚੇ ਦੇ ਜਨਮ ਲਈ ਖੁਦ ਨੂੰ ਅਣਚਾਹੀ ਸੱਟਾਂ ਤੋਂ ਬਚਾਅ ਲਈ ਘਰ ਅੰਦਰ ਤੇ ਬਾਹਰ ਉਠਣ-ਬੈਠਣ, ਚਲਣ-ਫਿਰਣ ਅਤੇ ਡਰਾਈਵਿੰਗ ਦੌਰਾਨ ਆਪਣਾ ਖਾਸ ਖਿਆਲ ਰੱਖਣ।

• ਇਨਸਾਨ ਸਰੀਰ ਦੇ ਨਾਲ-ਨਾਲ ਲਗਾਤਾਰ ਕਲੇਸ਼ ਕਰਕੇ ਸਟ੍ਰੈਸ ਰਹਿਣਾ, ਲੋੜ ਤੋਂ ਵੱਧ ਗੁੱਸਾ, ਅੰਦਰੂਨੀ ਕਮਜ਼ੋਰੀ ਤੇ ਨਿਪੁੰਸਕਤਾ, ਕੋਈ ਸਦਮਾ, ਉਦਾਸੀ, ਫੋਬੀਆ,ਵਗੈਰਾ ਇੱਕ ਕਿਸਮ ਦੀ ਮਨੋਵਿਗਿਆਨਕ ਸੱਟ ਹੀ ਹੈ। ਮਾਨਸਿਕ ਸੱਟ ਦੇ ਮਾੜੇ ਅਸਰ ਨੂੰ ਘੱਟ ਜਾਂ ਖਤਮ ਕਰਨ ਵਿਚ ਪਰਿਵਾਰ ਦੇ ਮੈਂਬਰਾਂ, ਦੋਸਤ, ਸਹਿਕਰਮੀ ਅਤੇ ਪ੍ਰੋਫੇਸ਼ਨਲ ਮਦਦ ਕਰਦੇ ਹਨ।

• ਗਰਭਵਤੀ ਔਰਤਾਂ ਦੀ ਸੱਟ ਬੱਚੇ ਲਈ ਖਤਰਾ ਪੈਦਾ ਕਰ ਸਕਦੀਆਂ ਹਨ। ਭਵਿੱਖ ਵਿਚ ਆਮ ਸੱਟ ਦੇ ਮਾੜੇ ਅਸਰ ਤੋਂ ਬਚਣ ਲਈ ਲਾਪ੍ਰਵਾਹੀ ਨਾ ਕਰਕੇ ਤੁਰੰਤ ਹਸਪਤਾਲ ਜਾਂ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

**ਨੋਟ :** ਸੜਕ ਹਾਦਸੇ ਵਿੱਚ ਬੇਗੁਨਾਹ ਲੋਕ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਸੜਕ ਹਾਦਸੇ ਤੋਂ ਬਾਅਦ ਆਟੋ-ਇੰਸ਼ੋਰੈਂਸ ਕੰਪਨੀਆਂ ਅਤੇ ਵਕੀਲਾਂ ਦੀ ਗੇਮ ਸ਼ੁਰੂ ਹੁੰਦੀ ਹੈ। ਮਕਸਦ ਬੱਸ ਇੱਕ ਹੀ ਕਿ ਬੇਕਸੂਰ ਸੱਟਾਂ ਦੇ ਸ਼ਿਕਾਰ ਲੋਕਾਂ ਨੂੰ ਕੋਈ ਪੈਸਾ ਨਾ ਦੇਣਾ ਪੈ ਜਾਵੇ। ਕਸੂਰਵਾਰ ਵਿਅਕਤੀ ਵੱਢੇ ਵਕੀਲਾਂ ਦੀ ਸਲਾਹ ਨਾਲ ਸਾਫ ਬੱਚ ਜਾਂਦੇ ਹਨ। ਅੱਜ ਲੋੜ ਹੈ ਇਸ ਗੇਮ ਨੂੰ ਠੱਲ ਪਾਉਣ ਦੀ। ਹਰ ਪੱਧਰ 'ਤੇ ਲੋਕਾਂ ਨੂੰ ਅੱਗੇ ਆਉਣ 'ਤੇ ਜਾਗਰੂਕ ਕਰਨ ਦੀ।

# ਚਮੜੀ ਤੇ ਵਾਲਾਂ ਲਈ ਨਾਰੀਅਲ ਤੇਲ ਦੀ ਕਰੋ ਵਰਤੋਂ

ਨਾਰੀਅਲ ਤੇਲ ਚਮੜੀ ਅਤੇ ਵਾਲਾਂ ਲਈ ਵਰਦਾਨ ਤੋਂ ਘੱਟ ਨਹੀਂ ਹੈ। ਇਸ 'ਚ ਐਂਟੀਆਕਸੀਡੈਂਟ, ਫੈਟੀ ਐਸਿਡ, ਐਂਟੀ-ਇੰਫਲੇਮੇਟਰੀ, ਵਿਟਾਮਿਨ-ਈ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਜੋ ਚਮੜੀ ਅਤੇ ਵਾਲਾਂ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਇਸ ਦੀ ਵਰਤੋਂ ਸਰੀਰ ਦੀ ਮਾਲਿਸ਼ ਕਰਨ ਲਈ ਵੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਨੂੰ



ਦੂਰ ਕਰਨ 'ਚ ਵੀ ਮਦਦਗਾਰ ਹੈ। ਇਹ ਤੇਲ ਤੁਹਾਡੀ ਚਮੜੀ ਅਤੇ ਵਾਲਾਂ ਦੀ ਸੁੰਦਰਤਾ ਵਧਾਉਂਦਾ ਹੈ। ਤਾਂ ਆਓ ਜਾਣਦੇ ਹਾਂ ਕਿ ਨਾਰੀਅਲ ਦਾ ਤੇਲ ਚਮੜੀ ਅਤੇ ਵਾਲਾਂ ਲਈ ਕਿਵੇਂ ਫਾਇਦੇਮੰਦ ਹੁੰਦਾ ਹੈ।

**ਮੇਕਅੱਪ ਨੂੰ ਹਟਾਉਣ ਲਈ :** ਮੇਕਅੱਪ ਹਟਾਉਣ ਲਈ ਨਾਰੀਅਲ ਤੇਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਚਮੜੀ 'ਤੇ ਕੋਈ ਸਾਈਡ ਇਫੈਕਟ ਨਹੀਂ ਹੋਵੇਗਾ ਅਤੇ ਮੇਕਅੱਪ ਨੂੰ ਕੁਦਰਤੀ ਤਰੀਕੇ ਨਾਲ ਹਟਾਉਣ 'ਚ ਮਦਦ ਮਿਲੇਗੀ। ਇਸ ਦੇ ਲਈ ਕਾਟਨ ਨੂੰ ਨਾਰੀਅਲ ਤੇਲ 'ਚ ਡੁਬੋ ਕੇ ਅੱਖਾਂ ਅਤੇ ਚਿਹਰੇ 'ਤੇ ਲਗਾਓ, ਕੁਝ ਦੇਰ ਬਾਅਦ ਚਿਹਰਾ ਪੂੰਝ ਲਓ, ਹੁਣ ਇਸ ਨੂੰ ਫੇਸ ਵਾਸ਼ ਨਾਲ ਧੋ ਲਓ।

**ਲਿਪ ਬਾਮ ਦੇ ਤੌਰ 'ਤੇ ਵਰਤੋਂ :** ਕੀ ਤੁਹਾਡੇ ਬੁੱਲ੍ਹ ਫਟੇ ਹੋਏ ਅਤੇ ਸੁੱਕੇ ਹਨ? ਇਸ ਦੇ ਲਈ ਨਾਰੀਅਲ ਦੇ ਤੇਲ ਨਾਲ ਬੁੱਲ੍ਹਾਂ ਦੀ ਮਾਲਿਸ਼ ਕਰੋ। ਇਸ ਨਾਲ ਤੁਹਾਡੇ ਬੁੱਲ੍ਹਾਂ ਦੀ ਨਮੀ ਬਰਕਰਾਰ ਰਹੇਗੀ। ਤੁਸੀਂ ਚਾਹੋ ਤਾਂ ਨਾਰੀਅਲ ਦੇ ਤੇਲ 'ਚ ਪੁਦੀਨੇ ਦਾ ਤੇਲ ਵੀ ਮਿਲਾ ਸਕਦੇ ਹੋ।

**ਚਮੜੀ ਨੂੰ ਦਿੰਦਾ ਹੈ ਨਮੀ :** ਨਾਰੀਅਲ ਤੇਲ ਚਮੜੀ ਲਈ ਕੁਦਰਤੀ ਨਮੀ ਦੇਣ ਵਾਲੇ ਦਾ ਕੰਮ ਕਰਦਾ ਹੈ। ਜਿਨ੍ਹਾਂ ਲੋਕਾਂ ਨੂੰ ਖੁਸ਼ਕ ਚਮੜੀ ਦੀ ਸਮੱਸਿਆ ਹੈ, ਉਹ ਨਾਰੀਅਲ ਦੇ ਤੇਲ ਨਾਲ ਚਮੜੀ ਦੀ ਮਾਲਿਸ਼ ਕਰ ਸਕਦੇ ਹਨ, ਇਸ ਨਾਲ ਚਮੜੀ ਨਰਮ ਰਹਿੰਦੀ ਹੈ।

**ਚਮੜੀ ਨੂੰ ਸਾਫ਼ ਕਰਨ ਵਿੱਚ ਮਦਦ :** ਨਾਰੀਅਲ ਤੇਲ ਵਿੱਚ ਐਂਟੀ-ਬੈਕਟੀਰੀਅਲ, ਐਂਟੀ-ਫੰਗਲ ਅਤੇ ਨਮੀ ਦੇਣ ਵਾਲੇ ਗੁਣ ਹੁੰਦੇ ਹਨ, ਜੋ ਤੁਹਾਡੀ ਚਮੜੀ ਨੂੰ ਸਾਫ਼ ਕਰਨ ਵਿੱਚ ਮਦਦ ਕਰਦੇ ਹਨ। ਤੁਹਾਨੂੰ ਸਿਰਫ਼ ਹਲਕੇ ਹੱਥਾਂ ਨਾਲ ਪੂਰੇ ਚਿਹਰੇ ਅਤੇ ਗਰਦਨ ਦੀ ਮਾਲਿਸ਼ ਕਰਨੀ ਹੈ, ਕੁਝ ਦੇਰ ਬਾਅਦ ਪਾਣੀ ਨਾਲ ਧੋ ਲਓ।

**ਵਾਲਾਂ ਦੀ ਸਥਿਤੀ :** ਨਾਰੀਅਲ ਤੇਲ ਨਾ ਸਿਰਫ਼ ਤੁਹਾਡੀ ਚਮੜੀ ਨੂੰ ਨਮੀ ਦਿੰਦਾ ਹੈ, ਸਗੋਂ ਇਹ ਤੁਹਾਡੇ ਵਾਲਾਂ ਨੂੰ ਵੀ ਮੁਲਾਇਮ ਬਣਾਉਂਦਾ ਹੈ। ਆਪਣੇ ਸਿਰ 'ਤੇ ਨਾਰੀਅਲ ਤੇਲ ਦੀ ਮਾਲਿਸ਼ ਕਰੋ, ਇਸ ਨੂੰ ਰਾਤ ਭਰ ਰਹਿਣ ਦਿਓ, ਅਗਲੇ ਦਿਨ ਆਪਣੇ ਵਾਲਾਂ ਨੂੰ ਧੋ ਲਓ।

# ਜੋੜਾਂ ਦੇ ਦਰਦ ਸਣ ਹੋਰ ਕਈ ਸਮੱਸਿਆਵਾਂ ਦਾ ਇਲਾਜ ਕਰਦਾ ਹੈ ਆਮਲੇ ਦਾ ਮੁਰੱਬਾ

ਆਮਲੇ ਦਾ ਮੁਰੱਬਾ ਸਿਹਤ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਸਰੀਰ ਲਈ ਇਸ ਦਾ ਸੇਵਨ ਕਰਨਾ ਬਹੁਤ ਜ਼ਰੂਰੀ ਹੈ। ਆਮਲੇ ਦਾ ਸੇਵਨ ਕਰਨ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੂਰ ਹੋ ਜਾਂਦੀਆਂ ਹਨ। ਆਮਲੇ ਵਿਚ ਵਿਟਾਮਿਨ-ਸੀ ਭਰਪੂਰ ਮਾਤਰਾ ਵਿਚ ਮਿਲ ਜਾਂਦਾ ਹੈ। ਇਹ ਇਸ ਤਰ੍ਹਾਂ ਦਾ ਫਲ ਹੈ, ਜਿਸ ਨੂੰ ਧੁੱਪੇ ਸੁਕਾਉਣ ਨਾਲ ਗੁਣਾਂ 'ਚ ਕੋਈ ਕਮੀ ਨਹੀਂ ਹੁੰਦੀ। ਆਮਲੇ ਨੂੰ ਸੁੱਕਾ ਕੱਚਾ ਜਾਂ ਫਿਰ ਮੁਰੱਬੇ ਦੇ ਰੂਪ 'ਚ ਵੀ ਖਾਇਆ ਜਾ ਸਕਦਾ ਹੈ। ਇਸ ਵਿਚ ਵਿਟਾਮਿਨ-ਸੀ, ਈ, ਆਇਰਨ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫ਼ਾਈਬਰ ਭਰਪੂਰ ਮਾਤਰਾ ਵਿਚ ਮਿਲ ਜਾਂਦੇ ਹਨ। ਰੋਜ਼ਾਨਾ 1 ਤੋਂ 2 ਪੀਸ ਆਮਲੇ ਦੇ ਮੁਰੱਬੇ ਦੇ ਖਾਣ ਨਾਲ ਸਿਹਤ ਨੂੰ ਬਹੁਤ ਸਾਰੇ ਲਾਭ ਹੁੰਦੇ ਹਨ। ਆਉ ਜਾਣਦੇ ਹਾਂ ਆਮਲੇ ਦਾ ਮੁਰੱਬਾ ਖਾਣ ਨਾਲ ਹੋਣ ਵਾਲੇ ਫ਼ਾਇਦਿਆਂ ਬਾਰੇ :

ਲੋਕ ਅਪਣੀ ਚਮੜੀ ਨੂੰ ਸੁੰਦਰ ਅਤੇ ਚਮਕਦਾਰ ਬਣਾਉਣ ਲਈ ਬਹੁਤ ਸਾਰੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ। ਜੇਕਰ ਰੋਜ਼ਾਨਾ 1 ਜਾਂ 2 ਆਮਲੇ ਦੇ ਮੁਰੱਬੇ ਦਾ ਸੇਵਨ ਕੀਤਾ ਜਾਵੇ ਤਾਂ ਚਮੜੀ ਚਮਕਦਾਰ ਅਤੇ ਸੁੰਦਰ ਹੋ ਜਾਂਦੀ ਹੈ। ਇਸ ਨਾਲ ਮੁਹਾਸੇ ਅਤੇ ਦਾਗ਼ ਧੱਬਿਆਂ ਤੋਂ ਛੁਟਕਾਰਾ ਮਿਲਦਾ ਹੈ।

ਸਰੀਰ ਵਿਚ ਖ਼ੂਨ ਦੀ ਕਮੀ ਨੂੰ ਦੂਰ ਕਰਨ ਲਈ ਆਮਲੇ ਦਾ ਮੁਰੱਬਾ ਕਾਫ਼ੀ ਫ਼ਾਇਦੇਮੰਦ ਹੁੰਦਾ ਹੈ। ਜਿਨ੍ਹਾਂ ਲੋਕਾਂ ਵਿਚ ਖ਼ੂਨ ਦੀ ਕਮੀ ਹੁੰਦੀ ਹੈ, ਉਨ੍ਹਾਂ ਲਈ ਆਮਲੇ ਦਾ ਮੁਰੱਬਾ ਬਹੁਤ ਵਧੀਆ ਹੈ। ਔਰਤਾਂ 'ਚ ਆਇਰਨ ਦੀ ਕਮੀ ਪਾਈ ਜਾਂਦੀ ਹੈ, ਜਿਸ ਨੂੰ ਪੂਰਾ ਕਰਨ ਲਈ ਆਮਲੇ ਦੇ ਮੁਰੱਬੇ ਦਾ ਸੇਵਨ ਕਰਨਾ ਚਾਹੀਦਾ ਹੈ।



ਜੇਕਰ ਤੁਹਾਨੂੰ ਢਿੱਡ ਦੀ ਕੋਈ ਸਮੱਸਿਆ ਹੈ ਤਾਂ ਤੁਸੀਂ ਰੋਜ਼ਾਨਾ ਆਮਲੇ ਦੇ ਮੁਰੱਬੇ ਦਾ ਸੇਵਨ ਕਰੋ। ਇਸ ਨਾਲ ਪੇਟ ਦੀਆਂ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਇਹ ਮੁਰੱਬਾ ਜਿਗਰ ਲਈ ਬਹੁਤ ਫ਼ਾਇਦੇਮੰਦ ਹੈ। ਬਦਹਜ਼ਮੀ ਅਤੇ ਪੇਟ ਦਾ ਭਾਰੀਪਨ ਮਹਿਸੂਸ ਹੋਣ 'ਤੇ ਰੋਜ਼ਾਨਾ ਆਮਲੇ ਦੇ ਮੁਰੱਬੇ ਦਾ ਸੇਵਨ ਕਰੋ।

ਗਠੀਆ ਅਤੇ ਸੋਜ ਦਾ ਇਲਾਜ ਕਰਨ ਲਈ ਆਮਲੇ ਦੇ ਮੁਰੱਬੇ ਦਾ ਉਪਯੋਗ ਕੀਤਾ ਜਾ ਸਕਦਾ ਹੈ। ਇਹ ਗੋਡਿਆਂ ਅਤੇ ਜੋੜਾਂ ਦੇ ਦਰਦ ਤੋਂ ਛੁਟਕਾਰਾ ਦਿਵਾਉਂਦਾ ਹੈ। ਜੋੜਾਂ ਦੇ ਦਰਦ ਨੂੰ ਠੀਕ ਕਰਨ ਲਈ ਆਮਲੇ ਦੇ ਮੁਰੱਬੇ ਨੂੰ ਦਿਨ ਵਿਚ 2 ਵਾਰ ਖਾ ਸਕਦੇ ਹੋ। ਗਰਭ ਅਵਸਥਾ ਵਿਚ ਆਮਲੇ ਦੇ ਮੁਰੱਬੇ ਦਾ ਸੇਵਨ ਕੀਤਾ ਜਾਵੇ ਤਾਂ ਮਾਂ ਅਤੇ ਬੱਚੇ ਦੋਹਾਂ ਦੀ ਸਿਹਤ ਠੀਕ ਰਹਿੰਦੀ ਹੈ। ਗਰਭ ਅਵਸਥਾ ਵਿਚ ਹਾਰਮੋਨ ਪਰਿਵਰਤਨ ਹੋਣ ਨਾਲ ਵਾਲ ਝੜਨ ਦੀ ਸਮੱਸਿਆ ਹੋ ਜਾਂਦੀ ਹੈ। ਆਮਲੇ ਦੇ ਮੁਰੱਬੇ ਦਾ ਸੇਵਨ ਕਰਨ ਨਾਲ ਇਹ ਸਮੱਸਿਆ ਨਹੀਂ ਹੁੰਦੀ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ



- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਸਾਉਣ ਦਾ ਮਹੀਨਾ

ਆਇਆ ਸਾਉਣ ਦਾ ਮਹੀਨਾ, ਘਰੋਂ ਆਂਵਾਂ ਸਜ ਧਜ ਕੇ,
ਮੈਂ ਲਾ ਕੇ ਤੀਆਂ ਦਾ ਬਹਾਨਾ, ਆਉਂਦੀ ਬਸ ਤੇਰੇ ਕਰਕੇ,
ਤੈਨੂੰ ਵੇਖ ਕੇ ਗੁਲਾਬ ਵਾਂਗ ਖਿੜ੍ਹਜਾਂ,ਖ਼ੁਸ਼ੀ ਨਾ ਹੋਵੇ ਸਾਂਭ ਮੱਖਣਾ,
ਤੂੰ ਸਾਹਮਣੇ ਖਲੋਵੇਂ ਜਦ ਸੱਜਣਾ,ਵੇ ਔਖਾ ਹੋਜੇ ਪੱਬ ਚੱਕਣਾ,

ਉਹਲੇ ਬੈਠ ਕੇ ਚੋਰੀ ਮੈਂ ਕਿਤੇ ਸਖ਼ੀਆਂ 'ਚੋਂ, ਤੇਰੇ ਵੱਲ ਤੱਕਦੀ ਰਹਾਂ,
ਪਤਾ ਲੱਗਜੇ ਨਾ ਤੇਰੇ ਮੇਰੇ ਪਿਆਰ ਦਾ, ਵੇ ਪਰਦੇ ਮੈਂ ਰੱਖਦੀ ਰਹਾਂ,
ਪਰ ਕਸਮ ਪਵਾਉਣ ਜਦੋਂ ਝੱਲੀਆਂ, ਵੇ ਸੱਚ ਫ਼ੇਰ ਪਵੇ ਦੱਸਣਾ,
ਤੂੰ ਜਦੋਂ ਸਾਹਮਣੇ ਖਲੋਵੇਂ ਮੇਰੇ ਹਾਣੀਆਂ, ਵੇ ਔਖਾ ਹੋਜੇ ਪੱਬ ਚੱਕਣਾ,

ਘਰ ਸ਼ਾਮ ਨੂੰ ਮੁੜਨ ਜਦੋਂ ਕੁੜੀਆਂ, ਵੇ ਤੀਆਂ ਵਿੱਚੋਂ ਜੁੜ-ਜੁੜ ਕੇ,
ਤੈਨੂੰ ਵੇਖਦੀ ਰਹਾਂ ਮੈਂ ਘਰ ਤੱਕ ਵੀ, ਵੇ ਪਿੱਛੇ ਤੱਕ ਮੁੜ-ਮੁੜ ਕੇ,
ਚਿੱਤ ਕਰੇ ਨਾ ਪਰੋਖੋਂ ਅੱਖੋਂ ਹੋਣ ਨੂੰ, ਵੇ ਪੈਂਦਾ ਪਰ ਖ਼ਿਆਲ ਰੱਖਣਾ,
ਤੂੰ ਜਦੋਂ ਸਾਹਮਣੇ ਖਲੋਵੇਂ ਮੇਰੇ ਹਾਣੀਆਂ ਵੇ ਔਖਾ ਹੋਜੇ ਪੱਬ ਚੱਕਣਾ,



ਸੱਚ ਪੁੱਛੇਂ ਰਣਬੀਰ ਤੇਰੀ ਸਦਾ ਤੋਂ, ਵੇ ਮੀਤ ਤੇਰੇ ਉੱਤੇ ਮਰਦੀ,
ਲੱਖਾਂ ਸੋਹਣੇ ਤੇ ਸੁਨੱਖੇ ਪ੍ਰਿੰਸ ਫਿਰਦੇ, ਨਾ ਧਾਲੀਵਾਲਾ ਗੱਲ ਕਰਦੀ,
ਤੂੰ ਹੀ ਵਸ ਗਿਆ ਜੱਟੀ ਦੇ ਰੋਮ ਰੋਮ ਵੇ, ਔਖਾ ਹੁਣ ਦਿਲੋਂ ਕੱਢਣਾ,
ਤੂੰ ਜਦੋਂ ਸਾਹਮਣੇ ਖਲੋਵੇਂ ਮੇਰੇ ਹਾਣੀਆਂ ਵੇ ਔਖਾ ਹੋਜੇ ਪੱਬ ਚੱਕਣਾ,

**ਰਣਬੀਰ ਸਿੰਘ ਪ੍ਰਿੰਸ (ਸ਼ਾਹਪੁਰ ਕਲਾਂ)**
9872299613

## ਜੈ ਜੈ ਕਾਰ

ਹਰੀ ਜਦੋਂ ਆਪਣੇ ਸੇਵਕਾਂ ਦੀ ਜੈ ਜੈ ਕਾਲ ਕਰਵਾਉਂਦਾ ਹੈ।
ਇਹ ਸੇਵਕਾਂ ਦੀ ਵਡਿਆਈ ਇਸ ਤਰ੍ਹਾਂ ਉਸ ਦੀ ਆਪਣੀ ਵਡਿਆਈ ਹੈ।
ਜਿਵੇਂ ਜਦ ਦੁਨੀਆਂ ਕਹਿੰਦੀ ਹੈ।
ਫਲਾਣਾ ਸੇਵਕ ਸੱਚਾ ਹੈ ਤਾਂ ਦੁਨੀਆਂ ਸੱਚ ਨੂੰ ਵਡਿਆਉਂਦੀ ਹੈ।
ਸੋ ਸੱਚ ਨੂੰ ਵਡਿਆਉਣਾਂ ਰੱਬ ਨੂੰ ਵਡਿਆਉਣਾ ਹੈ।
ਕਿਉਂਕਿ ਉਹ ਸੱਚ ਸਰੂਪ ਜੁ ਹੋਇਆ।
ਦੁਨੀਆਂ ਦੇ ਬੰਦੇ ਭਗਤਾਂ ਸੇਵਕਾਂ ਨੂੰ ਵੇਖ ਕੇ ਹੀ ਰੱਬ ਦੇ ਰਾਹੇ ਆਉਂਦੇ ਹਨ।
ਕਿਸੇ ਰੁੱਖ ਦੇ ਨਵੇਂ ਪੌਦੇ ਨੂੰ ਪਾਣੀ ਦਿੱਤਾ ਜਾਣਾ ਜ਼ਰੂਰੀ ਹੈ
ਜਦੋਂ ਤੱਕ ਉਸ ਦੀਆਂ ਜੜ੍ਹਾਂ ਧਰਤੀ ਵਿਚ ਡੂੰਘੀਆਂ ਨਾ ਚਲੀਆਂ ਜਾਣ।
ਫਿਰ ਤਾਂ ਧਰਤੀ ਦੇ ਹੇਠੋਂ ਆਪਣੇ ਆਪ ਹੀ ਪਾਣੀ ਲੈ ਸਕਦਾ ਹੈ।
ਅਜਿਹੇ ਬੰਦਿਆਂ ਨੂੰ ਸਾਹਮਣੇ ਰੱਖ ਕੇ ਹੀ ।
ਸਿੱਖ ਅਰਦਾਸ ਦੇ ਹੇਠ ਲਿਖੇ ਸ਼ਬਦ ਰਾਹੀਂ ਲੱਖਾਂ ਗੁਰਸਿੱਖਾਂ ਨੂੰ ਪ੍ਰੇਰਨਾ ਦਿੰਦੇ ਹਨ।



**ਸੁਰਜੀਤ ਸਾਰੰਗ**

## ਸ਼ਬਦ ਹੋਣ ਜਾ ਨੇਤਾ ਬਈ

ਬੜਾ ਸੋਚ ਸਮਝ ਕੇ ਚੁਣਦੇ ਪੈਂਦੇ, ਸ਼ਬਦ ਹੋਣ ਜਾ ਨੇਤਾ ਬਈ।
ਇਕ ਹੱਦ ਤੱਕ ਤਾਂ ਸ਼ੋਖ ਲੈਂਦੀ ਐਂ, ਪਾਣੀ ਨੂੰ ਏਹ ਰੇਤਾ ਬਈ।
ਬੜਾ ਸੋਚ ਸਮਝ ਕੇ..........

ਇਕ ਦੀ ਚੋਣ ਵੀ ਗ਼ਲਤ ਹੋ ਗਈ, ਫਿਰ ਪਛਤਾਵੇ ਰਹਿੰਦੇ ਨੇ,
ਅੱਜ ਸੁਧਰ ਜਾਓ ਤਾਂ ਚੰਗਾ ਐ, ਬਾਕੀ ਮਨ ਦੇ ਭੁਲੇਖਾ ਬਈ।
ਇਕ ਹੱਦ ਤੱਕ ਤਾਂ ਸ਼ੋਖ ਲੈਂਦੀ ਐਂ, ਪਾਣੀ ਨੂੰ ਏਹ ਰੇਤਾ ਬਈ।
ਬੜਾ ਸੋਚ ਸਮਝ ਕੇ..........

ਗਲਤੀ ਲੱਭਣ ਨੂੰ ਮਿੰਟ ਨਾ ਲਾਉਦੇ, ਏਥੇ ਦੇ ਲੋਕ ਸਿਆਣੇ ਜੋ,
ਬਚ ਨੀ ਸਕਦਾ ਲੱਖ ਕੋਸ਼ਿਸ਼ ਕਰ, ਠੋਕ ਲੇਖ ਚ ਦੇਣ ਮੇਖਾਂ ਬਈ।
ਇਕ ਹੱਦ ਤੱਕ ਤਾਂ ਸ਼ੋਖ ਲੈਂਦੀ ਐਂ, ਪਾਣੀ ਨੂੰ ਏਹ ਰੇਤਾ ਬਈ।
ਬੜਾ ਸੋਚ ਸਮਝ ਕੇ..........

ਪੰਜ ਸਾਲ ਬਾਅਦ ਯਾਦ ਆਉਂਦੇ ਨੇ, ਫਿਰ ਵੀ ਉਹੀ ਛਲਾਵੇ ਨੇ,
ਚਾਰ ਸਾਲ ਲੰਘ ਜਾਂਦੇ ਏਦੇ ਈ, ਆਉਂਦਾ ਨਾ ਕਿਸੇ ਦਾ ਚੇਤਾ ਬਈ।
ਇਕ ਹੱਦ ਤੱਕ ਤਾਂ ਸ਼ੋਖ ਲੈਂਦੀ ਐਂ, ਪਾਣੀ ਨੂੰ ਏਹ ਰੇਤਾ ਬਈ।
ਬੜਾ ਸੋਚ ਸਮਝ ਕੇ..........

ਸ਼ਬਦਕੋਸ਼ ਨੂੰ ਸਮਝ ਪਹਿਲੇ ਤੂੰ, ਫਿਰ ਇਕ ਸ਼ਬਦ ਬਣਾਈਂ ਤੂੰ,
ਨਰਿੰਦਰ ਲੜੋਈ ਧੁਰ ਅੰਦਰੋਂ ਫੁਰਨੇ, ਤੂੰ ਲਿਖ ਤੇ ਮੈਂ ਵੇਖਾਂ ਬਈ।
ਇਕ ਹੱਦ ਤੱਕ ਤਾਂ ਸ਼ੋਖ ਲੈਂਦੀ ਐਂ, ਪਾਣੀ ਨੂੰ ਏਹ ਰੇਤਾ ਬਈ।
ਬੜਾ ਸੋਚ ਸਮਝ ਕੇ..........

ਮੇਰੇ ਵਸ ਨਹੀਂ ਕੁਝ ਲਿਖਾਂ, ਜਵਾਂ ਏ ਕੋਰੇ ਕਾਗਜ਼ ਤੇ,
ਏ ਵਿਸ਼ਾਲ ਸਮੁੰਦਰ ਕੱਠਾ ਕਰਨਾ, ਇਨਾਂ ਨਹੀਂ ਹੁਣ ਮੇਰਾ ਚੇਤਾਂ ਬਈ।
ਇਕ ਹੱਦ ਤੱਕ ਤਾਂ ਸ਼ੋਖ ਲੈਂਦੀ ਐਂ, ਪਾਣੀ ਨੂੰ ਏਹ ਰੇਤਾ ਬਈ।
ਬੜਾ ਸੋਚ ਸਮਝ ਕੇ..........



**ਨਰਿੰਦਰ ਲੜੋਈ ਵਾਲਾ**

## ਗ਼ਜ਼ਲ

ਦਿਨ ਚੜ੍ਹਦੇ ਨੂੰ ਦੇਖਿਆ ਸੂਰਜ ਦੀ ਰੌਸ਼ਨੀ ਬਥੇਰੀ ਸੀ
ਇਸ ਰੌਸ਼ਨੀ ਲਈ ਵੀ ਕਈ ਦੇਖੇ ਕਰਦੇ ਤੇਰੀ ਮੇਰੀ ਸੀ

ਨਾ ਝੱਖੜ ਨਾ ਘਟਾ ਤੇ ਨਾ ਹੀ ਤੂਫਾਨ ਦਾ ਸੀ ਕੋਈ ਖੌਫ
ਵਗਦੀ ਪੂਰੇ ਦੀ ਵਾਅ ਕਈਆਂ ਨੂੰ ਲਗਦੀ ਹਨ੍ਹੇਰੀ ਸੀ

ਤਿੱਖੇ ਕਰ ਲਏ ਖੰਜ਼ਰ ਦੂਰੋਂ ਸੁਣ ਛੈਣਿਆਂ ਦਾ ਸ਼ੋਰ
ਜਦ ਕੋਲ ਆਕੇ ਦੇਖਿਆ ਤਾਂ ਉਹ ਪ੍ਰਭਾਤ ਫੇਰੀ ਸੀ

ਅੱਖੀਆਂ ਵਾਲੇ ਸ਼ਹਿਰਾਂ ਵਿੱਚ ਹੀ ਅਕਸਰ ਹਾਦਸੇ ਹੁੰਦੇ ਦੇਖੇ
ਲੋਕੀ ਗੁਬੰਦ ਵਾਂਗੂ ਖੜੇ ਰਹੇ ਜਦ ਵੈਸੀਆਂ ਨੇ ਅਬਲਾ ਘੇਰੀ ਸੀ

ਸੋਕੇ ਨੇ ਫਸਲ ਸਾੜੀ ਤੇ ਕਰਜ਼ੇ ਦੀ ਭੇਟ ਕਿਸਾਨ ਚੜ੍ਹਿਆ
ਜੋ ਖੇਤਾਂ ਤੱਕ ਨਾ ਪਹੁੰਚਿਆ ਪਾਣੀ ਸਤਲੁਜ ਯਮੁਨਾ ਦਾ ਨਹਿਰੀ ਸੀ

ਫਿਰਕਾਪ੍ਰਸਤੀ ਹੀ ਇਨਸਾਨੀਅਤ ਨੂੰ ਲੀਰੋ ਲੀਰ ਹੈ ਕਰਦੀ ਆਈ
ਕਈਆਂ ਨੇ ਇਹ ਨਫਰਤ ਝੱਲੀ ਭਾਵੇਂ ਉਹ ਪੇਂਡੂ ਤੇ ਭਾਵੇਂ ਸ਼ਹਿਰੀ ਸੀ

ਬੜੀ ਔਖੀ ਹੁੰਦੀ ਪਰਖ ਵਤਨ ਦੇ ਗੱਦਾਰਾਂ ਤੇ ਵਫਾਦਾਰਾਂ ਦੀ
ਅਣਖੀ ਸੂਰਮੇ ਕਦੇ ਨਾ ਡੋਲੇ ਚਾਹੇ ਲੱਗੀ ਸੂਬੇ ਦੀ ਕਚਹਿਰੀ ਸੀ

ਰੱਬ ਦੇ ਨਾਂ ਤੇ ਹੀ ਹੱਟੀਆਂ ਪਾਕੇ ਬੈਠ ਗਏ ਕਈ ਚਿੱਟੇ ਬਗਲੇ
'ਸੋਹੀ' ਵਰਗੇ ਸਮਝ ਨਾ ਸਕੇ ਜੋ ਨਾਨਕ ਨੇ ਦੱਸੀ ਗੱਲ ਡੂੰਘੇਰੀ ਸੀ



**ਗੁਰਮੀਤ ਸਿੰਘ ਸੋਹੀ**
9217981404

## ਗ਼ਜ਼ਲ

ਵੇ ਹਮ-ਰਾਹੀਓ ਦੇਖਿਓ ਕਿਧਰੇ ਭਟਕ ਨਾ ਜਾਇਓ
ਮੰਜ਼ਿਲ ਦੂਰ ਤੇ ਕੱਚੇ ਰਸਤੇ ਅਟਕ ਨਾ ਜਾਇਓ

ਅਸਫ਼ਲ ਜੇ ਹੋ ਗੇ ਤਾਂ ਫਿਰ ਕੋਸ਼ਿਸ਼ ਮੁੜ ਕੇ ਕਰਿਓ
ਅਸਮਾਨੋਂ ਡਿੱਗ ਖੰਜੂਰ ਦੇ ਸਿਰ 'ਤੇ ਲਟਕ ਨਾ ਜਾਇਓ

ਲੈ ਬਹਿੰਦੇ ਨੇ ਹੌਂਕੇ, ਵੇਖ ਤਰੱਕੀ ਸੜਦੇ
ਦੁਸ਼ਮਨੀਆਂ ਦੀ ਅੱਖ ਕਿਸੇ ਦੀ ਖਟਕ ਨਾ ਜਾਇਓ

ਧਰਨ ਬੋਚ ਬੋਚ ਪੱਬ ਧੀਆਂ ਇੱਜ਼ਤ ਮਾਪਿਆਂ ਦੀ,
ਬਦਨਾਮੀ ਦੇ ਵਿਹੜੇ ਮਟਕ ਮਟਕ ਨਾ ਜਾਇਓ

ਇਹ ਲੋਕਾਂ ਨੇ ਸਰਕਾਰੇ ਵੋਟਾਂ ਦਿੱਤੀਆਂ ਨੇ
ਹੁਣ ਗੱਡੀਆਂ ਦੇ ਨਾਲ ਉਡਾਉਂਦੇ ਕਟਕ ਨਾ ਜਾਇਓ

ਕਲਮਾਂ ਵਾਲਿਓ ਸੇਧ ਦਵੋ ਤਾਰ ਜ਼ਮਾਨੇ ਨੂੰ
ਅਕਲੋਂ ਜ਼ਿੰਮੇਵਾਰ ਬਣੋ, ਕਿਤੇ ਸਟਕ ਨਾ ਜਾਇਓ

ਵਾਂਗ 'ਪ੍ਰੀਤ' ਸਤਰਕ ਹੀ ਰਹਿਣਾ ਨੌਜਵਾਨੋਂ,
ਚਿੱਟੇ ਜਿਹੀਆਂ ਮਿੱਠੀਆਂ ਜ਼ਹਿਰਾਂ ਚਟਕ ਨਾ ਜਾਇਓ



**ਪਰਮ 'ਪ੍ਰੀਤ' ਬਠਿੰਡਾ**

## ਮਿਹਨਤ

ਮਿਹਨਤ ਬਦਲਦੀ ਹੈ ਗਰੀਬਾਂ ਦੇ ਦਲਿੱਦਰ ਨੂੰ,
ਮਿਹਨਤ ਬਦਲਦੀ ਹੈ ਸੁੱਤੇ ਮੁਕੱਦਰ ਨੂੰ।

ਕਰ ਮਿਹਨਤ ਤੇ ਆਸ ਰੱਖ ਉਸ ਪਰਮਾਤਮਾ 'ਤੇ,
ਜੋ ਸਦਾ ਜਾਣਦਾ ਹੈ ਸਾਡੇ ਭਾਵ ਆਤਮਾ ਦੇ।

ਕਦੇ ਆਯਾਈ ਨਹੀਂ ਜਾਣ ਦਿੰਦਾ ਸ਼ਾਡੀ ਕੀਤੀ ਮਿਹਨਤ,
ਇੱਕ ਨਾ ਇੱਕ ਰੰਗ ਲਿਆਂਦੀ ਹੈ ਸਾਡੀ ਕੀਤੀ ਮਿਹਨਤ।

ਬੜੇ ਅਜੂਬੇ ਨੇ ਇਸ ਮਿਹਨਤ ਦੇ ਦੁਨੀਆਂ ਵਿੱਚ,
ਜਿਨ੍ਹਾਂ ਖੱਟਿਆ ਏ ਨਾਮ ਇਸ ਮਿਹਨਤ ਨਾਲ ਦੁਨੀਆਂ ਵਿੱਚ।

ਮਿਹਨਤ ਨਾਲ 'ਹਰੇ' ਕੀਤੇ ਨੇ ਬੰਜਰ ਮਾਰੂਥਲ,
ਮਿਹਨਤ ਨਾਲ ਹੀ ਨਾਂ ਕਮਾਇਆ ਏ 'ਬਾਬਾ ਸਾਹਿਬ' ਨੇ ਵਿੱਚ ਖਲਕਤ ।

ਮਿਹਨਤ ਵਿੱਚ ਰੱਖ ਵਿਸ਼ਵਾਸ ਕਰੀ ਜਾ ਤੂੰ ਮਿਹਨਤ,
ਤੂੰ ਨਾ ਬੋਲ ਬੋਲੇਗੀ 'ਸਰਿਤਾ' ਇੱਕ ਤੇਰੀ ਮਿਹਨਤ।

**ਸਰਿਤਾ ਦੇਵੀ**
**ਪੰਜਾਬੀ ਮਿਸਟ੍ਰੈਸ**
9464925265

## ਜੀਵਨ ਸੰਘਰਸ਼

ਕਿਸਾਨ ਮਿੱਟੀ ਨਾਲ਼ ਮਿੱਟੀ ਹੋਵੇ, ਤਾਂ ਕਿਤੇ ਅੰਨ ਪੈਦਾ ਹੋਵਣ,
ਭੁੱਖ ਦੇ ਦੁੱਖੋਂ ਦੁਨੀਆਂ ਮਰ ਜਾਵੇ, ਮੱਥਾ ਫੜ ਸਭ ਬੈਠੇ ਰੋਵਣ।
ਜੇ ਮਜ਼ਦੂਰ ਨਾ ਹੋਵਣ ਜੱਗ 'ਤੇ, ਸੁੱਖ ਸਾਧਨ ਸਾਰੇ ਖੋਹਵਣ,
ਬਿਨ ਮੁਸ਼ੱਕਤ ਨ ਧਰਤ ਸੁਹਾਵੀ, ਪੁੱਟੀਏ ਖਾਣਾਂ ਹੀਰੇ ਹੋਵਣ।

ਬਿਨ ਯਤਨ ਤੋਂ ਨਹੀਂ ਹੋਵਣ ਸਰ, ਨ ਹੀ ਨਵੇਂ ਰਾਸਤੇ ਬਣਦੇ,
ਲੱਭਦਾ ਕੋਲੰਬਸ ਨਾ ਅਮਰੀਕਾ, ਨਾ ਹੀ ਐਵਰੈਸਟ ਚੜ੍ਹਦੇ,
'ਕੱਠੀ ਨ ਹੁੰਦੀ ਬਾਣੀ ਨਾਨਕ ਦੀ, ਜੇ ਉਦਾਸੀਆਂ ਨਾ ਕਰਦੇ,
ਬਾਬੇ ਗਾਹੀ ਸੀ ਦੁਨੀਆਂ ਪੈਦਲ, ਜੇ ਗੋਸ਼ਟੀਆਂ ਨਾ ਕਰਦੇ।

ਜ਼ਿੰਦਗੀ ਵੀ ਸੰਘਰਸ਼ ਦੀ ਗਾਥਾ, ਦੱਸਦੇ ਰਹੇ ਪੀਰ ਪੈਗੰਬਰ,
ਨਾਲ਼ ਵਿਚਾਰਾਂ ਕਾਇਲ ਕਰਨਾ, ਉੱਚ ਖਿਆਲਾਂ ਛੋਹੇ ਅੰਬਰ।
ਤਰਕੇ ਅਥਾਹ ਅਗਾਹ ਸਾਗਰੀਂ, ਲਹਿਣਾ ਜਾ ਪਤਾਲਾਂ ਅੰਦਰ,
ਉਲੰਘਣਾ ਸੂਰਜ, ਚੰਨ ਤੇ ਮੰਗਲ, ਹਿਮ ਚੋਟੀਆਂ ਸਣੇ ਕੰਦਰ।

ਸਦਾ ਮਿਹਨਤਾਂ ਨੂੰ ਫ਼ਲ ਲੱਗਦੇ, ਨਿਹਸਤੀ ਹੈ ਲੱਖ ਲਾਹਣਤ,
ਪੱਕੇ ਸਿਰੜੀ ਪਹੁੰਚੇ ਮੰਜ਼ਿਲ 'ਤੇ, ਦੂਜਿਆਂ ਪੱਲੇ ਪਏ ਜ਼ਲਾਲਤ।
ਹਿੰਮਤੀ ਨੂੰ ਸਦਾ ਮਿਲੇ ਵਧਾਈ, ਰੱਬ ਬਖ਼ਸ਼ੇ ਸਦਾ ਨਿਆਮਤ,
ਹੱਕ ਹਲਾਲ ਦੀ ਕਰਨ ਕਮਾਈ, ਰਹੇ ਸਬਰ, ਸੰਤੋਖ ਸਲਾਮਤ।



**ਸੇਵਾ ਸਿੰਘ ਨੂਰਪੁਰੀ**

## ਤਾਨਾਸ਼ਾਹੀ ਹਨੇਰੀਆਂ...

ਤਾਨਾਸ਼ਾਹੀ ਹਨੇਰੀਆਂ ਸਦਾ ਵਿਛਾਈ ਜਾਂਨੈ ਏਂ।
ਫਿਰ ਓਦਾਂ 'ਸੁਹਣਾ ਜ਼ਿੰਮੇਵਾਰ' ਕਹਾਈ ਜਾਂਨੈ ਏਂ ।

ਦੱਸ ਨਹੀਂ ਰਿਹੈ ਇਕਸਾਰ ਕੋਡ ਕੀ ਹੈ ਲੋਕਾਂ ਨੂੰ,
ਪਰ ਉਹਦੇ ਹੱਕ 'ਚ, ਬੜਾ ਰੌਲਾ ਪਾਈ ਜਾਨੈ ਏਂ।

ਬਦੇਸ਼ 'ਚ ਜਾ ਕੇ ਤੇਰੀ ਜੀਭ ਨੂੰ ਦੰਦਲ ਪੈ ਜਾਂਦੀ,
ਥਥਲ ਥਥਲ ਕੇ ਮਾਲਾ ਮਣਕੇ ਘੁੰਮਾਈ ਜਾਨੈ ਏਂ ।

ਚੀਨ ਨੇ ਦੇਸ਼ ਦੀ ਧਰਤੀ ਤੇ ਕਬਜ਼ਾ ਕਰ ਲਿਆ,
ਕੁੱਝ ਨਹੀਂ ਹੋਇਆ ਦੀ ਹਰ ਰਟ ਲਾਈ ਜਾਨੈਂ ਏਂ।

ਕਰੰਸੀ ਬਦਲਣਾ ਕਿਓਂ ਅਜੀਬ ਸ਼ੋਰ ਚੱਲ ਰਿਹਾ,
ਕਦੇ ਆਪ, ਕਦੇ ਏਜੰਸੀ ਤੋਂ ਬਦਲਾਈ ਜਾਨੈ ਏਂ।

ਡਰੂ ਸਾਵਰਕਰ ਤਾਈਂ ਝੂਠੀ ਹੱਲਾਸ਼ੇਰੀ ਹੋ ਰਹੀ,
ਭਗਤ ਸਿੰਘ ਨੂੰ ਸਗੋਂ ਮਨਫ਼ੀ ਕਰਾਈ ਜਾਨੈ ਏਂ।

ਸਮਝਾਂ ਸੋਚਾਂ ਸੂਰਜਾਂ ਤੇਰਾ ਕਦੇ ਕੀ ਚੁੱਕਿਆ ਹੈ,
ਉਨ੍ਹਾਂ ਨੂੰ ਜ਼ਾਲਮ ਜੰਜੀਰਾਂ ਵੱਲੇ ਲਿਜਾਈ ਜਾਨੈ ਏਂ।

ਪੱਥਰ ਯੁੱਗ ਵੱਲ ਲੋਕਾਂ ਨੂੰ ਬੁਰੀ ਤਰਾਂ ਧੱਕ ਰਿਹੈ,
ਮਨੂੰ ਸਿਮਰਤੀ ਦਾ ਕੌੜਾ ਰਾਗ ਗਾਈ ਜਾਂਦੈ ਏਂ।

ਈ ਡੀ ਰਾਖੇਲ ਬਣਾ ਕੇ ਰੱਖ ਲਈ ਆਪਣੇ ਕੋਲ,
ਉਹਦੇ ਪੌੜ ਵਿਰੋਧੀਆਂ ਵੱਲ ਵਧਾਈ ਜਾਂਦੈ ਏਂ।

ਇੱਕ ਬੋਲੀ ਇੱਕ ਭੇਸ ਅਸਾਡੀ ਲੋੜ ਬਣੀ ਨਹੀਂ,
ਮੁਲਕ ਵਿੱਚ ਦੰਗਿਆਂ ਦੀ ਰੁੱਤ ਬਣਾਈ ਜਾਨੈ ਏਂ।

ਲੋਕ ਪੁੱਛ ਰਹੇ ਨੇ ਕਦੋਂ ਤੂੰ ਕਿੱਥੇ ਦਾ ਪਾੜ੍ਹਾ ਰਿਹੈ,
ਜਾਹਲੀ ਡਿਗਰੀਆਂ ਆਪੇ ਛਪਵਾਈ ਜਾਨੈ ਏਂ।

ਸਮਾਜਿਕ ਸਿਆਸਤ ਸਦਾ ਦਮ ਸੱਚਾ ਚਾਹਵੇ,
ਸਿਰਫਿਰੇ ਸਾਧ ਸਾਡੇ ਮੂਹਰੇ ਬਿਠਾਈ ਜਾਨੈ ਏਂ।

ਲੱਖਾਂ ਲੋਕਾਂ ਦਾ ਆ ਸ਼ਰੇ ਰੋਜ਼ਗਾਰ ਖੋਹ ਲਿਆ,
'ਜਗਤ ਗੁਰੂ' ਰੁਤਬਾ ਆਪੇ ਕਹਾਈ ਜਾਨੈ ਏਂ।

ਤੇਰੇ ਹੱਥੋਂ ਲੋਕ ਹਿੱਤਾਂ ਲਈ ਚੰਗਾ ਨਹੀਂ ਹੋਣਾ ਹੈ,
ਪਰ ਅਡਾਨੀਂ ਅੰਬਾਨੀਏਂ ਜਿਹੇ ਰਜਾਈ ਜਾਂਨੈ ਏਂ।

ਆਖਰ ਅੰਤ ਹੁੰਦਾ ਹੈ ਭਿਆਨਕ ਪੜ੍ਹਕੇ ਦੇਖ ਲੈ,
ਜਿਹੜੇ ਬੰਨੇ ਤੂੰ ਖੁਦ ਬਿਨ ਸਮਝੇ ਜਾਈ ਜਾਨੈ ਏਂ!



**ਸੁਖਦੇਵ ਸਿੱਧੂ**
9888633481

## ਨਜ਼ਮ

ਘੁੱਟ ਸਬਰ ਦਾ ਭਰੀ 'ਜੋ ਬੈਠਾ ਚੁੱਪ ਵੱਟੀ
ਕਿਤਨਾ ਬੇ-ਕਸੂਰ ਹੋਊ, ਕੋਈ ਕੀ ਜਾਣੇ

ਹਰ ਪਲ ਪੀਵੇ ਜ਼ਹਿਰਾਂ ਇੱਛੁਕ ਅੰਮ੍ਰਿਤ ਦਾ
ਕਿੰਨਾ ਕੁ ਮਜਬੂਰ ਹੋਊ , ਕੋਈ ਕੀ ਜਾਣੇ

ਹੱਸਕੇ ਦੁੱਖੜੇ ਸਹਿ ਲਏ 'ਸੀ' ਕੀਤੀ ਨਹੀਂ
ਕਿੰਨਾ 'ਮਨ ਮੰਨਸੂਰ ਹੋਊ, ਕੋਈ ਕੀ ਜਾਣੇ

ਏਕੋ-ਏਕੋ ਕਰੇ ਜੋ ਵਿੱਚ ਅਨੇਕਾਂ ਦੇ
ਨਾਮ ਨਸ਼ੇ ਮੇਂ ਚੂਰ ਹੋਊ, ਕੋਈ ਕੀ ਜਾਣੇ

ਪੜ੍ਹਕੇ ਧਰਮ ਕਿਤਾਬਾਂ ਜੋ ਨਾ ਪਿਘਲਿਆ
ਕਿੰਨਾ ਸ਼ਖਸ ਕਰੂਰ ਹੋਊ, ਕੋਈ ਕੀ ਜਾਣੇ

ਝੂਠ ਦੀ ਚਾਰ ਦੀਵਾਰੀ ਦੇ ਵਿੱਚ ਰਹਿੰਦਾ ਜੋ
ਸੱਚ ਤੋਂ ਕਿੰਨਾ ਦੂਰ ਹੋਊ, ਕੋਈ ਕੀ ਜਾਣੇ

ਚੰਨ ਚਾਨਣੀ ਰਾਤ ਵੀ ਜੀਹਨੂੰ ਭਾਉਂਦੀ ਨਾ
ਕਿੰਨਾ ਓ' ਬੇ-ਨੂਰ ਹੋਊ, ਕੋਈ ਕੀ ਜਾਣੇ

ਜਿਸ ਤਨ ਲਾਗੇ, ਸੋ ਤਨ ਜਾਣੇ ,ਬਾਤ ਸਹੀ
ਕਿੰਨਾ ਕੋਈ ਰੰਜੂਰ ਹੋਊ, ਕੋਈ ਕੀ ਜਾਣੇ

ਖਿੜ-ਖਿੜ ਕਰਕੇ ਹੱਸਦੇ ਕਿਸੇ ਦੀਵਾਨੇ ਦੇ
ਅੰਦਰ ਪੈਂਦੀ ਭੂਰ ਹੋਊ, ਕੋਈ 'ਕੀ ਜਾਣੇ

ਜਿੰਮੀ ਦੇ ਹਰ ਸ਼ੇਅਰ 'ਤੇ ਅੱਜ ਤਾਂ ਲਾਲੀ ਏ
ਕਿੰਨਾ ਵਿਹਾ ਲਹੂਰ ਹੋਊ, ਕੋਈ ਕੀ ਜਾਣੇ



**ਜਿੰਮੀ ਅਹਿਮਦਗੜ੍ਹ**
8195907681

## ਇਨਸਾਨ ਦੀ ਦੌੜ

ਕਈ ਵਾਰ ਬੰਦਾ ਬੜਾ ਹੀ ਭੱਜਦਾ
ਹੱਥ ਪੱਲਾ ਫਿਰੇ ਅੱਡਦਾ
ਦਿਨ ਦੇਖੇ ਨਾ ਦੇਖੇ ਰਾਤਾਂ ਨੂੰ
ਭਜਿਆ ਫਿਰੇ ਪਾਉਣ ਸੌਗਾਤਾ ਨੂੰ
ਪਰ ਝੋਲੀ ਕੁਝ ਨਾ ਪੈਂਦਾ
ਜਿਥੇ ਰੱਬ ਰੱਖਦਾ ਰਹਿਣਾ ਹੀ ਪੈਂਦਾ

ਬੜੇ ਪੱਬ ਬੋਚ-ਬੋਚ ਕੇ ਧਰਦਾ
ਕਹਿੰਦਾ ਬੁਰੇ ਕੰਮਾਂ ਤੋ ਹਾਂ ਡਰਦਾ
ਮਾੜਾ ਕਰਮ ਕੋਈ ਲਿਖ ਨਾ ਹੋ ਜੇ
ਫਿਰ ਵੀ ਗਲਤੀ ਕਰ ਬਹਿਦਾਂ
ਜਿਥੇ ਰੱਬ ਰੱਖਦਾ....

ਧੀਆਂ, ਪੁੱਤ ਲਈ ਕਰੇ ਚਾਰੇ
ਕਿਤੇ ਨਿਕਲ ਜਾਣ ਨਾ ਮਾੜੇ
ਘਰੋਂ ਬਾਹਰ ਜਾਣ ਨਾ ਦੇਵੇ
ਕਿਸੇ ਕੋਲ ਬਹਿਣ- ਖਲੋਣ ਨਾ ਦੇਵੇ
ਫਿਰ ਵੀ ਸੋਟਾ ਰੱਬ ਦਾ ਸਹਿਣਾ ਹੀ ਪੈਂਦਾ
ਜਿਥੇ ਰੱਬ ਰੱਖ ਦਾ ਰਹਿਣਾ ਹੀ ਪੈਂਦਾ



ਕੰਵਰਪ੍ਰੀਤ ਕੌਰ ਮਾਨ

## ਮੀਂਹ

ਹਾੜ ਮਹੀਨੇ ਬੱਦਲ ਗਰਜੇ
ਕਿਧਰੋ ਚੜਕੇ ਆ ਗਿਆ ਮੀਂਹ।
ਤਪਸ਼ ਪਈ ਸੀ ਧਰਤੀ ਤੇ
ਜਲ ਥਲ ਹੁਣ ਕਰਵਾ ਗਿਆ ਮੀਂਹ।
ਮੋਹਲੇਧਾਰ ਇਹ ਰੁਕਦਾ ਕਿਥੇ
ਕੰਨੀਂ ਹੱਥ ਲਵਾ ਗਿਆ ਮੀਂਹ।
ਅੱਜ ਦਿਹਾੜੀ ਕਿਥੇ ਲੱਗਣੀ
ਤੜਕੇ ਫਿਰ ਤੋਂ ਆ ਗਿਆ ਮੀਂਹ।
ਪਾਠਸ਼ਾਲਾਵਾਂ ਬੰਦ ਹੋ ਗਈਆ
ਘਰ ਹੀ ਪੜਨੇ ਨਾ ਗਿਆ ਮੀਂਹ।
ਖੁਸ਼ੀਆਂ ਲੈ ਆਇਆ ਕਿਸੇ ਲਈ
ਕਿਸੇ ਨੂੰ ਵਕਤੀ ਪਾ ਗਿਆ ਮੀਂਹ।
ਤਿਪ ਤਿਪ ਚੋਵਣ ਛੱਤਾਂ ਘਰ ਦੀ
ਚੁੱਲ੍ਹੇ ਅੱਗ ਬੁਝਾ ਗਿਆ ਮੀਂਹ।
ਪੁੱਤਾਂ ਵਾਂਗੋਂ ਪਾਲੀਆਂ ਫਸਲਾਂ
ਪਾਣੀ ਵਿੱਚ ਬਹਾ ਗਿਆ ਮੀਂਹ।
ਕਿੰਝ ਨਿਪਟਣਾ ਆਫ਼ਤ ਨਾਲ
ਕਿੰਨਾ ਕੁੱਝ ਸਮਝਾਂ ਗਿਆ ਮੀਂਹ।
ਖੈਰ ਹੋਵੇ ਵਤਨ ਮੇਰੇ ਦੀ
ਲਗਦਾ ਫਿਰ ਤੋਂ ਆ ਗਿਆ ਮੀਂਹ।



ਕੁਲਦੀਪ ਸਿੰਘ ਸਾਹਿਲ
9417990040

## ਇਕ ਤਸਵੀਰ

ਕੱਲ੍ਹ ਮੇਰੇ ਵੀਰ ਨੇ ਆਪਣੇ ਫੋਨ 'ਚੋਂ
ਇੱਕ ਕੁੜੀ ਦੀ ਤਸਵੀਰ ਵਿਖਾਈ
ਤੇ ਪੁੱਛਿਆ,
ਕਿਹੋ ਜਿਹੀ ਲੱਗੀ?

ਤਸਵੀਰ ਵੇਖ ਮੈਨੂੰ ਵੀ
ਕਿਤਾਬਾਂ ਵਾਲੀ ਅਲਮਾਰੀ 'ਚ ਪਈ
ਉਸ ਮੋਟੀ ਕਿਤਾਬ ਦੇ
ਪੰਨਾ ਨੰਬਰ 210-211
ਦੀ ਯਾਦ ਆਈ

ਜਿਸ ਵਿਚ ਪਈ ਸੀ
'ਉਹਦੀ ਤਸਵੀਰ'

ਜਿਸ ਨੂੰ ਮੈਂ ਅਕਸਰ ਹੀ
ਘੰਟਿਆਂ ਬੱਧੀ ਵੇਖ
ਗੱਲਾਂ ਕਰਦੀ ਰਹਿੰਦੀ ਹਾਂ

ਮੇਰਾ ਵੀ ਜੀਅ ਕੀਤਾ
ਕਿ ਵਿਖਾ ਦੇਵਾਂ
ਆਪਣੇ ਵੀਰ ਨੂੰ ਇੱਕ ਤਸਵੀਰ!

ਹਾਲੇ ਉਹਦੇ ਨਾਮ ਦਾ
ਪਹਿਲਾ ਅੱਖਰ ਹੀ ਸੀ
ਮੇਰੇ ਬੁੱਲ੍ਹਾਂ ਉੱਤੇ ਆਇਆ

ਕਿ ਸੱਤ ਪੀੜ੍ਹੀਆਂ ਦੀਆਂ ਪੱਗਾਂ ਨੇ
ਆ ਮੇਰੇ ਦੁਆਲੇ ਘੇਰਾ ਪਾਇਆ

ਕੁਝ ਲਿਪਟ ਗਈਆਂ
ਮੇਰੇ ਗਲ਼ ਨਾਲ
ਤੇ ਕੁਝ ਪੈ ਗਈਆਂ ਮੇਰੇ ਪੈਰੀਂ

ਮੈਂ ਡਰਦੀ ਨੇ
ਸੋਚਾਂ 'ਚ ਹੀ
ਪਹਿਲਾਂ ਕਿਤਾਬ
ਫ਼ੇਰ ਅਲਮਾਰੀ ਬੰਦ ਕਰ ਦਿੱਤੀ!



ਵਿਰਕ ਪੁਸ਼ਪਿੰਦਰ

## ਸੰਸਾਰ

ਉੱਠ ਜਾਗ ਮੁਸਾਫ਼ਿਰ ਸੁੱਤਿਆ
ਕਿਓਂ ਸੁੱਤਾ ਲੰਮੀਆਂ ਤਾਣ
ਇਹ ਜੱਗ ਮੁਸਾਫ਼ਿਰਖਾਨਾ
ਲੱਗਿਆ ਰਹਿਣਾ ਆਣ ਜਾਣ
ਤੁਰਨ ਲੱਗਿਆ ਕਿਸੇ ਨਾ ਰੋਕਣਾ
ਜਿਨ੍ਹਾਂ ਤੇ ਕਰਦਾ ਤੂੰ ਮਾਣ
ਸਕੇ ਸਬੰਧੀ, ਭੈਣ ਭਰਾ
ਤੇਰਾ ਦੇਖਦੇ ਮਾਨ ਸਨਮਾਨ
ਉੱਚਿਆ ਨੂੰ ਇਹ ਪੂਜਦੇ
ਨੀਵੇਂ ਦਾ ਕਰਦੇ ਅਪਮਾਨ
ਉੱਥੇ ਅਮਲਾਂ ਦੇ ਹੁੰਦੇ ਨਿਬੇੜੇ
ਕਿਸੇ ਨਾ ਪੁੱਛਣਾ ਖਾਨਦਾਨ
ਚੰਗੇ ਕਰਮ ਕਮਾ ਲੈ
ਤੇਰਾ ਬਣ ਜਾਵੇ ਕੋਈ ਨਾਮ
ਬਿਨਾਂ ਰੱਬ ਦੀ ਬੰਦਗੀ ਕੀਤਿਆਂ
ਰੁਲਦਾ ਫਿਰਦਾ ਸਾਰਾ ਆਵਾਮ
ਰਮਨ ਸੰਗਤ ਹੋਵੇ ਜੇ ਸਾਧ ਦੀ
ਦਿਨ ਰਾਤ ਜਪਾਵੈ ਨਾਮ



ਰਮਨਦੀਪ ਕੌਰ, ਬਟਾਲਾ

## ਟਮਾਟਰ

ਤੜਕੇ ਤੜਕੇ ਸਿਆਪਾ ਪੈ ਗਿਆ
ਘਰੇ ਪੁਲਸ ਦਾ ਛਾਪਾ ਪੈ ਗਿਆ

ਮੈਨੂੰ ਗੱਲ ਦੀ ਸਮਝ ਨਾ ਆਈ
ਨਾਲ਼ ਸੀ ਈਡੀ, ਸੀਬੀ ਆਈ

ਆਖਣ 'ਸਾਨੂੰ ਫੋਨ ਏ ਆਇਆ
ਤੂੰ ਟਮਾਟਰ ਦਾ ਤੜਕਾ ਲਾਇਆ'

ਐਨੇ ਪੈਸੇ ਦਸ ਕਿਥੋਂ ਆਏ
ਜਿਸ ਨਾਲ਼ ਤੂੰ ਟਮਾਟਰ ਲਿਆਏ

ਚਿੱਟਾ ਵੇਚਦਾਂ ਜਾਂ ਕੇ ਕਾਲ਼ਾ
ਕਰਦੈਂ ਦਸ ਕੀ ਘਾਲਾਮਾਲਾ

ਜਾਂ ਦਾਊਦ ਨਾਲ਼ ਜੁੜੀਆਂ ਤਾਰਾਂ
ਕੀ ਨੇ ਚਲਦੀਆਂ ਨੇ ਬੱਸਾਂ ਕਾਰਾਂ

ਕੀ income ਦਾ source ਤੇਰਾ
ਜਿਹੜਾ ਕੱਢਿਆ ਐਡਾ ਜੇਰਾ

ਥੱਪੜ ਕੰਨ ਤੇ ਧਰਿਆ ਮੇਰੇ
ਡਿੱਗਿਆ ਢੱਲੇ ਖਾਕੇ ਗੇੜੇ

ਐਨੇ ਅੱਖ ਖੁੱਲ ਗਈ ਮੇਰੀ
ਸ਼ੁਕਰ ਆ ਰੱਬਾ ਹੋਈ ਨਾ ਦੇਰੀ

ਨਹੀਂ ਤਾਂ ਫੜਕੇ ਲੈ ਜਾਣਾ ਸੀ
ਨਵਾਂ ਸਿਆਪਾ ਪੈ ਜਾਣਾ ਸੀ

ਦੇਖੋ ਕਿਵੇਂ ਸਟੋਰਾਂ ਵਾਲ਼ੇ
ਕਰਨ ਕਿਸਾਨ ਨਾਲ਼ ਘਾਲੇਮਾਲੇ

ਫਸਲ ਜਦੋਂ ਵੀ ਮੰਡੀ ਆਉਂਦੀ
ਕੌਡੀ ਨਾ ਕੋਈ ਕੀਮਤ ਪਾਉਂਦੀ

ਅੰਨਦਾਤੇ ਦੀ ਲੁੱਟ ਕਮਾਈ
ਕਰ ਜਾਂਦੇ ਨੇ ਆਪ ਕਮਾਈ

ਤਾਂਹੀ ਖੇਤੀਂ ਟੰਗੀਆਂ ਲਾਸ਼ਾ
ਪੱਲੇ ਕਰਜੇ ਜਾਂ ਸਲਫਾਸਾਂ

ਦੇਸ਼ ਮੇਰੇ ਦੇ ਪਹਿਰੇਦਾਰੋ
ਕੁਝ ਤਾਂ ਹੱਥ ਸ਼ਰਮ ਨੂੰ ਮਾਰੋ

ਹੁੰਦੀ ਕਿਰਤ ਦੀ ਲੁੱਟ ਘਟਾਓ
ਅੰਨਦਾਤੇ ਦੀ ਜਾਨ ਬਚਾਓ
ਅੰਨਦਾਤੇ ਦੀ ਜਾਨ ਬਚਾਓ



ਸੋਨੂੰ ਮੰਗਲੀ
ਪਿੰਡ ਮੰਗਲ਼ੀ ਟਾਂਡਾ, ਲੁਧਿਆਣਾ

## ਕਵਿਤਾ

ਸੱਚੀ ਮਿੱਠੀ ਆਪਣੀ ਜ਼ੁਬਾਨ ਕਰੀਏ
ਪੈਸੇ ਉੱਤੇ ਬਹੁਤਾ ਨਾ ਜੀ ਮਾਣ ਕਰੀਏ

ਛੱਡ ਜਾਣੇ ਘਰ ਸਭ ਭਰੇ ਭਰਾਏ
ਐਵੇਂ ਨਾ ਖੋਟਾ ਅਪਣਾ ਈਮਾਨ ਕਰੀਏ

ਯਾਰੀ ਹੁੰਦੀ ਵਿਸ਼ਵਾਸ ਤੇ ਜੀ ਟਿਕੀ
ਇਹਦੇ ਵਿੱਚ ਕਦੇ ਵੀ ਨਾ ਕਾਣ ਕਰੀਏ

ਉਦਾਸੇ ਚਿਹਰਿਆਂ 'ਚ ਮੁਸਕਾਨ ਭਰੀਏ
ਨਿੱਕੇ ਵੱਡਿਓ ਜਿੰਦ ਮਿਹਰਬਾਨ ਕਰੀਏ

ਯਾਰ ਹੁੰਦਾ ਨਿਰਾ ਹੀ ਖ਼ੁਦਾ ਵਰਗਾ
ਉਸ ਤੋਂ ਹੱਸ ਜਾਨ ਕੁਰਬਾਨ ਕਰੀਏ

ਚਾਦਰ ਵੇਖ 'ਰੇਨੂੰ' ਜੀ ਪੈਰ ਧਰੀਏ
ਮੁਸੀਬਤ 'ਚ ਨਾ ਆਪਣੀ ਜਾਨ ਕਰੀਏ।



-ਡਾ. ਰਜਿੰਦਰ ਰੇਨੂੰ

## ਸਤਰੰਗੀ ਪੀਂਘ

ਨੀਲਾ ਪੀਲਾ ਲਾਲ ਜਾਮਨੀ,
ਪੰਜਵਾਂ ਰੰਗ ਅਸਮਾਨੀ।
ਛੇਵਾਂ ਹਰਾ ਸੰਤਰੀ ਸੱਤਵਾਂ
ਗੱਲ ਤੂੰ ਪੱਕੀ ਜਾਣੀ।
ਮਿਲ ਕੇ ਸੱਤ ਸਫ਼ੈਦ ਬਣ ਗਿਆ,
ਲਗਦੀ ਏ ਬਹੁਰੰਗੀ ਪੀਂਘ
ਔਹ ਦੇਖੋ ਸਤਰੰਗੀ ਪੀਂਘ।

ਮੀਂਹ ਪਿੱਛੋਂ ਪਾਣੀ ਦੀਆਂ ਬੂੰਦਾਂ
ਹਵਾ ਵਿੱਚ ਜਦ ਲਟਕਣ।
ਸੂਰਜ ਦੀ ਲਿਸ਼ਕੋਰ ਨਾਲ ਫੇਰ
ਵਿੱਚ ਅਕਾਸ਼ ਦੇ ਲਿਸ਼ਕਣ।
ਕੋਈ ਇੰਦਰ ਧਨੁਸ਼ ਆਖਦਾ,
ਕੋਈ ਬੁੜੀ ਦੀ ਟੰਗੀ ਪੀਂਘ।
ਔਹ ਦੇਖੋ...

ਸਾਇੰਸ ਰੂਮ ਵਿੱਚ ਪ੍ਰਿਜ਼ਮ ਨਾਲ ਮੈਂ,
ਦੇਖੇ ਵੱਖ ਵੱਖ ਰੰਗ।
ਸਭ ਰੰਗਾਂ ਨੂੰ ਦੇਖਣ ਦੇ ਲਈ,
ਹੋਰ ਵੀ ਦੱਸੇ ਸਾਨੂੰ ਢੰਗ।
ਸ਼ੀਸ਼ਿਆਂ ਦੇ ਟੁਕੜਿਆਂ ਨਾਲ ਦਿਖਦੀ
ਪਾਣੀ ਵਿਚ ਬਹੁਰੰਗੀ ਪੀਂਘ।
ਔਹ ਦੇਖੋ...

ਧਰਮ ਮਜ਼ਹਬ ਦੇ ਠੇਕੇਦਾਰਾਂ
ਰੰਗ ਵੀ ਸਾਡੇ ਵੰਡੇ।
ਮਾਨਵਤਾ ਦੇ ਰਸਤੇ ਦੇ ਵਿੱਚ,
ਇੰਝ ਨਾ ਬੀਜੋ ਕੰਡੇ।
ਰੰਗਾਂ ਖਾਤਰ ਕਤਲ ਜੇ ਹੋਗੇ,
ਬਣ ਜਾਣੀ ਬਦਰੰਗੀ ਪੀਂਘ।
ਔਹ ਦੇਖੋ...

ਗੋਰੇ ਕਾਲੇ ਰੰਗ ਦੇਖ ਨਾ
ਗੁਣਾਂ ਦੇ ਰੰਗ ਪਛਾਣ।
ਗੁਣਾਂ ਨਾਲ ਵਡਿਆਈ ਮਿਲਣੀ,
ਇਹੋ ਦੇਣ ਸਨਮਾਨ।
ਇਕ ਦੂਜੇ ਲਈ ਬਣੋ ਸਹਾਰਾ,
ਮਾਨਵਤਾ ਦੀ ਟੰਗੀ ਪੀਂਘ।
ਔਹ ਦੇਖੋ...

ਰੰਗ ਨਾ ਹੁੰਦੇ ਦੁਨੀਆਂ ਸਾਰੀ,
ਫਿੱਕੀ ਫਿੱਕੀ ਲਗਦੀ।
ਰੰਗਾਂ ਨਾਲ ਰੰਗੀਨ ਜ਼ਿੰਦਗੀ,
ਫੁੱਲਾਂ ਵਾਂਗ ਟਹਿਕਦੀ।
ਕੁਦਰਤ ਤੋਂ ਰੰਗ ਲੈ ਉਧਾਰੇ,
ਪ੍ਰੇਮ ਪਿਆਰ ਵਿੱਚ ਰੰਗੀ ਪੀਂਘ।
ਔਹ ਦੇਖੋ...



ਮਾਸਟਰ ਪ੍ਰੇਮ ਸਰੂਪ ਛਾਜਲੀ
9417134982

## ਰੁੱਖ ਦੀ ਦਰਦ ਭਰੀ ਪੁਕਾਰ

ਢੱਕ ਲੈਂਦਾ ਸੀ ਮੀਂਹ ਹਨੇਰੀਆਂ ਤੋਂ ਪੰਛੀਓ ਓਏ,
ਆਪਣੇ ਕੋਮਲ ਪੱਤਿਆਂ ਦੀ ਚਾਦਰ ਔੜ ਕੇ ਮੈਂ,
ਪਰ ਮੇਰਾ ਹੀ ਦੁਸ਼ਮਣ ਇਨਸਾਨ ਬਣ ਗਿਆ?

ਚੁੱਕ ਤਿੱਖਾ ਕੁਹਾੜਾ ਓ ਸਿੱਧਾ ਆਇਆ ਕੋਲ ਮੇਰੇ,
ਸਮਾਂ ਲਾਇਆ ਨਾ, ਵੱਢਕੇ ਛੱਡ ਗਿਆ, ਰੋਂਦਿਆਂ ਨੂੰ,
ਮਾਨੋਂ ਮੰਨਿਆ ਆਪ ਨੂੰ, ਕਿ ਬਲਵਾਨ ਬਣ ਗਿਆ!

ਇੱਕ ਨਾ ਇੱਕ ਦਿਨ, ਉਹ ਸੋਚੇਗਾ ਜਰੂਰ ਆਖਰ,
ਕਰ ਬੈਠਾ ਕੀ, ਆਪਣੀ ਅਕਲ ਤੇ, ਪਾ ਪਰਦਾ,
ਰੁੱਖ ਵੱਢਣਾ ਮੇਰੇ ਲਈ, ਮੇਰਾ ਨੁਕਸਾਨ ਬਣਗੇ

ਪਰ ਉਦੋਂ ਤਾਂ, ਹੋ ਚੁੱਕੀ ਹੋਵੇਗੀ, ਦੇਰ ਬਹੁਤ ਜਿਆਦਾ,
ਗੰਦਗੀ ਭਰੀ ਫਿਜ਼ਾ ਵਿੱਚ, ਵਿਚਰਦਿਆਂ ਐ ਬੰਦੇ,
ਕਰ ਸਕੇਂਗਾ, ਨਾ ਕੁਝ ਵੀ, ਤੂੰ ਆਪਣੇ ਲਈ ਉਦੋਂ:

ਆਉਣ ਵਾਲੀਆਂ, ਨਸਲਾਂ ਨੇ, ਕਰਨਾ ਨਾ ਮਾਫ਼ ਤੈਨੂੰ,
ਉਨ੍ਹਾਂ ਕੋਸਣਾ ਹੈ 'ਬੁਜਰਕ' ਏਹ ਕਹਿੰਦਿਆਂ ਨੇ,
ਵੱਢ ਰੁੱਖਾਂ ਨੂੰ ਸਾਡੇ ਲਈ ਬੇ-ਈਮਾਨ ਬਣ ਗਿਆ!!!

ਹਰਮੇਲ ਸਿੰਘ ਧੀਮਾਨ

## ਗ਼ਜ਼ਲ

ਕਾਸ਼! ਕਿਤੇ ਮਿਲ ਜਾਵੇ ਰੁਸਿਆ,
ਮੇਰੀ ਰੂਹ ਦਾ ਗੀਤ ਉਹੋ
ਜੋਬਨ ਦੀ ਰੁੱਤ ਵਰਗਾ ਤੁਰਿਆ,
ਜੋ ਮਰਜਾਣਾ ਮੀਤ ਓਹੋ
ਕਾਸ਼ ! ਕਿਤੇ ਮਿਲ ਜਾਵੇ...

ਰਾਂਝਣ ਬਾਝੋ ਕੀ ਏ ਜੀਣਾ,
ਬਸ ਹਿਜਰਾਂ ਅੰਦਰ ਸੜਨਾ
ਏ ਤਾਂ ਰੂਹ ਦੀ ਰੂਹ ਹੀ ਜਾਣੇ,
ਹੈ ਕੀ ਰਮਜ਼ ਪਰੀਤ ਉਹੋ
ਕਾਸ਼ ! ਕਿਤੇ ਮਿਲ ਜਾਵੇ...

ਝਲਕ ਦਿਖਾਕੇ ਸੀਰਤ ਦੀ ਓਹ,
ਬਸ ਪਲਕ ਝੁਪਾ ਤੁਰ ਜਾਵੇ
ਵਿਲਕ ਵਿਲਕ ਮਰਜਾਂ ਜਦ ਆਵੇ,
ਸੁਪਨੇ ਵਿੱਚ ਅਤੀਤ ਉਹੋ
ਕਾਸ਼ ! ਕਿਤੇ ਮਰ ਜਾਵੇ...

ਰੂਪ ਸੁਨਿਹਰੀ ਚੰਨੋ ਸੋਹਣਾ,
ਹੈ ਸੂਰਜ ਕੀ ਉਸ ਸਾਹਵੇਂ
ਉਸ ਵਰਗਾ ਕੋਈ ਹੋਰ ਨਹੀਂ,
ਹੈ ਸ਼ੀਤਲ ਤੋਂ ਸ਼ੀਤ ਉਹੋ
ਕਾਸ਼! ਕਿਤੇ ਮਿਲ ਜਾਵੇ...

ਗੋਪਾਲ ਸੁਆਮੀ ਕਾਨ੍ਹਾ ਓਹੀ,
ਓਹੀ ਦਿਲ ਦਾ ਮਹਿਰਮ
ਇਸ਼ਕ ਨਿਆਰਾ ਸਾਹਵਾਂ ਵਰਗਾ,
ਪਾਕਿ-ਅੱਲਾਹ ਪ੍ਰਤੀਤ ਉਹੋ
ਕਾਸ਼! ਕਿਤੇ ਮਿਲ ਜਾਵੇ...

ਕਲ-ਕਲ ਕਰਦੇ ਚਸ਼ਮੇ ਵਰਗਾ,
ਹੈ ਜਿਉਂ ਸ਼ਬਨਮ ਦਾ ਮੋਤੀ
ਉਹ ਪਾਣੀ ਮੈਂ ਮਛਲੀ ਵਰਗਾ,
ਤੜਫ ਤਰੇਹ ਹੈ ਨੀਤ ਉਹੋ
ਕਾਸ਼ ! ਕਿਤੇ ਮਿਲ ਜਾਵੇ...

ਕਾਫ਼ ?ਰ ਕਹਿ ਜਾਂ ਮੋਮਨ 'ਬਾਲੀ',
ਜਾਂ ਪਾਗ਼ਲ ਆਖ ਸ਼ੁਦਾਈ
ਉਸ ਦੇ ਬਾਝੋਂ ਖ਼ਾਕ ਜਿਹਾ ਹਾਂ,
ਮੱਕਾ, ਹੱਜ, ਮਸੀਤ ਉਹੋ
ਕਾਸ਼!! ਕਿਤੇ ਮਿਲ ਜਾਵੇ



ਬਲਜਿੰਦਰ ਸਿੰਘ 'ਬਾਲੀ ਰੇਤਗੜ੍ਹ'
9465129168

## ਔਰਤ

ਭਾਵੇਂ ਹਰ ਬੰਦੇ ਨੂੰ
ਇਹ ਪਤਾ ਹੈ
ਕਿ ਮੇਰੇ ਬਿਨਾਂ
ਉਸ ਦਾ ਨਾ ਘਰ 'ਚ ਸਰਦਾ ਹੈ,
ਨਾ ਬਾਹਰ ਸਰਦਾ ਹੈ।
ਪਤਾ ਨਹੀਂ ਫਿਰ ਵੀ ਕਿਉਂ
ਹਰ ਬੰਦਾ ਆਪਣੇ ਆਪ ਨੂੰ
ਨੌ ਲੱਖਾ ਹਾਰ ਸਮਝੇ
ਤੇ ਮੈਨੂੰ ਆਪਣੇ ਆਪ ਤੇ
ਬੇਲੋੜਾ ਭਾਰ ਸਮਝੇ।



ਮਹਿੰਦਰ ਸਿੰਘ ਮਾਨ
9915803554

## ਠਗ ਲਿਆ ਜੱਗ ਸਾਰਾ

ਧੂਮ ਧੜੱਕਾ ਸ਼ੋਸ਼ੇਬਾਜ਼ੀ ਕਰਕੇ ਕੂੜ ਪਸਾਰਾ।
ਭੱਲ ਖੱਟ ਲਈ ਪਰਦੇ ਹੇਠਾਂ ਠਗ ਲਿਆ ਜੱਗ ਸਾਰਾ।

ਕਿਸੇ ਨੂੰ ਕੋਈ ਪਤਾ ਨਾ ਲੱਗਾ ਕੀ ਵਰਤਿਆ ਭਾਣਾ
ਰਹਿ ਗਏ ਆਪ ਤਾੜੀਆਂ ਜੋਗੇ ਲੈ ਗਏ ਹੋਰ ਨਜ਼ਾਰਾ।

ਸਿਖਰ ਦੁਪਹਿਰੇ ਰਾਤ ਹੋ ਗਈ ਖ਼ਲਕਤ ਸੁਪਨੇ ਵੇਖੇ
ਸ਼ਾਹੀ ਮਹਿਲਾਂ 'ਚ ਵਾਸਾ ਲੱਗੇ ਸਿਰ 'ਤੇ ਢੱਠਿਆ ਢਾਰਾ।

ਲਾਲੀਪੌਪ ਹੱਥ ਲਈ ਛੁਣਛੁਣਾ ਅਜੀਬ ਪ੍ਰੀਤ ਨਿਸ਼ਾਨੀ
ਨੰਗ ਭੁੱਖ ਨੂੰ ਢਕਣ ਲਈ ਸੇਵਕਾਂ ਗੱਲ ਪਾ ਲਿਆ ਗਰਾਰਾ।

ਐਰਾ, ਗੈਰਾ, ਨੱਥੂ ,ਖ਼ੈਰਾ ਹੁੰਦੇ ਪਏ ਪੱਗੋ ਲੱਥੀ
ਕਿਸੇ ਨੂੰ ਕੋਈ ਪਤਾ ਨਾ ਲੱਗਾ ਕਿਸ ਲੁੱਟਿਆ ਤਖ਼ਤ ਹਜ਼ਾਰਾ।

ਬੜੇ ਜਾਝੀ ਜੋ ਖੇੜਿਆਂ ਵਾਲੇ ਫਿਰਦੇ ਹੱਥ ਲਟਕਾਈਂ
ਖ਼ੁਸੀ ਖ਼ੁਸ਼ੀ ਨੂੰ ਦੱਸਣ ਕਿੰਦਾਂ ਹਰ ਲਫ਼ਜ਼ ਹੋ ਗਿਆ ਭਾਰਾ।

ਮਾਰ ਕੇ ਧੱਕਾ ਕੋਲੋਂ ਲੰਘ ਗਏ ਫੜਦੇ ਫਿਰਨ ਪਰਛਾਵੇਂ
ਹੁਣ ਕਿਸੇ ਨੇ ਹੱਥ ਨਹੀਂ ਆਉਣਾ ਸਾਂਝੋ ਚੜ੍ਹਿਆ ਪਾਰਾ।

\- ਡਾ. ਮੇਹਰ ਮਾਣਕ

## ਗ਼ਜ਼ਲ

ਦਰਦ ਪੀਣੇ, ਸਿੱਖ ਰਿਹਾ ਹਾਂ।
ਜ਼ਖ਼ਮਾਂ ਦੇ, ਨਿਜ਼ਾਮ ਵਿਚ।
ਇੱਕ ਚੀਕ, ਮੇਰੀ ਵੀ ਰੁਲ ਗਈ।
ਕੂਕਾਂ ਦੇ, ਕੋਹਰਾਮ ਵਿਚ।

ਘੁੱਟ ਲਹੂ ਦਾ, ਪੀ ਗਿਆ।
ਸ਼ਾਇਦ ਦਰਦ, ਹਲਕਾ ਕਰੇ।
ਆਖ਼ਰ ਨੂੰ, ਚੁੱਪ ਤਿੜਕ ਪਈ,
ਇਖ਼ਲਾਕ ਦੇ, ਇਲਜ਼ਾਮ ਵਿਚ।

ਹਨੇਰਿਆਂ ਵਿਚ, ਜੁਗਨੂੰਆਂ ਦੀ।
ਰੋਸ਼ਨੀ, ਧੋਖਾ ਨਿਰਾ।
ਸੂਰਜਾਂ ਨੂੰ, ਪੂਜਦਾ।
ਕੋਈ ਨਾ ਫਿਰ, ਜਹਾਨ ਵਿਚ।



ਜਸਪਾਲ ਜੱਸੀ

## ਤੂੰ ਸੋਚ

ਰਾਤ ਨੂੰ ਪੜ੍ਹਨ ਤੋਂ ਬਾਅਦ
ਪਹਿਲਾਂ ਵਾਂਗ ਹੀ ਸੌਂਦਾ ਹਾਂ
ਪਰ ਬਹੁਤਾ ਚਿਰ ਨਹੀਂ
ਤੇਰੀ ਯਾਦ ਸਿਰਹਾਣੇ ਆ ਬੈਠ ਜਾਂਦੀ ਹੈ
ਫਿਰ ਸਾਰੀ ਰਾਤ
ਯਾਦ ਤੇਰੀ ਨਾਲ ਗੱਲਾਂ ਦਾ
ਕਰਦਿਆਂ ਲੰਘਦੀ ਹੈ

ਤੇਰੇ 'ਗੁੱਡ ਨਾਈਟ' ਕਹਿਣ ਤੇ
ਮੈਂ ਟੋਕਦਾ ਸਾਂ
'ਮੈਨੂੰ ਵਿੱਛੜਨ ਤੋਂ ਡਰ ਲੱਗਦਾ ਹੈ'
ਪਰ ਹੁਣ ਤਾਂ ਤੇਰੇ ਬਿਨ
ਦਿਨ ਵੀ ਗੁਜ਼ਰ ਜਾਂਦਾ ਹੈ
ਤੇ ਰਾਤ ਵੀ
ਉਦਾਸੀ ਨਾਲ ਠਰੀ ਹੋਈ

ਜਦੋਂ ਮਿਲਦੇ ਸਾਂ
ਤਦ ਸਾਡੇ ਕੋਲ
ਬਹੁਤੇ ਹੁੰਦੇ ਸੀ ਰੋਸੇ ਤੇ ਸ਼ਿਕਵੇ
ਹੁਣ ਵਿੱਛੜ ਗਏ ਤਾਂ
ਦਿਲ ਵਿੱਚ ਬੇਸ਼ੁਮਾਰ ਮੁਹੱਬਤ ਹੈ
ਪਰ ਮੁਲਾਕਾਤ ਨਹੀਂ

ਤੂੰ ਕਹਿੰਦੀ ਸੀ
'ਗੱਲਾਂ ਕਰਦੇ ਰਿਹਾ ਕਰੋ'
ਖੌਰੇ ਤੈਨੂੰ ਮੇਰੀਆਂ ਗੱਲਾਂ ਚੰਗੀਆਂ ਲੱਗਦੀਆਂ ਸਨ
ਮੈਂ ਤੇਰੇ ਲਈ 'ਬਿਜੀ ਬੰਦਾ' ਹੀ ਬਣਿਆ ਰਿਹਾ
ਹੁਣ ਜਦ ਫ਼ੁਰਸਤ ਮਿਲੀ
ਗੱਲ ਸੁਣਨ ਵਾਲਾ ਕੋਈ ਨਹੀਂ

ਸਾਨੂੰ ਇਤਰਾਜ਼ ਸੀ
ਇੱਕ ਦੂਜੇ ਦੇ ਹੱਸਣ ਬੋਲਣ ਤੇ
ਕਿਸੇ ਕੋਲ ਖੜ੍ਹਨ ਬੈਠਣ ਤੇ
ਹੁਣ ਦੋਵੇਂ ਕਿਸੇ ਹੋਰ ਦੇ ਹੋ
ਕੇ ਰਹਿ ਜਾਵਾਂਗੇ
ਤਾਂ ਦੱਸ ਕਿਵੇਂ ਸਹਾਰਾਂਗੇ?



ਜਗਤਾਰ ਸਿੰਘ ਹਿੱਸੋਵਾਲ
-9878330324

## ਗ਼ਜ਼ਲ

ਦਿਲ ਸੱਜਣਾਂ 'ਤੇ ਵਾਰੀ ਜਾਈਏ, ਥੋੜ੍ਹੇ ਦਿਨ ਤੋਂ।
ਸਭ ਕੁੱਝ ਅਪਣਾ ਹਾਰੀ ਜਾਈਏ, ਥੋੜ੍ਹੇ ਦਿਨ ਤੋਂ।

ਕਲ੍ਹ ਤਕ ਸੀ ਜੋ ਰਿਹਾ ਅਜ਼ਨਬੀ, ਪਰ, ਹੁਣ ਉਸਨੂੰ,
ਸਾਹਾਂ ਨਾਲ ਚਿਤਾਰੀ ਜਾਈਏ, ਥੋੜ੍ਹੇ ਦਿਨ ਤੋਂ,

ਦਿਨ ਵਿਚ ਕਿੰਨੀ ਵਾਰੀ, ਸ਼ੀਸ਼ੇ ਅੱਗੇ ਖੜ੍ਹ ਕੇ,
ਚਿਹਰਾ ਪੱਗ ਸਵਾਰੀ ਜਾਈਏ, ਥੋੜ੍ਹੇ ਦਿਨ ਤੋਂ।

ਉਸ ਸੋਹਣੇ ਦੀ ਸੋਹਣੀ ਸੂਰਤ, ਸੀਨੇ ਲਾ ਕੇ,
ਤਪਦਾ ਹਿਰਦਾ ਠਾਰੀ ਜਾਈਏ, ਥੋੜ੍ਹੇ ਦਿਨ ਤੋਂ।

ਉਸਦੇ ਨੇੜੇ ਜਾਣੋਂ ਹਾਲੇ, ਡਰ ਲੱਗਦਾ ਹੈ,
ਖੜ੍ਹ ਕੇ ਦੂਰ ਨਿਹਾਰੀ ਜਾਈਏ, ਥੋੜ੍ਹੇ ਦਿਨ ਤੋਂ।

ਬਦਨ ਬਗੀਚੀ ਮਹਿਕੇ, ਉਸਦੀ ਆਮਦ 'ਤੇ ਹੁਣ,
ਬਣਦੇ ਇਸ਼ਕ ਪੁਜਾਰੀ ਜਾਈਏ, ਥੋੜ੍ਹੇ ਦਿਨ ਤੋਂ।

ਜੀਅ ਨੀ ਲੱਗਦਾ ਕਿਉਂ ਹੁਣ, 'ਬੋਪਾਰਾਏ' ਬਾਝੋਂ,
ਬਹਿ ਕੇ ਸੋਚ ਵਿਚਾਰੀ ਜਾਈਏ, ਥੋੜ੍ਹੇ ਦਿਨ ਤੋਂ।

ਭੁਪਿੰਦਰ ਸਿੰਘ ਬੋਪਾਰਾਏ

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD